# ਸ੍ਰੀ ਦੇਵੀ ਨਿਰਨਯ

ਕਰਤਾ

ਸ਼ਿਵਰਾਮ ਦਾਸ ਉਦਾਸੀਨ ਚੱਕਰ ਵਰਤੀ

ਪ੍ਰਕਾਸ਼ਕ

ਮੁਰਾਰੀ ਲਾਲ ਨਾਂਗਪਾਲ

(ਸਹਿਜਧਾਰੀ ਸਿੱਖ)

ਸ੍ਰੀ ਕਰਨ ਪੁਰ (ਰਾਜਸਥਾਨ)

ਭੇਟਾ ਪ੍ਰੇਮ ਸੇ ਪਾਠ

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

( ੳ )

# ਸੂਚਨਾਂ

ਮੇਰੇ ਪਿਛਲੇ ਪਿੰਡ ਮੌਸਮਵਾਲਾ ਰਿਆਸਤ ਬਹਾਵਲ ਪੁਰ ਵਿਚ ਭਾਈ ਬਹਾਦਰ ਸਿੰਘ ਜੀ ਗੁਰਦੁਵਾਰੇ ਵਿਚ ਸੂਰਜ ਪ੍ਰਕਾਸ਼ ਦੀ ਕਥਾ ਕਰਦੇ ਹੁੰਦੇ ਸਨ ਸੂਰਜ ਪ੍ਰਕਾਸ਼ ਦੀ ਕਥਾ ਵਿਚ ਸ੍ਰੀ ਦਸਮੇਸ਼ ਜੀ ਨੇ ਦੇਵੀ ਮਨਾਈ ਦਾ ਪ੍ਰਸੰਗ ਭੀ ਸੁਣਿਆ ਇਹ ਭੀ ਸੁਣਿਆ ਸੀ ਕਿ ਦੇਵੀ ਗੁਰੂ ਜੀ ਦੇ ਅਸਥਾਨ ਉਤੇ ਝਾੜੂ ਫੇਰਦੀ ਹੁੰਦੀ ਸੀ ਅਤੇ ਫਿਰ ਸ੍ਰੀ ਦਸਮੇਸ਼ ਜੀ ਦੇ ਸਿੱਖਾਂ ਨੂੰ ਸੀਤਲਾ ਦੇ ਪ੍ਰਸ਼ਾਦਿ ਖਾਣ ਤੋਂ ਰੋਕਣ ਦਾ ਪ੍ਰਸੰਗ ਭੀ ਸੁਣਿਆ, ਥੋੜੇ ਸਮੇਂ ਤੋਂ ਉਪ੍ਰੰਤ ਮੈਨੂੰ ਸ੍ਰੀ ਭਾਗ ਮਲ ਜੀ ਕ੍ਰਿਤ ਗੁਰਮਤ ਦਰਸ਼ਨ ਪੁਸਤਕ ਪੜ੍ਹਨ ਦਾ ਸਮਾਂ ਮਿਲਿਆ ਜਿਸ ਵਿਚ ਸ੍ਰੀ ਦੇਵੀ ਜੀ ਦਾ ਖੰਡਨ ਸਿਧ ਕੀਤਾ ਹੋਇਆ ਸੀ ਜਿਸ ਕਰਕੇ ਮੇਰੇ ਮਨ ਅੰਦਰ ਕਈ ਤਰ੍ਹਾਂ ਦੇ ਸੰਸੇ ਉਤਪੰਨ ਹੋਣ ਲਗ ਪਏ ।

ਫਿਰ ਮੈਨੂੰ ਸ੍ਰੀ ਸੁਵਾਮੀ ਸ਼ਿਵਰਾਮ ਦਾਸ ਜੀ ਉਦਾਸੀਨ ਚਕਰਵਰਤੀ ਜੀ ਦੇ ਦਰਸ਼ਨ ਹੋ ਗਏ ਤੇ ਉਪ੍ਰੋਕਤ ਪ੍ਰਸ਼ਨ ਮੈਂ ਉਹਨਾਂ ਅਗੇ ਕੀਤੇ ਤਾਂ ਉਹਨਾਂ ਨੇ ਗੁਰਮੱਤ ਦਰਸ਼ਨ ਵਿਚ ਕੀਤੇ ਗਏ ਪ੍ਰਸ਼ਨਾਂ ਉਤਰਾਂ ਦਾ ਯੁਕਤੀ ਯੁਕਤ ਪ੍ਰਮਾਣਾਂ ਸਹਿਤ ਨਿਰਣਯ ਕੀਤਾ ਉਹ ਸ੍ਰੀ ਦੇਵੀ ਨਿਰਣਯ ਪੁਸਤਕ ਛਾਪਕੇ ਮੈਂ ਮੁਫਤ ਪਾਠਕਾਂ ਦੀ ਭੇਟ ਕਰ ਰਿਹਾ ਹਾਂ ਤਾਂਕੇ ਜਗਿਆਸੂ ਪੜ੍ਹ ਕੇ ਲਾਭ ਉਠਾ ਸਕਣ ।

ਸਾਧ ਸੰਗ੍ਤਿ ਦਾ ਦਾਸ—

ਮੁਰਾਰੀ ਲਾਲ ਨਾਂਗ ਪਾਲ (ਸਹਿਜ ਧਾਰੀ ਸਿੱਖ ਸ੍ਰੀ ਕਰਨ ਪੁਰ)—(ਰਾਜਸਥਾਨ)

Digitized by Panjab Digital Library | www.panjabdigilib.org

# ਪ੍ਰਸ਼ੰਸਾ

ਮਹੰਤ ਭਗਤ ਰਾਮ 'ਮੁਸਾਫਰ' ਐਡੀਟਰ ਮਹਾਤਮਾ, ਅੰਮ੍ਰਿਤਸਰ

ਜਿਸ ਸਮੇਂ 'ਸ੍ਰੀ ਦੇਵੀ ਨਿਰਣਯ' ਪੁਸਤਕ ਸਾਖੀ ਪ੍ਰਿੰਟਿੰਗ ਪ੍ਰੈਸ ਅੰਮ੍ਰਿਤਸਰ ਵਿੱਚ ਸ੍ਰੀ ਮੁਰਾਰੀ ਲਾਲ ਜੀ ਛਪਵਾ ਰਹੇ ਸਨ ਤਾਂ ਉਹਨਾਂ ਨੇ ਮੈਨੂੰ ਕਿਹਾ ਕਿ ਆਪ ਇਸ ਪੁਸਤਕ ਨੂੰ ਪੜ੍ਹ ਕੇ ਆਪਣੀ ਰਾਇ ਲਿਖੋ।

ਮੈਂ ਦੇਵੀ ਦੇ ਸਬੰਧ ਵਿੱਚ ਅੱਗੇ ਭੀ ਕਈ ਪੁਸਤਕਾਂ ਪੜ੍ਹ ਚੁੱਕਾ ਸੀ। ਮੈਨੂੰ ਬੜੀ ਦੇਰ ਤੋਂ ਇਸ ਗੱਲ ਨਾਲ ਦਿਲ ਚਸਪੀ ਸੀ। ਮੈਂ ਇਸ ਸ੍ਰੀ ਦੇਵੀ ਨਿਰਣਯ ਪੁਸਤਕ ਨੂੰ ਬੜੇ ਗਹੁ ਨਾਲ ਪੜ੍ਹਿਆ ਤੇ ਵਿਚਾਰਿਆ। ਇਸ ਤੋਂ ਪਹਿਲੇ ਕਈ ਪੁਸਤਕਾਂ ਦੇਵੀ ਦੇ ਸਬੰਧ ਵਿੱਚ ਛਪ ਚੁੱਕੀਆਂ ਹਨ; ਜਿਨ੍ਹਾਂ ਵਿਚ ਸ਼ਬਦਾਂ ਦੇ ਅਰਥਾਂ ਨੂੰ ਬੜੇ ਵਿੰਗੇ ਟੇਢੇ ਢੰਗ ਨਾਲ ਕਰਕੇ ਅਸਲੀਅਤ ਉਤੇ ਪੜਦਾ ਪਾਉਣ ਦੀ ਕੋਸ਼ਿਸ਼ ਕੀਤੀ ਗਈ ਹੈ ਮਗਰ ਇਸ ਪੁਸਤਕ ਨੂੰ ਪੜ੍ਹਕੇ ਮੇਰੇ ਸਾਰੇ ਭੁਲੇਖੇ ਦੂਰ ਹੋ ਗਏ ਹਨ ਕਿਉਂਕਿ ਸ੍ਰੀ ਸ੍ਵਾਮੀ ਸ਼ਿਵਰਾਮ ਦਾਸ ਜੀ ਮਹਾਰਾਜ ਉਦਾਸੀਨ ਚਕ੍ਰਵਰਤੀ ਨੇ ਜਿਸ ਵਿਦਵਤਾ ਨਾਲ ਇਸ ਪੁਸਤਕ ਨੂੰ ਅੰਕਿਤ ਕੀਤਾ ਹੈ, ਉਸਦੀ ਪਰਸੰਸਾ ਕੀਤੇ ਬਿਨਾਂ ਮੈਂ ਰਹਿ ਨਹੀਂ ਸਕਦਾ। ਸ੍ਰੀ ਸ੍ਵਾਮੀ ਜੀ ਨੇ ਯਥਾਰਥ ਅਰਥ ਕਰ ਕੇ ਇਸ ਪੁਸਤਕ ਵਿਚ ਗੁਰਮਤ ਦੇ ਗ੍ਰੰਥਾਂ ਦੇ ਹੀ ਪ੍ਰਮਾਣ ਦਿਤੇ ਹਨ। ਇਸ ਤੋਂ ਪਹਿਲੇ ਛਪ ਚੁਕੀਆਂ ਪੁਸਤਕਾਂ ਵਿਚ ਜਿਨ੍ਹਾਂ ਸ਼ਬਦਾਂ ਦਵਾਰਾ ਦੇਵੀ ਦਾ ਖੰਡਨ ਕੀਤਾ ਗਿਆ ਸੀ, ਸ੍ਰੀ ਸ੍ਵਾਮੀ ਜੀ ਨੇ ਉਨ੍ਹਾਂ ਹੀ ਸ਼ਬਦਾਂ ਦਵਾਰਾ ਠੀਕ ਤੇ ਜਚਦੇ ਅਰਥ ਕਰਕੇ ਦੇਵੀ ਦਾ ਮੰਡਨ ਕੀਤਾ ਹੈ ਜਿਸ ਕਰਕੇ ਇਹ ਇਕ ਅਦੁੱਤੀ ਪੁਸਤਕ ਪਾਠਕਾਂ ਦੇ ਸਾਹਮਣੇ ਆਈ ਹੈ, ਜਿਸ ਨੂੰ ਪੜ੍ਹ ਕੇ ਹਰ ਪਰੇਮੀ ਲਾਭ ਉਠਾ ਸਕਦਾ ਹੈ।

Digitized by Panjab Digital Library | www.panjabdigilib.org

# ਭੁਲ ਦੀ ਸੋਧ

ਨੋਟ–ਸਫਾ ੨ ਸਤਰ ੧੮ ਵਿਚ ਅੰਸੂ ੩੯ ਦੀ ਥਾਂ ੨੦੦ ਕਾਗਜਾਂ ਪਰ ਅੰਸੂ ੩੬ ਛਪ ਗਿਆ ਹੈ ਉਥੇ ਅੰਸੂ ੩੯ ਪੜ੍ਹੋ।

| ਸਫਾ | ਸਤਰ | ਅਸ਼ੁਧ | ਸ਼ੁਧ |
|---|---|---|---|
| ੧੬ | ੮ | ਜੇ ਮੂਰਤਿ ਸਾਚੀ ਹੈ | ਜੇ ਇਹੁ ਮੂਰਤਿ ਸਾਚੀ ਹੈ |
| ੩੫ | ੧੮ | ਦਸਮ ਗ੍ਰੰਥ ਗੁਰੂ ਸਹਿਬ ਜੀ | ਦਸਮ ਗੁਰੂ ਗ੍ਰੰਥ ਸਾਹਿਬ ਜੀ |
| [illegible] | ੧੮ | ਦੇਵ ਜੀ ਦੇ | ਦੇਵੀ ਜੀ ਦੇ |
| [illegible] | ੧੧ | ਸ੍ਰੀ ਭਾਲ ਜੀ ਦਾ | ਸ੍ਰੀ ਭਾਗ ਮਲ ਜੀ ਦਾ |
| ੯੩ | ੨੦–੨੧ | ਠਾਡ ਮੈ ਭਯੋ ਮੈਂ | ਠਾਡ ਭਯੋ ਮੈਂ |
| ੧੩੬ | ੧੩ | ਸਿਧ ਹੁੰਦਾ ਕਿ | ਸਿਧ ਹੁੰਦਾ ਹੈ ਕਿ |
| ੧੯੫ | ੪ | ਨਾਮੰ ਧ੍ਯਾਨੰ | ਨਾਮੰ ਧਾਨੰ |

Digitized by Panjab Digital Library | www.panjabdigilib.org

# ਮੰਗਲ

ਸਰਵ ਰੂਪ ਮੇਂ ਰਮ ਰਹਿਆ,
ਸਭ ਘਟ ਜਾਨਣ ਕਾਰ।
ਪਰੀ ਪੂਰਨ ਪ੍ਰਮਾਤਮਾਂ,
ਸਭ ਕਾ ਸਿਰਜਨ ਹਾਰ। ੧
ਸਿਮਰਨ ਜਿਸਦਾ ਕੱਟਦਾ,
ਸਭੀ ਕਲੇਸ਼ ਅਪਾਰ।
ਸੱਤ ਬੁੱਧੀ ਪ੍ਰਕਾਸ਼ ਹੋਇ,
ਪ੍ਰਗਟ ਹੋਇ ਵਿਚਾਰ। ੨
ਨਮੋ ਕਰੂੰ ਕਰ ਜੋਰਿ ਕਰਿ,
ਵਿਨਯ ਪ੍ਰੇਮ ਉਰ ਧਾਰ।
ਵਿਦਿਆ ਬਲ ਬੁਧ ਦੇਹੁ ਮੋਹਿ,
ਦਾਸ ਜਾਨ ਕਰਤਾਰ। ੩
ਵੇਵੀ ਨਿਰਣੈ ਕਰੂੰ ਮੈਂ,
ਸਮਝ ਪਰੇ ਮਮ ਸਾਰ।
ਅਸਾਰ ਨਾ ਆਵੇ ਮੋਹਿ ਰਿਦੈ,
ਸਤਜ ਵਸੈ ਵਰ ਵਾਰ। ੪
ਅਨਿਕ ਬਾਰ ਮਮ ਬੰਦਨਾ,
ਸਤਿ ਚਿਤ ਸ੍ਵਾਧਾਰ।
ਕਰੋ ਵਵੇਕ ਪ੍ਰਕਾਸ਼ ਉਰ,
ਹਰੋ ਅਗਿਆਨ ਵਿਕਾਰ। ੫

Digitized by Panjab Digital Library | www.panjabdigilib.org

# ਸ੍ਰੀ ਦੇਵੀ ਨਿਰਣਯ

(੧) **ਪ੍ਰਸ਼ਨ-** ਛਲੇ ਪੁਰਾਣੇ ਖਿਆਲਾਂ ਦੇ ਗੁਣੀ ਸਵਿਆਨੀ ਕਹਿੰਦੇ ਹਨ ਕਿ ਸ੍ਰੀ ਦਸਮੇਸ਼ ਜੀ ਨੇ ਦੇਵੀ, ਾਈ ਹੈ ਅਤੇ ਅੱਜਕਲ ਦੇ ਨਵੇਂ ਖਿਆਲਾਂ ਦੇ ਵਿਦਵਾਨ ਤੇ ਗਿਆਨੀ ਕਹਿੰਦੇ ਹਨ ਕਿ ਸ੍ਰੀ ਦਸਮੇਸ਼ ਜੀ ਨੇ ਦੇਵੀ ੀਂ ਮਨਾਈ ਕੀ ਸੱਚ ਹੈ।

**ਉਤਰ--** ਕਿਸੇ ਧਰਮ ਗਰੰਥਾਂ ਦੇ ਆਸਰੇ ਲਏ ਬਨਾਂ ਕੇਵਲ ਕਿਆਸ ਨਾਲ ਕੋਈ ਨਹੀਂ ਦੱਸ ਸਕਦਾ ਕਿ ਦਸਮੇਸ਼ ਜੀ ਨੇ ਦੇਵੀ ਮਨਾਈ ਹੈ ਜਾਂ ਨਹੀਂ, ਤਾਂਤੇ ਸ ਪ੍ਰਸ਼ਨ ਨੂੰ ਹਲ ਕਰਨ ਵਾਸਤੇ ਕਿਸੇ ਧਰਮ ਗ੍ਰੰਥਾਂ ਦੀ ਖੋਜ ਕਰਨੀ ਜ਼ਰੂਰੀ ਹੈ।

ਸਭ ਤੋਂ ਪਹਿਲਾਂ ਸਿਖ ਧਰਮ ਦਾ ਮੰਨਿਆਂ ਮੰਨਿਆਂ ਜੋ ਗੁਰ ਪ੍ਰਤਾਪ ਸੂਰਯ (ਸੂਰਜ ਪ੍ਰਕਾਸ਼) ਗ੍ਰੰਥ ਉਸਦੀ ਰੁਤ ੫ ਅੰਸੂ ੧ ਕਵਿਤਾ ਅੰਕ ੧੯–੨੦ ਵਿਚ ਲਖਿਆ ਹੈ ਕਿ ਸ੍ਰੀ ਮਾਤਾ ਸਾਹਿਬ ਦੇਵਾਂ ਜੀ ਦੇ ਪਿਤਾ ਆ ਕੇ ਸ੍ਰੀ ਦਸਵੇਂ ਗੁਰੂ ਜੀ ਦੇ ਅਗੇ ਬੇਨਤੀ ਕੀਤੀ ਮੇਰੀ ਕੰਨਿਆਂ ਨੂੰ ਚਰਨੀਂ ਲਾਵੋ, ਤਦ ਗੁਰੂ ਜੀ ਨੇ

Digitized by Panjab Digital Library | www.panjabdigilib.org

ਉਤਰ ਦਿਤਾ "ਇਮ ਬਿਨਤੀ ਸੁਨਿ ਕੈ ਸਿਖ ਕੇਰੀ, ਸ੍ਰੀ ਮੁਖ ਤੇ ਬੋਲੇ ਤਿਸ ਬੇਰੀ ॥ ਜਬ ਕੀ ਹਮ ਦੇਵੀ ਬਿਦਤਾਈ, ਦਰਸ਼ਨ ਕਰਯੋ ਕਾਲਕਾ ਮਾਈ ॥ ਤਬ ਕੋ ਗ੍ਰਹਸਥ ਕਰਨ ਹਮ ਛੋਰਾ, ਬ੍ਰਹਮ ਚਰਜ ਮਹਿ ਨਿਤ ਮਨ ਜੋਰਾ ॥ ਤਥਾ— ਇਸੇ ਗੁਰਪ੍ਰਤਾਪ ਸੂਰਯ ਦੀ ਰੁਤ ੩ ਅੰਸੂ ੩ ਕਵਿਤਾ ਅੰਕ ੫੩–੫੪ ਵਿਚ ਲਿਖਿਆ ਹੈ ਕਿ—ਦੁਰਗਾ ਜਿਨਕੇ ਭਈ ਸਹਾਇ, ਰਣ ਤੇ ਬਿਜੈ ਲਈ ਤਿਨ ਪਾਇ ॥ ਹਮਰੇ ਮਾਤ ਪਿਤਾ ਇਹ ਦੋਊ, ਪੁਰਖ ਅਕਾਲ ਚੰਡਿਕਾ ਜੋਊ ॥ ਇਨਕੀ ਹਮਹੁ ਉਪਾਸਨਾ ਭਾਵੈ, ਅਪ੍ਰਨ ਤੇ ਕ੍ਰਿਆ ਕਰ ਮਹਿ ਪਾਵੈ ॥ ਔਰ ਸੌ ਸਾਖੀ ਦੀ ਸਾਖੀ ੧੭ ਵਿਚ ਸ੍ਰੀ ਦੇਵੀ ਪ੍ਰਗਟ ਕੀਤੀ ਵੀ ਲਿਖੀ ਹੈ। ਯਥਾ:—ਯਾਮ ਏਕ ਦਿਨ ਘੜੀਆਂ ਚਾਰ, ਜਗ ਮਗ ਪ੍ਰੋਬਤ ਝਮਕੇ ਪਹਾਰ, ਕਿਆ ਦਾਮਨ ਕਿਆ ਸੂਰਜ ਇੰਦਾ ॥ ਦਮਕਿਉ ਗਗਨ ਮੂਰਤ ਭੁਏ ਸੰਗਾ, ਮੀਚ ਨੈਨ ਉਠ ਹੂਆ ਠਾਂਡਾ ॥ ਨਿਰਖੀ ਏਕ ਵਾਰ ਮੁਖ ਰਾਂਡਾ, ਤੁਮਹੀ ਤੁਮਹੀ ਬਚਨ ਪ੍ਰਕਾਸਾ ॥ ਧਰਮ ਸਾਚ ਭਯੋ ਆਜ ਨਿਕਾਸਾ.....ਤੁਮਰੀ ਚਾਹ ਪੂਰਨ ਅਬ ਭਈ, ਮੇਰੋ ਕਹਿਓ ਸਾਚ ਦ੍ਰਿੜਈ ॥ ਅਤੇ ਇਹ ਸੌ ਸਾਖੀ ਦੀ ੧੭ ਸਾਖੀ ਦਾ ਪ੍ਰਸੰਗ, ਗੁਰ ਪ੍ਰਤਾਪ ਸੂਰਯ ਰੁਤ ੩ ਅੰਸੂ ੩੯ ਵਿਚ ਵੀ ਲਿਖਿਆ ਹੋਇਆ ਹੈ, ਅਤੇ ਇਹ ਉਪ੍ਰੋਕਤ ਦੇਵੀ ਪ੍ਰਗਟ ਕੀਤੀ ਵਾਲਾ ਪ੍ਰਸੰਗ, ਪੰਥ ਪ੍ਰਕਾਸ਼ ਸੰਮਤ ੧੯੩੬ ਬਿਕ੍ਰਮੀ ਵਿਚ ਛਪੇ, ਛਾਪਾ ਪਥਰੀ ਦੇ ਬਿਸ੍ਰਾਮ ੧੪ ਸਫਾ ੧੩੮ ਤੇ ਵੀ ਹੈ।

ਤਥਾ:—ਸਰਵ ਲੋਹ, ਦੇਧਿਆ ੧ ਛੰਦ ੧੨੫ ਵਿਚ

Digitized by Panjab Digital Library | www.panjabdigilib.org

ਲਿਖਿਆ ਹੈ ਕਿ–ਰੇਮਨ ਭਜ ਤੂੰ ਸਾਰਦਾ ਜਾ ਸਮ ਅਵਰ ਨਾ ਕੋਇ ॥ ਜਿਹ ਸਿਮਰਤ ਕਿਲ ਬਿਖ ਨਸੇ ਅੰਤ ਪਰਮ ਗਤਿ ਹੋਇ ॥ ਤਾਂਤੇ ਇਨ੍ਹਾਂ ਇਤਿਹਾਸਕ ਗ੍ਰੰਥਾਂ ਦੁਆਰਾ ਸਿੱਧ ਹੁੰਦਾ ਹੈ ਕਿ ਸ੍ਰੀ ਦਸਮੇਸ਼ ਜੀ ਨੇ ਦੇਵੀ ਮਨਾਈ ਹੈ।

**(੨) ਪ੍ਰਸ਼ਨ**–ਸ੍ਰੀ ਭਾਗ ਮਲ ਜੀ ਨੇ ਜੋ, ਗੁਰਮਤ ਦਰਸ਼ਨ, ਨਾਮੀ ਪੁਸਤਕ ਲਿਖਿਆ ਹੈ ਉਸਦੇ ਸਫਾ ੮੧–੮੩ ਤੇ ਸ੍ਰੀ ਭਾਗ ਮਲ ਜੀ ਨੇ ਲਿਖਿਆ ਹੈ ਕਿ ਸੂਰਜ ਪ੍ਰਕਾਸ਼, ਦੇ ਕਰਤਾ ਨੇ ਆਪਣੀ ਰਚੀ, ਗਰਬ ਗੰਜਨੀ, ਪੁਸਤਕ ਵਿਚ ਦੇਵੀ ਪ੍ਰਗਟਾਉਣ ਦਾ ਖੰਡਨ ਆਪ ਹੀ ਕੀਤਾ ਹੋਇਆ ਹੈ ਜੋ ਕਿ ਇਕ ਅਨੰਦਘਨ ਨਾਮੇਂ ਸਾਧੂ ਨੇ ਜਪੁਜੀ ਸਾਹਿਬ ਦਾ ਟੀਕਾ ਕੀਤਾ ਜਿਸ ਵਿਚ ਉਸਨੇ, ਗੁਰ ਈਸਰ ਗੁਰ ਗੋਰਖ, ਵਾਲੀ ਤੁਕ ਦੇ ਆਧਾਰ ਤੇ ਸ੍ਰੀ ਗੁਰੂ ਜੀ ਦੇ ਛੇ ਗੁਰੂ ਕਲਪੇ ਜਿਸਤੋਂ ਨਿਰਮਲੇ ਆਦਕ ਸੰਪ੍ਰਦਾਵਾਂ ਦੇ ਵਿਦਵਾਨ ਲੋਕ ਦੁਖੀ ਸਨ ਇਸ ਲਈ ਸੂਰਜ ਪ੍ਰਕਾਸ਼, ਦੇ ਕਰਤਾ ਨੇ ਉਸ ਸਾਧੂ ਨੂੰ ਮੂੰਹ ਤੋੜਵਾਂ ਉੱਤਰ ਇਸ, ਗਰਬ ਗੰਜਨੀ, ਨਾਮ ਦੀ ਪੁਸਤਕ ਵਿਚ ਦਿਤਾ। ਯਥਾ:–ਜੇਕਰ ਆਪਨੋ ਗੁਰ ਬ੍ਰਹਮਾਂ ਕੋ ਮਾਨਤੇ ਸ੍ਰੀ ਗੁਰੂ ਜੀ ਤੋਂ ਐਸੇ ਬ੍ਰਹਮਾਂ ਕੋ ਆਪਣੀ ਬਾਣੀ ਮੇਂ ਨਹੀਂ ਕਹਿਤੇ, ਬ੍ਰਹਮੇ ਗਰਬ ਕੀਆ ਨਹੀਂ ਜਾਨਿਆ,......ਆਦਕ ਤਾਂਤੇ ਉਪ੍ਰੋਕਤ, ਗੁਰ ਪ੍ਰਤਾਪ ਸੂਰਜ (ਸੂਰਜ ਪ੍ਰਕਾਸ਼) ਦੇ ਆਧਾਰ ਤੇ ਸ੍ਰੀ ਦਸਮੇਸ਼ ਜੀ ਨੇ ਦੇਵੀ ਮਨਾਈ ਹੈ ਕਿਵੇਂ ਸੱਚ ਹੈ।

**ਉਤਰ**--ਸ੍ਰੀ ਭਾਗ ਮਲ ਜੀ ਨੂੰ ਇਹ ਪਤਾ ਨਹੀਂ

Digitized by Panjab Digital Library | www.panjabdigilib.org

ਲਗਾ ਕਿ 'ਸੂਰਜ ਪ੍ਰਕਾਸ਼' ਦੇ ਦੇਵੀ ਮਨਾਈ ਵਾਲੇ ਲੇਖ ਨੂੰ, ਗਰਬ ਗੰਜਨੀ, ਦੇ ਲੇਖ ਨਾਲ ਖੰਡਨ ਕਰਨ ਲਗਿਆਂ ਉਨ੍ਹਾਂ ਦਾ ਆਪਣਾ ਲਿਖਿਆ 'ਗੁਰਮਤ ਦਰਸ਼ਨ' ਸਫਾ ੭੬ ਤੇ, ਦੇਵੀ ਕੋਲੋਂ ਵਰ ਮੰਗਨ ਵਾਲੇ ਇੰਦਰ ਆਦਕ ਦੇਵਤੇ ਹਨ, ਇਹ ਲੇਖ ਵੀ ਖੰਡਨ ਹੋ ਜਾਵੇਗਾ, ਕਿਉਂਕਿ ਗਰਭ ਗੰਜਨੀ, ਦੇ ਉਪ੍ਰੋਕਤ ਲੇਖ ਵਿਚ ਲਿਖਿਆ ਹੈ ਕਿ ਮਨ ਨਾਮ ਗੁਰ ਕੋ ਹੈ ਭਾਵ ਇਸਦਾ ਇਹ ਹੈ ਕਿ ਸ੍ਰੀ ਦਸਮੇਸ਼ ਜੀ, ਅਰ ਸਿੱਖ ਹੌ ਆਪਣੇ ਹੀ ਮਨ ਕੋ, ਤੁਕ ਵਿਚ ਫਰਮਾਉਂਦੇ ਹਨ ਕਿ ਮੈਂ ਆਪਣੇ (ਮਨ) ਗੁਰੂ ਦਾ ਹੀ ਸਿਖ ਹਾਂ ਹੋਰ ਕਿਸੇ ਦੇਵੀ ਦੇਵਤੇ ਆਦਿਕਾਂ ਦਾ ਨਹੀਂ।

ਜੇਕਰ ਇਹੋ ਅਰਥ ਠੀਕ ਸੀ ਤਾਂ ਫਿਰ ਸ੍ਰੀ ਭਾਗ ਮਲ ਜੀ ਦਾ ਇਸ ਤੁਕ ਵਾਲੇ ਸਵਯੇ ਦੇ ਜ਼ੁਮੇਂਵਾਰ ਸ੍ਰੀ ਦਸਮੇਸ਼ ਜੀ ਨਹੀਂ ਹਨ ਕਿੰਤੂ ਦੇਵੀ ਕੋਲੋਂ ਵਰ ਮੰਗਣ ਵਾਲੇ (ਦੇਹ ਸਿਵਾ ਵਰ ਮੋਹਿ ਇਹੈ, ਆਦਿਕ ਇਸ ਸਵਯੇ ਵਿਚ) ਇੰਦਰਾਦਿਕ ਦੇਵਤੇ ਹਨ। ਇਹ ਅਰਥ ਠੀਕ ਕਿਵੇਂ ਰਿਹਾ, ਕਿਉਂਕਿ ਇਸ ਸਵਯੇ ਦੀ ਤੁਕ ਵਿੱਚ ਜਦ ਗੁਰੂ ਜੀ ਕਹਿੰਦੇ ਹਨ ਕਿ ਮੈਂ ਆਪਣੇ ਗੁਰੂ ਦਾ ਹੀ ਸਿਖ ਹਾਂ ਭਾਵ ਆਪਣਾ ਹੀ ਜ਼ਿਕਰ ਕਰ ਰਹੇ ਹਨ ਤਾਂ ਇਸ ਸਵਯੇ ਦੇ ਅਰਥ ਦੇ ਜ਼ੁਮੇਂਵਾਰ ਇੰਦਰਾਦਿਕ ਦੇਵਤੇ ਕਿਵੇਂ ਹੋ ਜਾਣਗੇ।

ਬਾਕੀ ਗਰਬ ਗੰਜਨੀ, ਪੁਸਤਕ [ਜੋ ਸੂਰਜ ਪ੍ਰਕਾਸ਼ ਦੇ ਕਰਤਾ ਕਵੀ ਚੂੜਾ ਮਣੀ ਸੰਤੋਖ ਸਿੰਘ ਜੀ ਨੇ ਹੀ ਲਿਖੀ

Digitized by Panjab Digital Library | www.panjabdigilib.org

ਹੈ] ਨੂੰ ਜੇਕਰ ਸ੍ਰੀ ਭਾਗ ਮਲ ਜੀ ਸੂਰਜ ਪ੍ਰਕਾਸ਼, ਨਾਲੋਂ ਵਿਸ਼ੇਸ਼ ਪ੍ਰਮਾਣੀਕ ਮੰਨਦੇ ਹੋਣ ਤਾਂ ਇਹ ਗਰਬ ਗੰਜਨੀ [ਜਪੁਜੀ ਸਾਹਿਬ ਦਾ ਸਾਰਾ ਟੀਕਾ] ਵਿਦਾਂਤ ਪ੍ਰਕ੍ਰਿਯਾ ਦੇ ਅਧੀਨ ਸ੍ਰੀ ਕਵੀ ਜੀ ਨੇ ਲਿਖੀ ਹੋਈ ਹੈ, ਦੇਖੋ ਨਮੂਨੇ ਮਾਤ੍ਰ ਗਰਬ ਗੰਜਨੀ, ਦੇ ਸਫਾ ੧੦ ਤੇ 'ਸੋ ਮੈਂ ਵਿਸਰ ਨ ਜਾਈ' ਦਾ ਅਰਥ ਕੀਤਾ ਹੈ ਕਿ, ਐਸਾ ਜੋ ਦਾਤਾ ਸਮਰਥ ਸੋ ਮੈਂ ਕਿਆ ਸੋਹੰ ਸੋ ਮੇਰੋ ਹੀ ਸਰੂਪ ਹੈ ਐਸੀ ਬੂਝ ਸਦਾ ਹੀ ਯਾਦ ਰਹੇ, ਪਰੰਤੂ ਸ੍ਰੀ ਭਾਗਮਲ ਜੀ ਇਸ ਵੇਦਾਂਤ ਮਤ ਦੇ ਅਰਥ ਦੇ ਵਿਰੁਧ ਹਨ ਕਿਉਂਕਿ ਸ੍ਰੀ ਭਾਗਮਲ ਜੀ ਪ੍ਰਮਾਤਮਾਂ ਦੇ ਨਾਮ ਜਪਣ ਦੇ ਹੀ ਹਾਮੀ ਜ਼ਿਆਦਾ ਹਨ ਕਿੰਤੂ ਗਰਬ ਗੰਜਨੀ, ਵਿਚ ਉਪਰੋਕਤ ਲਿਖਿਆ ਹੈ ਕਿ ਸਮਰਥ ਦਾਤਾ ਮੇਰਾ ਹੀ ਸਰੂਪ ਹੈ। ਤਾਂ ਫਿਰ ਉਸ ਸਮ੍ਰਥ ਦਾਤੇ ਪਰਮਾਤਮਾਂ ਦਾ ਨਾਮ ਕਿਸ ਲਈ ਜਪਣਾ ਤੇ ਕਿਉਂ ਜਪਣਾ ਹੋਵੇਗਾ ਕਿਉਂਕਿ ਨਾਮ ਜਪਣਾ ਤੇ ਪਰਮਾਤਮਾਂ ਦੇ ਮਿਲਣ ਦੀ ਇਛਾ ਆਪਣੇ ਸਰੂਪ ਤੋਂ ਭਿੰਨ ਪ੍ਰਮਾਤਮਾਂ ਹੋਵੇ ਤਾਂ ਹੀ ਹੋ ਸਕਦੀ ਹੈ।

ਔਰ ਇਸੇ ਗਰਬ ਗੰਜਨੀ, ਪੁਸਤਕ ਦੇ ਸਫਾ ੬੭ ਤੇ ਪਾਰਬਤੀ ਮਾਈ ਦਾ ਅਰਥ ਕਰਦਿਆਂ ਹੋਇਆਂ ਲਿਖਿਆ ਹੈ ਕਿ, ਸ੍ਰੀ ਚੰਡਿਕਾ ਰੂਪ ਧਾਰ ਕਰ ਅਸੁਰਨ ਕੋ ਸੰਘਾਰਤ ਹੈ ਸੁਰਨ ਕੋ ਸਥਾਪਤ ਹੈ, ਸਤਿਗੁਰ ਆਸੁਰੀ ਸੰਪਦਾ ਕੋ ਨਸ਼ਟ ਕਰ ਸੁਰੀ ਸੰਪਦਾ ਸਿਖ ਕੇ ਰਿਦੇ ਸਥਾਪਤ ਹੈਂ। ਇਹ ਪਾਰਬਤੀ ਸੋ ਸਮਤਾ, ਤਾਂਤੇ ਗਰਬ ਗੰਜਨੀ ਨੂੰ ਜੇਕਰ ਵਿਸ਼ੇਸ਼ ਮੰਨਦੇ ਹਨ ਤਾਂ ਗਰਬ ਗੰਜਨੀ ਵਿਚ ਵੀ ਸੂਰਜ

Digitized by Panjab Digital Library | www.panjabdigilib.org

ਪ੍ਰਕਾਸ਼ ਦੇ ਕਰਤਾ ਜੀ ਇਥੇ ਪਾਰਬਤੀ ਦੇਵੀ ਜੀ ਦੀ ਸਤਿਗੁਰ ਨਾਲ ਸਮਤਾ [ ਤੁਲਜਤਾ ] ਦਿਖਾ ਰਹੇ ਹਨ, ਤਾਂ ਫਿਰ ਮਤਲਬ ਇਹ ਸਿਧ ਹੋਇਆ ਕਿ ਜੇਕਰ ਸ੍ਰੀ ਦਸਮੇਸ਼ ਜੀ ਨੇ ਸਤਿਗੁਰੂ ਨੂੰ ਮਨਾਇਆ ਹੈ ਤਾਂ ਦੇਵੀ ਭੀ ਮਨਾਈ ਹੈ ਕਿਉਂਕਿ ਦੇਵੀ ਅਤੇ ਸਤਿਗੁਰੂ ਦੀ ਉਪਰੋਕਤ ਸਮਤਾ, ਗੁਰ ਪਾਰਬਤੀ ਮਾਈ, ਦੇ ਅਰਥ ਵਿਚੋਂ ਹੀ ਸਿਧ ਹੋ ਰਹੀ ਹੈ, ਪਰੰਤੂ ਸ੍ਰੀ ਭਾਗ ਮਲ ਜੀ ਦੇ ਮਤ ਵਿੱਚ ਸ੍ਰੀ ਦੇਵੀ ਗੁਰੂ ਜੀ ਦਾ ਝਾੜੂ ਫੇਰਨ ਵਾਲੀ ਦਾਸੀ ਹੈ ਉਸ ਦਾਸੀ ਨਾਲ ਇਥੇ ਸ੍ਰੀ ਭਾਗ ਮਲ ਜੀ ਸਤਿਗੁਰੂ ਦੀ ਤੁਲਜਤਾ ਕਿਵੇਂ ਮੰਨ ਸਕਣਗੇ ।

ਤਥਾ:-ਇਸੇ ਗਰਬ ਗੰਜਨੀ ਵਿਚ, ਅਕਾਲ ਮੂਰਤਿ, ਦਾ ਅਰਥ ਕਰਦਿਆਂ ਸਫਾ ੧੪ ਤੇ ਇਕ ਅਰਥ ਵਿਚ ਲਿਖਿਆ ਹੈ ਕਿ, ਏਕਾਖਰ ਕੋਸ ਮੇਂ ਅਕਾਰ ਵਿਸ਼ਨੂੰ, ਕਾ, ਬ੍ਰਹਮੇਂ ਕੋ, ਲੈ ਕਰਨ ਤੇ ਲਕਾਰ ਤੇ ਨਾਮ ਸ਼ਿਵ ਕੋ, ਕਰਤਾ ਪੁਰਖ ਤੀਨ ਮੂਰਤਿ ਬਨਿ ਬੈਠਯੋ ਯਾਤੇ ਅਕਾਲ ਮੂਰਤਿ, ਪ੍ਰੰਤੂ ਇਸੇ ਗਰਬ ਗੰਜਨੀ ਦੇ ਕਰਤਾ ਇਕ ਪਾਸੇ, ਬ੍ਰਹਮੇਂ ਗਰਭ ਕੀਆ ਨਹੀਂ ਜਾਨਿਆ, ਪ੍ਰਮਾਣ ਲਿਖ ਕੇ ਬ੍ਰਹਮਾਂ ਦਾ ਖੰਡਨ ਕਰਦੇ ਹਨ ਤੇ ਇਕ ਪਾਸੇ ਇਥੇ ਉਹ ਪ੍ਰਮਾਤਮਾਂ ਹੀ ਬ੍ਰਹਮਾਂ ਵਿਸ਼ਨੂੰ ਸ਼ਿਵ ਤੀਨ ਮੂਰਤੀ ਬਣ ਬੈਠਾ ਸਿੱਧ ਕਰ ਰਹੇ ਹਨ, ਅਥਵਾ ਗਰਬ ਗੰਜਨੀ ਦੇ ਸਫਾ ੧੪ ਤੇ ਹੀ, ਪੁਰਖ ਦਾ ਅਰਥ ਕਰਦਿਆਂ ਇਹ ਵੀ ਇਕ ਅਰਥ ਕੀਤਾ ਹੈ ਕਿ, ਪੁਰਖ ਕੋ ਅਰਥ ਪੁਰਖ ਹੈ ਇਸਤ੍ਰੀ, ਨਿਪੁੰਸਕ ਨਹੀਂ ਹੈ, ਪ੍ਰੰਤੂ ਸ੍ਰੀ ਭਾਗ ਮਲ ਜੀ ਆਪਣੇ ਰਚੇ ਗੁਰਮਤਿ ਦਰਸ਼ਨ

Digitized by Panjab Digital Library | www.panjabdigilib.org

ਦੇ ਸਫਾ ੭੧ ਤੇ ਪ੍ਰਮਾਤਮਾਂ ਨੂੰ ਤ੍ਰਿਲਿੰਗ ਭੇਦ ਰਹਿਤ ਲਿਖ ਰਹੇ ਹਨ, ਓਥੇ ਵੀ ਸ੍ਰੀ ਭਾਗ ਮਲ ਜੀ ਇਸ ਗਰਬ ਗੰਜਨੀ ਦੇ ਲੇਖ ਦੇ ਵਿਰੁਧ ਚਲੇ ਹੋਇ ਹਨ।

ਤਥਾ:—ਇਸਿਗਰਬ ਗੰਜਨੀ ਦੇ ਸਫਾ ੬ ਤੇ ੧੯ ਦਾ ਅਰਥ ਕਰਦਿਆਂ ਹੋਇਆਂ ਲਿਖਿਆ ਹੈ ਕਿ ਗੁਰੂ ਨਾਨਕ ਜੀ ਜੋ ਸਰਬਗਯ ਹੈਂ ਆਪਣੀ ਬਾਣੀ ਮੇਂ ਸਰਬ ਵੇਦ ਸ੍ਰੁਤੀ ਕੋ ਹੀ ਅਰਥ ਰਾਖਯੋ ਪੂਰਬ ਜੋ ਵੇਦ ਹੈ ਸੋ ਭੀ ਤਿਨ ਕੋ ਹੀ ਮਤ ਹੁਤੋ ਅਬਕਲ ਜੁਗ ਕੋ ਸਮਾ ਦੇਖ ਕਰ ਮੰਦ ਬੁਧੀ ਲੋਕਨ ਕੀ ਜਾਨ ਕਰ ਤਿਸ ਬੇਦ ਕੋ ਹੀ ਅਬ ਦੇਸ ਭਾਖਾ ਸੇ ਬਨਾਇ ਸਿਖਨਿ ਕੋ ਸਿਖਯਨ ਕੋ ਉਪਦੇਸ਼ ਦੀਓ......ਪ੍ਰੰਤੂ ਸ੍ਰੀ ਭਾਗ ਮੱਲ ਜੀ ਨੇ ਆਪਣੇ ਪੁਸਤਕ ਵਿਚ ਵੇਦ, ਪੁਰਾਂਨ ਖੰਡਨ ਰੱਜ ਰੱਜ ਕੇ ਕੀਤੇ ਹਨ ਅਤੇ ਵੇਦਾਂ ਵਿਚ ਲਿਖੇ ਹੋਇ ਕਰਮਾਂ ਦਾ ਵੀ ਖੰਡਨ ਰੱਜ ਰੱਜ ਕੇ ਕੀਤਾ ਹੈ ਇਸ ਤੋਂ ਸਿਧ ਹੁੰਦਾ ਹੈ ਕਿ ਸ੍ਰੀ ਭਾਗ ਮਲ ਜੀ ਖੁਦ ਵੀ ਗਰਬ ਗੰਜਨੀ ਪੁਸਤਕ ਦੇ ਪ੍ਰਮਾਣਾਂ ਨੂੰ ਕੁਛ ਵਿਸ਼ੇਸ ਨਹੀਂ ਮੰਨਦੇ।

ਬਾਕੀ ਰਿਹਾ ਕਿ ਜਦ ਸੂਰਜ ਪ੍ਰਕਾਸ਼ ਦੇ ਕਰਤਾ ਨੇ ਸੂਰਜ ਪ੍ਰਕਾਸ਼ ਵਿਚ ਦੇਵੀ ਮਨਾਈ ਸਿੱਧ ਕੀਤੀ ਹੈ ਤੇ ਫਿਰ ਉਨ੍ਹਾਂ ਨੇ ਹੀ ਗਰਬ ਗੰਜ਼ਨੀ ਵ੍ਰਿਚ ਦੇਵੀ ਦਾ ਖੰਡਨ ਕਿਉਂ ਕੀਤਾ।

ਇਹ ਪ੍ਰਸ਼ਨ ਵੀ ਪੂਰੀ ਖੋਜ ਤੋਂ ਬਿਨਾਂ ਹੋਣ ਕਰਕੇ ਹੈ ਨਹੀਂ ਤਾਂ ਇਸੇ ਗਰਬ ਗੰਜਨੀ ਵਿਚੋਂ ਉਪ੍ਰੋਕਤ ਦਿਖਾਇਆ ਗਿਆ ਹੈ ਕਿ ਪਾਰਬਤੀ ਦੇਵੀ ਸੇ ਸਤਿਗੁਰੂ ਦੀ ਸਮਤਾ ਲਿਖੀ ਪਈ ਹੈ ਤਾਂਤੇ ਸ੍ਰੀ ਦੇਵੀ ਮਨਾਈ ਦਾ ਖੰਡਨ ਨਹੀਂ ਬਲਕਿ

Digitized by Panjab Digital Library | www.panjabdigilib.org

ਸੂਰਜ ਪ੍ਰਕਾਸ਼ ਦੇ ਕਰਤਾ ਨੇ ਥਾਂ ਥਾਂ ਤੇ ਖੁਦ ਸ੍ਰੀ ਦੇਵੀ ਜੀ ਦੇ ਬੜੀ ਸ਼ਰਧਾ ਨਾਲ, ਜਗ ਰਾਨੀ ਮਾਨੀ ਸੁਰਨਿ ਸੁਖਦਾਨੀ ਨਿਜਦਾਸ ॥ ਪੂਰਨ ਕੀਨਸਿ ਗੰਥ ਕੋ ਕਵਿ ਰਸਨਾ ਪਰ ਬਾਸ ॥ ਐਨ ੨ ਆਦਕ ਕਈ ਮੰਗਲ ਕੀਤੇ ਹੋਇ ਹਨ, ਫਿਰ ਓਹੋ ਕਵੀ ਜੀ ਸ੍ਰੀ ਦੇਵੀ ਜੀ ਦਾ ਖੰਡਨ ਕਿਵੇਂ ਕਰ ਸਕਦੇ ਸਨ, ਕਿੰਤੂ ਜਿਥੇ ਕਿਤੇ ਕਵੀ ਜੀ ਨੇ ਖੰਡਨ ਕੀਤਾ ਪ੍ਰਤੀਤ ਹੁੰਦਾ ਹੈ ਉਥੇ ਕੋਈ ਕਾਰਨ ਹੈ ਜਿਵੇਂ ਕੇਵਲ ਨਾਨੂੰ ਪੰਡਤ ਨੂੰ ਜਿੱਤਣ ਵਾਸਤੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ, ਪਹਿਲਾਂ ਮਾਸਹੁ ਨਿੰਮਿਆ ਮਾਸੈ ਅੰਦਰ ਵਾਸੁ, ਆਦਕ ਸ਼ਬਦ ਉਚਾਰਿਆ ਅਤੇ ਦੂਜੇ ਪਾਸੇ, ਜੇ ਰਤ ਲਗੈ ਕਪੜੇ ਜਾਮਾ ਹੋਇ ਪਲੀਤ ॥ ਅਥਵਾ, ਅਸੰਖ ਗਲ ਵਢ ਹਤਿਆ ਕਮਾਹਿ ॥ ਆਦਕ ਵਾਕਾਂ ਵਿਚ ਹੱਤਿਆ ਆਦਕ ਦੱਸ ਕੇ ਵਾਸਤਵ ਮਾਸ ਦਾ ਖੰਡਨ ਹੀ ਕੀਤਾ ਸੀ। ਤਿਵੇਂ ਸੂਰਜ ਪ੍ਰਕਾਸ਼ ਦੇ ਕਰਤਾ ਨੇ ਵੀ ਪ੍ਰਤੀਤ ਹੁੰਦਾ ਹੈ ਉਪ੍ਰੋਕਤ ਸ੍ਰੀ ਭਾਗ ਮਲ ਜੀ ਦੇ ਲਿਖੇ (ਉਸ ਸਾਧੂ ਨੂੰ ਮੂੰਹ ਤੋੜਵਾਂ ਉੱਤਰ ਦਿਤਾ) ਅਨੁਸਾਰ ਕੇਵਲ ਅਨੰਦ ਘਨ ਨਾਮੇ ਸਾਧੂ ਦੇ ਲੇਖ ਨੂੰ ਵਿਜਜ ਕਰਨ ਵਾਸਤੇ ਹੀ ਗਰਬ ਗੰਜਨੀ ਵਿੱਚ ਸ੍ਰੀ ਦੇਵੀ ਜੀ ਆਦਕ ਦਾ ਖੰਡਨ ਕੀਤਾ ਹੈ ਵਾਸਤਵ ਸ੍ਰੀ ਦੇਵੀ ਜੀ ਆਦਕ ਦਾ ਖੰਡਨ ਨਹੀਂ।

**(੩) ਪ੍ਰਸ਼ਨ**--ਸੂਰਜ ਪ੍ਰਕਾਸ਼ ਰੁਤ ੩ ਵਿਚ ਹੀ ਦੇਵੀ ਦੇ ਪ੍ਰਸ਼ਾਦ ਖਾਣ ਤੋਂ ਸ੍ਰੀ ਦਸਮੇਸ਼ ਜੀ ਨੇ ਸਿੱਖਾਂ ਨੂੰ ਰੋਕਿਆ ਹੈ। ਯਥਾ:-ਭੇਖਨ ਕੀ ਬਾਣੀ ਕੋ ਤਜੈ ॥ ਖਾਇ ਨ ਅਸਨ ਸੀਤਲਾ ਜਜੈ ॥ ਤਾਂਤੇ ਸੂਰਜ ਪ੍ਰਕਾਸ਼ ਵਿਚ ਦੇਵੀ ਮਨਾਈ

Digitized by Panjab Digital Library | www.panjabdigilib.org

ਦਾ ਕੀ ਅਰਥ ਰਿਹਾ ।

**ਉਤਰ**--ਇਸਦਾ ਅਰਥ ਇਹ ਹੈ ਕਿ (ਭੇਖਨ) ਭੇਖ ਧਾਰੀ ਪਾਖੰਡੀਆਂ ਦੀ ਬਾਣੀ ਤੇ ਵਿਸ਼ਵਾਸ਼ ਨਾ ਕਰੇ ਅਤੇ ਉਨ੍ਹਾਂ ਪਾਖੰਡੀਆਂ ਦਾ ਸੀਤਲਾ ਆਦਕ ਪੂਜਨ ਦੇ ਬਹਾਨੇ ਦਾ ਜੋ ਪ੍ਰਸ਼ਾਦ ਹੈ ਉਹ ਵੀ ਨਾਂ ਖਾਵੇ ਕਿਉਂਕਿ ਪ੍ਰਸ਼ਾਦ ਦੇ ਲਾਲਚ ਵਿਚ ਆ ਕੇ-ਹੀ ਕਿਤੇ ਉਨ੍ਹਾਂ ਪਾਖੰਡੀਆਂ ਦੇ ਫੰਧੇ ਵਿਚ ਨਾ ਫਸ ਜਾਵੇ। ਤਾਂ ਤੇ ਇਥੇ ਪਾਖੰਡੀਆਂ ਦੀ ਬਾਣੀ ਤੇ ਉਨ੍ਹਾਂ ਦੀ ਪੂਜਾ ਪ੍ਰਸ਼ਾਦ ਆਦਕ ਤੋਂ ਬਚਣ ਦਾ ਉਪਦੇਸ਼ ਹੈ ਕਿੰਤੂ ਸੱਚੀ ਪੂਜਾ ਭਗਤੀ ਕਰਨ ਵਾਲਿਆਂ ਦੇ ਪ੍ਰਸ਼ਾਦ ਆਦਕ ਤੋਂ ਬਚਣ ਦਾ ਉਪਦੇਸ਼ ਨਹੀਂ ਕਿਉਂਕਿ ਵਿਚ 'ਭੇਖਨ ਕੀ' ਪਾਠ ਸਪਸ਼ਟ ਹੈ ਜਿਸਦਾ ਅਰਥ ਭੇਖ ਧਾਰੀ ਪਾਖੰਡ ਹੈ, ਪਾਖੰਡ ਦਾ ਨਿਸ਼ੇਧ ਕਰਨਾ ਅਸਲ ਦਾ ਨਿਸ਼ੇਧ ਨਹੀਂ ਹੁੰਦਾ।

**੪ ਪ੍ਰਸ਼ਨ**--ਸੂਰਜ ਪ੍ਰਕਾਸ਼ ਦੇ ਕਰਤਾ ਨੇ ਹੀ ਸ੍ਰੀ ਗੁਰੂ ਨਾਨਕ ਪਰਕਾਸ਼ ਵਿੱਚ ਦੇਵੀ ਨੂੰ ਗੁਰੂ ਘਰ ਦੀ ਝਾੜੂ ਫੇਰਨ ਵਾਲੀ ਸਿੱਧ ਕੀਤਾ ਹੈ ਤਾਂ ਤੇ ਸ੍ਰੀ ਦਸਮੇਸ਼ ਜੀ ਦੇ, ਦੇਵੀ ਪ੍ਰਗਟ ਕਰਨ ਵਾਲੇ ਪ੍ਰਸੰਗ ਦਾ ਖੰਡਨ ਇਸੇ ਸੂਰਜ ਪ੍ਰਕਾਸ਼ ਵਿਚੋਂ ਹੀ ਹੋ ਰਿਹਾ ਹੈ।

**ਉੱਤਰ**--ਇਹ ਕੋਈ ਜ਼ਰੂਰੀ ਨਹੀਂ ਕਿ ਝਾੜੂ ਫੇਰਨ ਵਾਲੇ ਪ੍ਰਸੰਗ ਨਾਲ ਦੇਵੀ ਪਰਗਟ ਹੋਣ ਵਾਲਾ ਪਰਸੰਗ ਹੀ ਖੰਡਨ ਹੋ ਸਕਦਾ ਹੈ, ਕਿੰਤੂ ਦੇਵੀ ਪ੍ਰਗਟ ਹੋਣ ਵਾਲੇ ਪਰਸੰਗ ਨਾਲ ਝਾੜੂ ਫੇਰਨ ਵਾਲਾ ਪਰਸੰਗ ਵੀ ਖੰਡਨ ਹੋ ਸਕਦਾ ਹੈ।

Digitized by Panjab Digital Library | www.panjabdigilib.org

ਬਾਕੀ ਝਾੜੂ ਫੇਰਨ ਵਾਲੇ ਪਰਸੰਗ ਦੁਆਰਾ ਸ੍ਰੀ ਦਸਮੇਸ਼ ਜੀ ਨੇ ਦੇਵੀ ਮਨਾਈ ਇਸ ਲਈ ਖੰਡਨ ਕੀਤੀ ਜਾਵੇ ਕਿ ਝਾੜੂ ਸੇਵਕ ਫੇਰਦੇ ਹਨ ਤਾਂ ਤੇ ਦੇਵੀ ਗੁਰੂ ਜੀ ਦੀ ਸੇਵਕ ਹੈ, ਪੂਜਯ ਇਸ਼ਟ ਨਹੀਂ, ਤਾਂ ਪਹਿਲੇ ਪੂਜਯ ਸਤਿਗੁਰੂ ਔਰ ਸੇਵਕ ਦੇਵੀ ਪਾਰਬਤੀ ਸੇ ਉਪਰੋਕਤ ਗਰਬ ਗੰਜਨੀ ਦੇ ਲਿਖੇ ਅਰਥ ਅਨੁਸਾਰ ਸਮਤਾ ਕਿਵੇਂ ਕਾਇਮ ਕੀਤੀ ਜਾ ਸਕੇਗੀ ਅਤੇ ਝਾੜੂ ਫੇਰਨ ਵਾਲੇ ਪਰਸੰਗ ਸੇ ਦੇਵੀ ਦੀ ਪੂਜਜਤਾ ਵਿਚ ਕੋਈ ਫਰਕ ਨਹੀਂ ਆ ਸਕਦਾ ਕਿਉਂਕਿ ਅਤੀ ਪਰੇਮ ਵਸ਼ ਪੂਜਜ ਇਸ਼ਟ ਦੇਵ ਭੀ ਸੇਵਕਾਂ ਵਾਲਾ ਕੰਮ ਕਰਦੇ ਹਨ। ਜਿਵੇਂ ਧੰਨੇ ਭਗਤ ਦੇ ਪਰੇਮ ਵਸ ਹੋ ਕੇ ਧੰਨੇ ਦੇ ਪੂਜਯ ਇਸ਼ਟ ਦੇਵ ਭਗਵਾਨ ਨੇ ਗਊਆਂ ਆਦਿਕ ਚਰਾਉਣ ਦੇ ਕੰਮ ਕੀਤੇ ਤਥਾ ਸੈਨੇ ਨਾਈ ਦੇ ਥਾਂ ਭਗਵਾਨ ਨੇ ਮੁਠੀ ਚਾਪੀ ਆਦਿਕ ਸੇਵਾ ਕੀਤੀ, ਬਲਕਿ ਸ੍ਰੀ ਦਸਮੇਸ਼ ਜੀ ਖੁਦ ਸ੍ਰੀ ਮਾਨ ਭਾਈ ਜੋਗਾ ਸਿੰਘ ਦੀ ਰਖਿਆ ਹਿਤ ਸਾਰੀ ਰਾਤ ਵੇਸ਼ਵਾ ਦੇ ਦਰਵਾਜ਼ੇ ਤੇ ਪਹਿਰੇਦਾਰ ਬਣ ਕੇ ਪਹਿਰਾ ਦੇਂਦੇ ਰਹੇ ਤਾਂ ਕੀ ਇਥੇ ਇਹ ਅਰਥ ਕੀਤਾ ਜਾ ਸਕੇਗਾ ਕਿ ਭਗਵਾਨ ਧੰਨੈ ਅਤੇ ਸੈਨੇ ਭਗਤ ਦੇ ਪੂਜਯ ਇਸ਼ਟ ਦੇਵ ਨਹੀਂ ਸਨ ਰਹੇ ਕਿੰਤੂ ਨੌਕਰ ਸੇਵਕ ਹੀ ਸਨ।

ਤਥਾ:-ਸ੍ਰੀ ਦਸਮੇਸ਼ ਜੀ ਭਾਈ ਜੋਗਾ ਸਿੰਘ ਦੇ ਪੂਜਯ ਗੁਰੂ ਨਹੀਂ ਸਨ, ਪਰੰਤੂ ਇਹ ਅਰਥ ਕਦੀਂ ਵੀ ਨਹੀਂ ਕੀਤਾ ਜਾ ਸਕਦਾ ਤਾਂਤੇ ਸ੍ਰੀ ਦਸਮੇਸ਼ ਜੀ ਅਤੇ ਭਗਵਾਨ ਧੰਨੈ ਅਤੇ ਸ੍ਰੀ ਜੋਗਾ ਸਿੰਘ ਆਦਿਕਾਂ ਦੇ ਪੂਜਯ ਇਸ਼ਟ ਦੇਵ ਹੀ ਮੰਨੇ ਜਾਂਦੇ ਹਨ। ਔਰ ਮਾਤਾ ਪਿਤਾ

Digitized by Panjab Digital Library | www.panjabdigilib.org

ਬਚਿਆਂ ਦੀ ਉਚ ਨੀਚ ਸਾਰੀ ਸੇਵਾ ਕਰਦੇ ਹਨ ਪਰ ਫਿਰ ਮਾਤਾ ਪਿਤਾ ਬਚਿਆਂ ਦੇ ਸੇਵਕ ਜਾਂ ਨੌਕਰ ਛੋਟੇ ਰੂਪ ਵਿੱਚ ਨਹੀਂ ਮੰਨੇ ਜਾ ਸਕਦੇ। ਤਾਂਤੇ ਉਪਰੋਕਤ ਝਾੜੂ ਫੇਰਨ ਵਾਲੇ ਪ੍ਰਸੰਗ ਸੇ ਸ੍ਰੀ ਦੇਵੀ ਜੀ ਦੀ ਪੂਜਯਤਾ ਨਹੀਂ ਖਤਮ ਹੋ ਜਾਂਦੀ ਕਿਉਂਕਿ ਸ੍ਰੀ ਗੁਰੂ ਜੀ ਦਾ ਝਾੜੂ ਸ੍ਰੀ ਦੇਵੀ ਜੀ ਨੇ ਪ੍ਰੇਮ ਵਸ਼ ਹੋ ਕੇ ਫੇਰਿਆ ਮੰਨਿਆਂ ਜਾ ਸਕਦਾ ਹੈ ਨੌਕਰ ਜਾਂ ਸੇਵਕ ਭਾਵ ਸੇ ਨਹੀਂ।

ਜੇਕਰ ਇਥੇ ਇਹ ਕਲਪਨਾਂ ਕੀਤੀ ਜਾਵੇ ਕਿ ਸ੍ਰੀ ਦੇਵੀ ਜੀ ਆਪਣੀ ਕਲਿਆਨ ਵਾਸਤੇ ਸ੍ਰੀ ਗੁਰੂ ਜੀ ਦਾ ਝਾੜੂ ਫੇਰਦੀ ਹੈ ਤਾਂ ਸ੍ਰੀ ਦਸਮੇਸ਼ ਜੀ ਫਰਮਾਉਂਦੇ ਹਨ ਕਿ, ਚਰਨ ਸਰਨ ਜਿਹ ਬਸਤ ਭਵਾਨੀ, [ਅਕਾਲ ਉਸਤਤਿ] ਜਿਸ ਪ੍ਰਮਾਤਮਾਂ ਦੇ ਚਰਨਾਂ ਦੀ ਸ਼ਰਨ ਵਿੱਚ ਭਵਾਨੀ ਦੇਵੀ ਵੱਸਦੀ ਹੈ ਤਾਂ ਫਿਰ ਇਥੇ ਇਹ ਸੁਆਲ ਪੈਦਾ ਹੋ ਜਾਂਦਾ ਹੈ ਕਿ ਕੀ ਪਰਮਾਤਮਾਂ ਦੇ ਚਰਨਾਂ ਵਿਚ ਰਹਿਣ ਕਰਕੇ ਦੇਵੀ ਦੀ ਕਲਿਆਨ ਨਹੀਂ ਹੋਈ ਜਿਸ ਕਰਕੇ ਉਹ ਸ੍ਰੀ ਗੁਰੂ ਜੀ ਦਾ ਨਿਤ ਝਾੜੂ ਫੇਰਨ ਉਥੋਂ ਆਉਂਦੀ ਹੈ ! ਜੇਕਰ ਕਲਿਆਨ ਨਹੀਂ ਹੋਈ ਤਾਂ ਹੋਰ ਲੋਕਾਂ ਦੀ ਕਲਿਆਨ ਕਿਵੇਂ ਹੋ ਜਾਵੇਗੀ ਜੋ ਅਸੀਂ ਨਿਤ ਹੀ ਇਹੋ ਅਰਦਾਸੇ ਕਰਦੇ ਹਾਂ ਕਿ ਹੇ ਅਕਾਲ ਪੁਰਖ ਫਲਾਨੇ ਪੁਰਸ਼ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖਸ਼ੀਂ। ਅਥਵਾ ਜੇਕਰ ਪਰਮਾਤਮਾਂ ਦੇ ਚਰਨਾਂ ਦੀ ਸ਼ਰਨ ਕਲਿਆਨ ਦਾਤਾ ਨਹੀਂ ਹੈ ਤਾਂ ਪ੍ਰਮਾਤਮਾਂ ਦਾ ਨਾਮ ਸਿਮਰਨ ਭਗਤੀ ਆਦਿਕ ਕਰਨੀ ਸਾਰੀ ਨਿਸ਼ਫਲ ਹੀ ਹੋ ਜਾਵੇਗੀ, ਤਾਂਤੇ ਇਹ ਗਲ ਨਹੀਂ ਕਿੰਤੂ ਪਰਮਾਤਮਾਂ

Digitized by Panjab Digital Library | www.panjabdigilib.org

ਦੇ ਚਰਨਾਂ ਵਿਚ ਵੱਸਦੀ ਹੋਈ ਸ੍ਰੀ ਦੇਵੀ ਕਲਿਆਨ ਸਰੂਪ ਹੈ ਪਰੰਤੂ ਪ੍ਰੇਮ ਵੱਸ ਹੋਕੇ ਝਾੜੂ ਫੇਰਦੀ ਸਾਬਤ ਹੁੰਦੀ ਹੈ ਜੇਕਰ ਕਿਹਾ ਜਾਵੇ ਕਿ ਗੁਰੂ ਸ਼ਰਨ ਬਿਨਾਂ ਕੇਵਲ ਪ੍ਰਮਾਤਮਾਂ ਕਲਿਆਨ ਦਾਤਾ ਨਹੀਂ ਤਾਂ ਗੁਰੂ ਸ਼ਰਨ ਵੀ ਪਰਮਾਤਮਾਂ ਦੀ ਪਰਾਪਤੀ ਲਈ ਹੀ ਹੋਣਾ ਪੈਂਦਾ ਹੈ ਪਰੰਤੂ ਸ੍ਰੀ ਦੇਵੀ ਜੀ ਨੂੰ, ਚਰਨ ਸਰਨ ਜਿਹ ਬਸਤ ਭਵਾਨੀ, ਵਾਕ ਦੁਆਰਾ ਪ੍ਰਮਾਤਮਾਂ ਦੀ ਪਰਾਪਤੀ ਨਿਤ ਪਹਿਲੇ ਹੀ ਮੌਜੂਦ ਹੈ ਫਿਰ ਸ੍ਰੀ ਦੇਵੀ ਜੀ ਦਾ ਗੁਰੂ ਸ਼ਰਨ ਹੋਣਾ ਕਿਸ ਮੰਤਵ ਲਈ ਮੰਨਿਆਂ ਜਾ ਸਕਦਾ ਹੈ।

**(੫) ਪ੍ਰਸ਼ਨ**--ਗੁਰਮਤ ਦਰਸ਼ਨ ਸਫ਼ਾ ੮੩ ਤੇ ਹੀ ਲਿਖਿਆ ਹੈ ਕਿ, ਫਿਰ ਤੇ ਸਗੋਂ ਇਹ ਪ੍ਰਸ਼ਨ ਰਿਹਾ ਕਿ ਦੇਵੀ ਦੇ ਪ੍ਰਗਟ ਹੋਣ ਅਤੇ ਖੰਡਨ ਦੋਹਾਂ ਭਾਵਾਂ ਦੇ ਪ੍ਰਮਾਣ ਸੂਰਜ ਪ੍ਰਕਾਸ਼ ਵਿਚੋਂ ਹੀ ਕਿਉਂ ਮਿਲਦੇ ਹਨ।

**ਉੱਤਰ**--ਸੂਰਜ ਪ੍ਰਕਾਸ਼ ਵਿਚੋਂ ਹੀ ਨਹੀਂ ਹਰ ਇਕ ਗ੍ਰੰਥ ਵਿਚੋਂ ਹੀ ਦੋਹਾਂ ਭਾਵਾਂ ਦੇ ਪ੍ਰਮਾਣ ਮਿਲ ਜਾਂਦੇ ਹਨ, ਪ੍ਰੰਤੂ ਉਨ੍ਹਾਂ ਦੇ ਅਰਥ ਅਵਸਥਾ ਤਥਾ ਪ੍ਰਕਰਨ ਪੁਸ਼ਟੀ ਅਥਵਾ ਦੰਭ ਨਿਸ਼ੇਧ ਆਦਕ ਭੇਦ ਤੇ ਕਰਨੇ ਪੈਂਦੇ ਹਨ, ਜੇਕਰ ਇੰਜ ਅਰਥ ਨਾਂ ਕੀਤੇ ਜਾਣ ਤਾਂ ਕੋਈ ਸਿਧਾਂਤ ਵੀ ਸਿੱਧ ਨਹੀਂ ਹੋ ਸਕਦਾ, ਪਰ ਉਪ੍ਰੋਕਤ ਗੁਰਮਤ ਦਰਸ਼ਨ ਦੇ ਕਰਤਾ ਸ੍ਰੀ ਭਾਗ ਮਲ ਜੀ ਇਸ ਗਲ ਦੇ ਵਿਰੁਧ ਹਨ ਪ੍ਰੰਤੂ ਉਨ੍ਹਾਂ ਨੂੰ ਸ਼ਾਇਦ ਪਤਾ ਨਹੀਂ ਕਿ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਵੀ ਇੰਜ ਦੋਹਾਂ ਭਾਵਾਂ ਦੇ ਪ੍ਰਮਾਣ ਅਨੇਕਾਂ ਹੀ

Digitized by Panjab Digital Library | www.panjabdigilib.org

ਮਿਲਦੇ ਹਨ ਤਾਂ ਪਤਾ ਨਹੀਂ ਫਿਰ ਓਥੇ ਸ੍ਰੀ ਮਾਨ ਜੀ ਕੀ ਜੁਗਤੀ ਸੋਚਦੇ ਹੋਣਗੇ, ਜੇਕਰ ਉਪ੍ਰੋਕਤ ਅਵਸਥਾ: ਤਥਾ ਦੰਭ ਨਿਸ਼ੇਧ ਆਦਕ ਭੇਦ ਤੇ ਅਰਥ ਨਾਂ ਕੀਤੇ ਜਾਣ ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚੋਂ ਵੀ ਸ੍ਰੀ ਭਾਗ ਮਲ ਜੀ ਨੂੰ ਪਰਸਪਰ ਵਿਰੋਧੀ ਪ੍ਰਮਾਣ ਅੰਗੀਕਾਰ ਕਰਨੇ ਪੈਣਗੇ, ਯਥਾ: ਇਕ ਪਾਸੇ, ਸੁਪਨੈ ਬਿੰਦ ਨ ਦੇਈ ਝਰਨਾ, ਤਿਸ ਕਾਜੀ ਕਉ ਜਰਾ ਨ ਮਰਨਾ ॥ ਭੈਰਉ ਕਬੀਰ ਜੀ ॥

ਦੂਜੇ ਪਾਸੇ–ਬਿੰਦ ਰਾਖ ਜਉ ਤਰੀਐ ਭਾਈ, ਖੁਸਰੈ ਕਿਉ ਨ ਪਰਮ ਗਤਿ ਪਾਈ। (ਗੌੜੀ ਕਬੀਰ ਜੀ)

ਤਥਾ: ਨਹ ਕਿਛ ਜਨਮੈ ਨਹਿ ਕਿਛ ਮਰੈ, ਗਉੜੀ ਸੁਖਮਨੀ ਅਸਟਪਦੀ ੧੪ ਅਤੇ ਨਾ ਕਛੁ ਆਇਬੋ ਨਾ ਕਛੁ ਜਾਇਬੋ ਰਾਮ ਕੀ ਦੁਹਾਈ ॥ ਧਨਾਸਰੀ ਪੀਪਾ ਜੀ।

ਦੂਜੇ ਪਾਸੇ, ਆਵਤ ਜਾਵਤ ਜਨਮੈ ਮਰੇ ॥ ਗਉੜੀ ਸੁਖਮਨੀ ਅਸਟਪਦੀ ੫ ਅਤੇ, ਲਖ ਚੁਰਾਸੀਹ ਭਰਮਤਿਆ ਦੁਲਭ ਜਨਮ ਪਾਇਓਇ ॥ ਸਿਰੀ ਰਾਗ ਮ: ੫ ॥

ਤਥਾ: ਦਦੈ ਦੋਸ ਨ ਦੇਊ ਕਿਸੈ ਦੋਸ ਕਰੰਮਾਂ ਆਪਣਿਆਂ ॥ ਆਸਾ ਮ: ੧ ॥ ਪਟੀ ਲਿਖੀ ਅਤੇ,

ਕਤਕ ਕਰਮ ਕਮਾਵਣੇ ਦੋਸ ਨ ਕਾਹੂ ਜੋਗ ॥ ਬਾਰਾਂ ਮਾਹ ਮਾਝ ਮ: ੫ ॥

ਦੂਜੇ ਪਾਸੇ, ਕਰਨ ਕਰਾਵਨ ਕਰਨੇ ਹਾਰ, ਇਸਕੇ ਹਾਥ ਕਹਾ ਬੀਚਾਰ ॥ ਗਉੜੀ ਸੁਖਮਨੀ ਅਸਟਪਦੀ ੧੨ ਅਤੇ ਕਾਠ ਕੀ ਪੁਤ੍ਰੀ ਕਹਾ ਕਰੇ ਬਪੁਰੀ, ਖਿਲਾਵਨ ਹਾਰੋ ਜਾਨੈ ॥

(ਗੌੜੀ ਮ: ੫ ਸ਼: ੧੨੬)

Digitized by Panjab Digital Library | www.panjabdigilib.org

ਤਥਾ: ਮੂਰਖ ਸਿਉ ਬੋਲੇ ਝਖ ਮਾਰੀ ॥ ਗੌਡ ਕਬੀਰ ਜੀ।
ਦੂਜੇ ਪਾਸੇ, ਮੂਰਖ ਗੰਢ ਪਵੈ ਮੁਹਿ ਮਾਰ ॥
॥ ਮਾਝ ਕੀ ਵਾਰ ਪੌੜੀ ੧੨ ॥

ਤਥਾ:–ਸ੍ਰੀ ਭਾਗ ਮਲ ਜੀ ਦੇ ਨਿਸਚੇ ਮੁਤਾਬਕ।

ਗੁਰ ਨਾਨਕ ਜਿਨ ਸੁਣਿਆ ਪੇਖਿਆ ਸੇ ਫਿਰ ਗਰਭਾਸ ਨ ਪਰਿਆਰੇ ॥ ਸੋਰਠ ਮ: ੫ ਸ਼: ੧੩ ਅਤੇ ਦਰਸ਼ਨਿ ਪ੍ਰਸਿਐ ਗੁਰੂ ਕੇ ਜਨਮ ਮਰਣ ਦੁਖ ਜਾਇ ॥ ਸਵਯੇ ਮਹਲੇ ਦੂਜੇ ਕੇ--

ਦੂਜੇ ਪਾਸੇ, ਸਤਿਗੁਰ ਨੋ ਸਭ ਕੋ ਵੇਖਦਾ ਜੇਤਾ ਜਗਤ ਸੰਸਾਰ ॥ ਡਿਠੈ ਮੁਕਤਿ ਨਾ ਹੋਵਈ ਜਿਚਰ ਸਬਦਿ ਨ ਕਰੇ ਵੀਚਾਰ ॥ ਵਡ ਹੰਸ ਕੀ ਵਾਰ।

ਤਥਾ : ਪੂਜਾ ਕਰਉ ਨ ਨਿਵਾਜ ਗੁਜਾਰਉ ॥ ਭੈਰੋ ਮ: ੫ ਸ਼ਬਦ ਕਬੀਰ ਜੀ।

ਦੂਜੇ ਪਾਸੇ, ਉਠੁ ਫਰੀਦਾ ਉਜੂ ਸਾਜਿ ਸੁਬਹ ਨਿਵਾਜ ਗੁਜਾਰਿ ॥ ਸਲੋਕ ਫਰੀਦ ਜੀ ਸਲੋਕ ੭੧

ਤਥਾ:–ਹਜ ਕਾਬੈ ਜਾਉ ਨ ਤੀਰਥ ਪੂਜਾ ॥ ਭੈਰੋ ਮ: ੫ ਸ਼ਬਦ ਕਬੀਰ ਜੀ।

ਦੂਜੇ ਪਾਸੇ–ਕਬੀਰ ਹਜ ਕਾਬੈ ਹੋਇ ਹੋਇ ਗਇਆ ਕੇਤੀ ਬਾਰ ਕਬੀਰ ॥ ਸਲੋਕ ਕਬੀਰ ਜੀ ਸਲੋਕ ੧੯੮

ਤਥਾ:--ਸੋ ਮੁਖ ਜਲਉ ਜਿਤੁ ਕਹਹਿ ਠਾਕੁਰੁ ਜੋਨੀ ॥ ਭੈਰੋ ਮ: ੫

ਦੂਜੇ ਪਾਸੇ, ਜੋਤਿ ਰੂਪ ਹਰਿ ਆਪ ਗੁਰੂ ਨਾਨਕ ਕਹਾਯਉ ॥ ਸਵਯੇ ਮਹਲੇ ਪੰਜਵੇਂ ਕੇ, (ਸ੍ਰੀ ਗੁਰੂ ਨਾਨਕ

Digitized by Panjab Digital Library | www.panjabdigilib.org

ਦੇਵ ਜੀ ਦਾ ਜਨਮ ੧੫੨੬ ਸੰਮਤ ਵਿਚ ਹੋਇਆ ਹੈ)

ਤਥਾ:--ਗੋਤਮ ਨਾਰਿ ਅਹਿਲਿਆ ਤਾਰੀ ਪਾਵਨ ਕੇਤਕ ਤਾਰੀਅ ਲੇ ॥ ਐਸਾ ਅਧਮੁ ਅਜਾਤਿ ਨਾਮ ਦੇਉ ਤਉ ਸਰਨਾਗਤਿ ਆਈਅ ਲੇ ॥ ਮਾਲੀ ਗਉੜਾ ਨਾਮ ਦੇਵ ਜੀ।

ਦੂਜੇ ਪਾਸੇ, ਸ੍ਰੀ ਭਾਗ ਮਲ ਜੀ ਦੇ ਸਮਝੇ ਅਰਥ ਮੁਤਾਬਕ।

ਪਾਂਡੇ ਤੁਮਰਾ ਰਾਮ ਚੰਦੁ ਸੋ ਭੀ ਆਵਤੁ ਦੇਖਿਆ ਥਾ ॥ ਰਾਵਨ ਸੇਤੀ ਸਰ ਬਰ ਹੋਈ ਘਰ ਕੀ ਜੋਇ ਗਵਾਈ ਥੀ, ਬਿਲਾਵਲ ਗੋਂਡ ਨਾਮ ਦੇਵ ਜੀ,

ਤਥਾ:-'ਜਲ ਕੈ ਮਜਨ ਜੇ ਗਤਿ ਹੋਵੈ ਨਿਤ ਨਿਤ ਮੇਂਡਕ ਨਾਵਹਿ।' ( ਆਸਾ ਸ੍ਰੀ ਕਬੀਰ ਜੀ )

ਦੂਜੇ ਪਾਸੇ-ਮੋਇਆ ਜੀਵਦਿਆ ਗਤਿ ਹੋਵੈ, ਜਾਂ ਸਿਰ ਪਾਈਐ ਪਾਣੀ। (ਮਾਝ ਕੀ ਵਾਰ ਪੌੜੀ ੨੬)

ਤਥਾ: ਬੇਦ ਕਤੇਬ ਕਹਹੁ ਮਤ ਝੂਠੇ, ਝੂਠਾ ਜੋ ਨ ਬਿਚਾਰੇ। (ਪ੍ਰਭਾਤੀ ਕਬੀਰ ਜੀ)

ਦੂਜੇ ਪਾਸੇ ਸ੍ਰੀ ਭਾਗ ਮਲ ਜੀ ਦੇ ਸਮਝੇ ਅਰਥ ਮੁਤਾਬਕ-ਬੇਦ ਕਤੇਬ ਇਫਤਰਾ ਭਾਈ, ਦਿਲ ਕਾ ਫਿਕਰ ਨਾ ਜਾਇ। (ਤਿਲੰਗ ਬਾਣੀ ਕਬੀਰ ਜੀ)

ਤਥਾ-ਜਲਿ ਥਲਿ ਮਹੀਅਲ ਪੂਰਿਆ ਰਵਿਆ ਵਿਚ ਵਣਾ। ਬਾਰਹ ਮਾਹ ਮਾਝ ਮ: ੫।

ਦੂਜੇ ਪਾਸੇ-ਕਰਤਾਰਪੁਰਿ ਕਰਤਾ ਵਸੈ ਸੰਤਨ ਕੈ ਪਾਸਿ ॥ ਬਿਲਾਵਲ ਮ: ੫ ਸ: ੬੩।

ਤਥਾ: ਗੁਰਪ੍ਰਸਾਦੀ ਵਿਦਿਆ ਵੀਚਾਰੈ ਪੜ੍ਹ ਪੜ੍ਹ

Digitized by Panjab Digital Library | www.panjabdigilib.org

ਪਾਵੈ ਮਾਨ। ਪ੍ਰਭਾਤੀ ਮ: ੧।

ਦੂਜੇ ਪਾਸੇ–ਪੜੀਅਹਿ ਜੇਤੇ ਬਰਸ ਬਰਸ ਪੜੀਅਹਿ ਜੇਤੇ ਮਾਸ......ਨਾਨਕ ਲੇਖੈ ਇਕ ਗਲ ਹੋਰ ਹਉਮੈ ਝਖਣਾ ਝਾਖ। ਆਸਾ ਦੀ ਵਾਰ।

ਤਥਾ–ਗੁਰ ਮੂਰਤਿ ਸਿਉ ਲਾਇ ਧਿਆਨ। ਗੌੜੀ ਮ: ੫ ਸ਼ਬਦ ੧੩੦

ਦੂਜੇ ਪਾਸੇ ਸ੍ਰੀ ਭਾਗ ਮਲ ਜੀ ਦੇ ਸਮਝੇ ਅਰਥ ਮੁਤਾਬਕ–ਜੇ ਮੂਰਤਿ ਸਾਚੀ ਹੈ ਤਉ ਗੜਨਹਾਰੇ ਖਾਉ। ਆਸਾ ਸ੍ਰੀ ਕਬੀਰ ਜੀ।

ਤਥਾ–ਬਾਬਾ ਲਗਣ ਗਣਾਇ ਹੰਭੀ ਵੰਵਾ ਸਾਹੁਰੈ। ਸੂਹੀ ਛੰਤ ਮ: ੧।

ਦੂਜੇ ਪਾਸੇ ਸ੍ਰੀ ਭਾਗ ਮਲ ਜੀ ਦੇ ਸਮਝੇ ਅਰਥ ਮੁਤਾਬਕ–ਸਾਹਾ ਗਣਹਿ ਨ ਕਰਹਿ ਵਿਚਾਰ। ਰਾਮਕਲੀ ਅਸ਼ਟਪਦੀ ਮ: ੧।

ਤਥਾ:–ਨਾਮ ਹਮਾਰੇ ਗੁਰ ਕੀ ਸੇਵ। ਭੈਰੋ ਮ: ੫ ਸ਼ਬਦ ੩੫।

ਦੂਜੇ ਪਾਸੇ –ਸਤਿਗੁਰ ਕੀ ਸੇਵ ਨ ਕੀਨਿਆ ਕਿਆ ਉਹ ਕਰੇ ਵਿਚਾਰੁ। ਵਡਹੰਸ ਕੀ ਵਾਰ ਮ: ੫।

ਤਥਾ:–ਨਾ ਹਰਿ ਭਜੇ ਨ ਤੀਰਥ ਸੇਵੇ ਚੋਟੀ ਕਾਲ ਗਹੀ॥ ਸੋਰਠ ਮ: ੯ ਅਤੇ ਹਰਿਹਾਂ ਨਾਨਕ ਕਸਮਲ ਜਾਹਿ ਨਾਇਐ ਰਾਮਦਾਸ ਸਰ, ਫੁਨਹੇ ਮ: ੫॥

ਦੂਜੇ ਪਾਸੇ ਸ੍ਰੀ ਭਾਗ ਮਲ ਜੀ ਦੇ ਅਰਥ ਸਮਝੇ ਮੁਤਾਬਕ, ਤੀਰਥ ਨਾਇ ਨ ਉਤਰਸਿ ਮੈਲ, ਰਾਮ ਕਲੀ

Digitized by Panjab Digital Library | www.panjabdigilib.org

ਮ: ੫ ਸ਼ਬਦ ੨੪

ਤਥਾ:–ਪ੍ਰਤਰ ਕਲਤਰ ਗ੍ਰਿਸਤ ਕਾ ਫਾਸਾ, ਹੋਣ ਨ ਪਾਈਐ ਰਾਮ ਕੇ ਦਾਸਾ, ਗੌੜੀ ਮ: ੫ ਸ਼ਬਦ ੧੩।

ਦੂਜੇ ਪਾਸੇ, ਨਾਨਕ ਘਰ ਹੀ ਬੈਠਿਆ ਸਹੁ ਮਿਲੈ ਜੇ ਨੀਅਤ ਰਾਸ ਕਰੇਇ, ਸਲੋਕ ਫਰੀਦ ਮ: ੩

ਤਥਾ:–ਕਬੀਰ ਜਗੁ ਕਾਜਲ ਕੀ ਕੋਠਰੀ ਅੰਧ ਪਰੇ ਤਿਸ ਮਾਹਿ, ਸਲੋਕ ਕਬੀਰ ਜੀ ੨੬

ਦੂਜੇ ਪਾਸੇ–ਇਹੁ ਜਗੁ ਸਚੈ ਕੀ ਹੈ ਕੋਠੜੀ ਸਚੇ ਕਾ ਵਿਚ ਵਾਸੁ, ਆਸਾ ਦੀ ਵਾਰ।

ਤਥਾ–ਸੁਣਿਐ ਅੰਧੇ ਪਾਵਹਿ ਰਾਹੁ। ਜਪੁਜੀ ਸਾਹਿਬ।

ਦੂਜੇ ਪਾਸੇ, ਸੁਣਿ ਅੰਧਾ ਕੈਸੇ ਮਾਰਗੁ ਪਾਵੈ, ਸੁਖਮਨੀ ਸਾਹਿਬ ਅਸਟਪਦੀ ੪ ਤਾਂਤੇ ਅਵਸਥਾ ਆਦਿਕ ਭੇਦ ਤੇ ਉਪ੍ਰੋਕਤ ਪ੍ਰਮਾਣਾਂ ਦੇ ਅਰਥ ਕਰਨੇ ਸੇ ਪਰਸਪਰ ਵਿਰੋਧਤਾ ਨਹੀਂ ਮੰਨੀ ਜਾਂਦੀ। ਤਿਵੇਂ ਹੀ ਸੂਰਜ ਪ੍ਰਕਾਸ਼ ਦੇ ਭੀ ਪ੍ਰਕਰਨ ਪੁਸ਼ਟੀ, ਦੰਭ ਨਿਸ਼ੇਧ, ਅਥਵਾ, ਪ੍ਰੇਮ ਦੀ ਪ੍ਰਧਾਨਤਾ ਆਦਕ ਕਈ ਕਾਰਨਾਂ ਕਰਕੇ ਭਾਵ ਗ੍ਰਹਿਣ ਕੀਤਾ ਜਾਵੇ ਤਾਂ ਪ੍ਰਸਪਰ ਵਿਰੋਧਤਾ ਨਹੀਂ ਮੰਨੀ ਜਾ ਸਕਦੀ।

**੬. ਪ੍ਰਸ਼ਨ**--ਗੁਰਮਤ ਦਰਸ਼ਨ ਸਫਾ ੮੪ ਤੇ ਲਿਖਿਆ ਹੈ ਕਿ ਵਿਸ਼ੇਸ਼ ਸੂਚਨਾਂ ਲਈ ਸ੍ਰੀ ਮਾਨ ਪੰਥ ਰਤਨ ਭਾਈ ਸਾਹਿਬ ਭਾਈ ਵੀਰ ਸਿੰਘ ਜੀ ਦੀ ਬਣਾਈ, ਗੁਰਪ੍ਰਤਾਪ ਸੂਰਜ ਗ੍ਰੰਥਾਵਲੀ ਦੀ ਪ੍ਰਸਤਾਵਨਾਂ। ਤਥਾ–ਦੇਵੀ ਪੂਜਨ ਦੀ

Digitized by Panjab Digital Library | www.panjabdigilib.org

ਪੜਤਾਲ ਨਾਮੀ ਪੁਸਤਕਾਂ ਪੜ੍ਹੋ, ਤਾਂਤੇ ਉਹਨਾਂ ਪੁਸਤਕਾਂ ਵਿਚ ਦੇਵੀ ਮਨਾਈ, ਖੰਡਨ ਕੀਤੀ ਹੈ।

**ਉਤਰ**--ਸ੍ਰੀ ਮਾਨ ਭਾਈ ਸਾਹਿਬ ਭਾਈ ਵੀਰ ਸਿੰਘ ਜੀ ਉਪ੍ਰੋਕਤ ਗੁਰਮਤ ਦਰਸ਼ਨ ਦੇ ਕਰਤਾ ਦੇ ਹਮ ਖਿਆਲੀ ਹਨ ਇਸ ਲਈ ਉਹ ਕਹਿੰਦੇ ਹਨ ਕਿ ਉਨ੍ਹਾਂ ਦੀਆਂ ਪੁਸਤਕਾਂ ਪੜ੍ਹੋ ਤਾਂ ਕਿ ਦੇਵੀ ਮਨਾਈ ਖੰਡਨ ਨਿਸਚੇ ਹੋ ਸਕੇ, ਪ੍ਰੰਤੂ ਉਪ੍ਰੋਕਤ ਪੁਸਤਕਾਂ ਵਿਚ ਵੀ ਪਖ ਪਾਤ ਵਰਤਿਆ ਗਿਆ ਹੈ, ਨਿਰੋਲ ਸਚਾਈ ਨਹੀਂ ਅਤੇ ਉਪ੍ਰੋਕਤ ਪੁਸਤਕਾਂ ਅਭੁਲ ਵੀ ਨਹੀਂ ਹਨ ਦੇਖਨਾਂ ਚਾਹੋ ਤਾਂ ਨਮੂਨੇ ਮਾਤ੍ਰ ਦੇਖੋ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥਾਵਲੀ ਦੀ ਪ੍ਰਸਤਾਵਨਾ, ਦੂਜੀ ਵੇਰ ਛਪੀ ਦੇ, ਕਵੀ ਜੀ ਦੀ ਇਸ਼ਟਾਪਤੀ ਸਿਰਲੇਖ ਹੇਠ ਸਫਾ ੧੬੦ ਤੇ ਲਿਖਿਆ ਹੈ ਕਿ—

ਕਵੀ (ਸੰਤੋਖ ਸਿੰਘ) ਜੀ, ਸਰਸ੍ਵਤੀ ਦੇ ਉਪਾਸ਼ਕ ਨਹੀਂ ਸੇ, ਉਪਾਸ਼ਕ ਵਾਹਿਗੁਰੂ ਤੇ ਗੁਰੂ ਜੀ ਦੇ ਸਨ, ਆਪਣੇ ਵਾਹਿਗੁਰੂ ਤੇ ਗੁਰੂ ਜੀ ਦੇ ਜਸ ਲਈ ਉਸਨੂੰ ਯਾਦ ਕਰਦੇ ਹਨ, ਸਾਰਸੁਤੀ ਸਰਿਤਾ ਸਰਿਸ ਮਮ ਉਰ ਕਰਹੁ ਪ੍ਰਵਾਹ ॥
ਉਠਹਿ ਲਹਿਰ ਛੰਦਨ ਰਚਨ ਗੁਰ ਹਰਿ ਜਸ ਕੇ ਮਾਂਹਿ ॥
ਇਥੇ ਹੁਣ ਪ੍ਰਸ਼ਨ ਪੈਦਾ ਹੁੰਦਾ ਹੈ ਕਿ ਸ੍ਰੀ ਕਵੀ ਜੀ ਦੇ ਆਪਣੇ ਵਾਹਿਗੁਰੂ ਤੇ ਗੁਰੂ ਜੀ ਨੂੰ ਪਹਿਲੇ ਯਾਦ ਕਰਨੇ ਸੇ ਕੀ, ਉਸੇ ਵਾਹਿਗੁਰੂ ਤੇ ਗੁਰੂ ਜੀ ਦੇ ਜਸ ਰੂਪ ਛੰਦਾਂ ਦੇ ਰਚਣ ਦੀ ਲਹਿਰ ਹਿਰਦੇ ਵਿਚ ਨਹੀਂ ਸੀ ਉਠਦੀ ਜਿਸ ਲਈ ਸ੍ਰੀ ਮਾਨ ਕਵੀ ਸੰਤੋਖ ਸਿੰਘ ਜੀ ਨੂੰ ਸ੍ਰੀ ਦੇਵੀ ਅੱਗੇ ਪ੍ਰਾਰਥਨਾ ਕਰਨੀ

Digitized by Panjab Digital Library | www.panjabdigilib.org

ਪਈ, ਜੇਕਰ ਇੰਜ ਹੀ ਹੋਵੇ ਤਾਂ ਫਿਰ ਸ੍ਰੀ ਮਾਨ ਕਵੀ ਸੰਤੋਖ ਸਿੰਘ ਜੀ ਸ੍ਰੀ ਦੇਵੀ ਜੀ ਦੇ ਉਪਾਸ਼ਕ ਕਿਵੇਂ ਨਾ ਸਿਧ ਹੋਏ, ਅਤੇ ਜੇਕਰ ਆਪਣੇ ਵਾਹਿਗੁਰੂ ਤੇ ਗੁਰੂ ਜੀ ਨੂੰ ਯਾਦ ਕਰਨੇ ਸੇ ਵੀ ਛੰਦਾਂ ਦੇ ਰਚਣ ਦੀ ਲਹਿਰ ਹਿਰਦੇ ਵਿਚ ਆ ਸਕਦੀ ਸੀ ਤਾਂ ਉਪ੍ਰੋਕਤ ਭਾਈ ਸਾਹਿਬ ਜੀ ਦੇ ਕਥਨ ਅਨੁਸਾਰ ਜਿਸ ਦੇਵੀ ਜੀ ਦੇ ਸ੍ਰੀ ਮਾਨ ਕਵੀ ਸੰਤੋਖ ਸਿੰਘ ਜੀ ਉਪਾਸ਼ਕ ਨਹੀਂ ਸਨ ਫਿਰ ਉਸੇ ਦੇਵੀ ਅੱਗੇ ਪ੍ਰਾਰਥਨਾਂ ਕਿਉਂ ਕਰਦੇ ਹਨ, ਇਥੋਂ ਹੀ ਸਿੱਧ ਹੋ ਰਿਹਾ ਹੈ ਕਿ ਸ੍ਰੀ ਮਾਨ ਕਵੀ ਸੰਤੋਖ ਸਿੰਘ ਜੀ ਸ੍ਰੀ ਦੇਵੀ ਜੀ ਦੇ ਵੀ ਸ਼ਰਧਾਲੂ ਸਨ।

ਬਾਕੀ ਅੱਗੇ ਜਾ ਕੇ ਸ੍ਰੀ ਮਾਨ ਭਾਈ ਸਾਹਿਬ ਭਾਈ ਵੀਰ ਸਿੰਘ ਜੀ ਦੀ ਟਿਪਣੀ ਵਾਲੇ, ਸ੍ਰੀ ਗੁਰ ਨਾਨਕ ਪ੍ਰਕਾਸ਼, ਦੂਜੀ ਵੇਰ ਛਪੇ ਦੇ ਧਿਆ ੧ ਸਫਾ ੧੧ ਤੇ ਉਪ੍ਰੋਕਤ ਭਾਈ ਸਾਹਿਬ ਭਾਈ ਵੀਰ ਸਿੰਘ ਜੀ ਲਿਖਦੇ ਹਨ ਕਿ, ਸਾਰੇ ਪੰਦ੍ਰਾਂ ਮੰਗਲ ਆਪ ਨੇ ਕੀਤੇ ਹਨ, ਚੌਦਾਂ ਵਿਚ ਆਪਨਾ ਇਸ਼ਟ ਹੈ ਤੇ ਇਕ ਵਿਚ ਪ੍ਰਾਯਾ ਇਸ਼ਟ ਨਹੀਂ, ਮਜ਼ਹਬੀ ਸ਼ਖਸ਼ੀਅਤ ਨਹੀਂ, ਪਰ ਕੇਵਲ ਕਵੀਆਂ ਦੇ ਮਨੋ ਹੁਲਾਸ ਦੀ ਕਵਿ ਸੰਕੇਤਕ ਰੀਤ ਵਰਤੀ ਹੈ, ਉਹ ਇਹ ਹੈ—ਤੀਨ ਲੋਕ ਬਰਦਾਨੀ ਤੀਨੋ ਜਾਚੈ ਮਹਾਰਾਨੀ......ਇਥੇ ਹੁਣ ਸੁਆਲ ਪੈਂਦਾ ਹੁੰਦਾ ਹੈ ਕਿ ਉਤੇ ਲਿਖਿਆ ਹੈ ਕਿ ਆਪਣੇ ਵਾਹਿਗੁਰੂ ਤੇ ਗੁਰੂ ਦੇ ਜਸ ਲਈ ਸ੍ਰੀ ਦੇਵੀ ਜੀ ਨੂੰ ਯਾਦ ਕਰਦੇ ਹਨ ਤੇ ਇਥੇ ਲਿਖਿਆ ਹੈ, ਕੇਵਲ ਕਵੀਆਂ ਦੇ ਮਨੋ ਹੁਲਾਸ ਦੀ ਕਵਿ ਸੰਕੇਤਕ ਰੀਤ ਵਰਤੀ ਹੈ, ਤਾਂਤੇ ਜੇਕਰ ਪਹਿਲੀ ਗਲ ਠੀਕ ਸੀ ਤਾਂ ਫਿਰ

Digitized by Panjab Digital Library | www.panjabdigilib.org

ਕਵਿ ਸੰਕੇਤਕ ਰੀਤੀ ਵਰਤੀ ਹੈ ਲਿਖਣ ਦੀ ਕੋਈ ਲੋੜ ਨਹੀਂ ਸੀ ਭਾਸਦੀ, ਔਰ ਉਪ੍ਰੋਕਤ, ਤੀਨ ਲੋਕ ਬਰਦਾਨੀ, ਆਦਕ ਕਬਿੱਤ ਦੀ ਤੀਜੀ ਤੁਕ ਪੜ੍ਹੀਐ- (ਜਾਨੀ ਮੈ ਭਵਾਨੀ ਸੁਖ ਖਾਨੀ ਖਲ ਖੰਡਿਕਾ ) ਤਾਂ ਸ੍ਰੀ ਮਾਨ ਕਵੀ ਸੰਤੋਖ ਸਿੰਘ ਜੀ ਸਾਫ ਆਪਣੀ ਕਲਮ ਨਾਲ ਮੰਨਦੇ ਹਨ ਕਿ ਮੈਂ ਭਵਾਨੀ—ਦੇਵੀ ਸੁਖਾਂ ਦੀ ਖਾਣ ਸਮਝੀ ਹੈ ਤਾਂ ਤੇ ਉਪ੍ਰੋਕਤ ਕੇਵਲ ਕਵਿ ਸੰਕੇਤਕ ਰੀਤੀ ਵਰਤੀ ਹੈ, ਕਥਨ ਨਿਰਮੂਲ ਹੋ ਜਾਂਦਾ ਹੈ।

ਤਥਾ: ਇਹੋ ਭਾਈ ਸਾਹਿਬ ਭਾਈ ਵੀਰ ਸਿੰਘ ਜੀ ਉਸੇ ਗੁਰ ਪ੍ਰਤਾਪ ਸੂਰਜ ਗ੍ਰੰਥਾਵਲੀ ਦੀ ਪ੍ਰਸਤਾਵਨਾ, ਦੂਜੀ ਵੇਰ ਛਪੀ ਦੀ ਭੂਮਿਕਾ ਸਮਾਪਤੀ ਵਿੱਚ ਸਫਾ ੨੩ ਤੇ ਲਿਖਦੇ ਹਨ ਕਿ, ਅਸੀਂ ਨਹੀਂ ਕਹਿ ਸਕਦੇ ਕਿ ਅਸਾਂ ਸਾਰੇ ਟਿਕਾਣੇ ਖੋਜ ਕੇ ਲਾ ਲਏ ਹਨ, ਜਾਂ ਜੋ ਲਾਏ ਹਨ ਖ਼ਤਾ ਤੋਂ ਖਾਲੀ ਹਨ। ਕਿੰਤੂ ਸ੍ਰੀ ਭਾਗ ਮਲ ਜੀ ਸ੍ਰੀ ਮਾਨ ਭਾਈ ਸਾਹਿਬ ਭਾਈ ਵੀਰ ਸਿੰਘ ਜੀ ਦੀ ਲਿਖਤ ਨੂੰ ਖਤਾ ਤੋਂ ਖਾਲੀ (ਅਭੁਲ) ਸਮਝ ਕੇ ਹੋਰ ਲੋਕਾਂ ਨੂੰ ਪੜ੍ਹਨ ਦਾ ਉਪਦੇਸ਼ ਕਰ ਰਹੇ ਹਨ। ਕੀ ਸੱਚ ਮੰਨਿਆ ਜਾਵੇ, ਬਲਕਿ ਸ੍ਰੀ ਮਾਨ ਭਾਗ ਮਲ ਜੀ ਨੂੰ ਵੀ ਖੁਦ ਉਪਰੋਕਤ ਸ੍ਰੀ ਮਾਨ ਭਾਈ ਸਾਹਿਬ ਭਾਈ ਵੀਰ ਸਿੰਘ ਜੀ ਦੀ ਲਿਖਤ ਉਤੇ ਹਮ ਖਿਆਲੀ ਹੋਣ ਕਰਕੇ ਵੀ ਪੂਰਾ ਵਿਸ਼ਵਾਸ ਨਹੀਂ ਸਿਧ ਹੁੰਦਾ ਕਿਉਂਕਿ ਉਪਰੋਕਤ ਭਾ: ਸਾਹਿਬ ਭਾਈ ਵੀਰ ਸਿੰਘ ਜੀ ਉਸੇ ਗੁਰ ਪ੍ਰਤਾਪ ਸੂਰਜ ਗ੍ਰੰਥਾਵਲੀ ਦੀ ਪ੍ਰਸਤਾਵਨਾਂ ਦੂਜੀ ਵੇਰ ਛਪੀ ਦੇ ਮੁਖ ਬੰਧ ਸਫਾ ੩੭ ਤੇ ਲਿਖਦੇ ਹਨ ਕਿ, ਜਯੋਤਿ ਸ੍ਵਰੂਪ ਹਰੀ ਨੇ

Digitized by Panjab Digital Library | www.panjabdigilib.org

ਆਪ ਹੀ ਗੁਰੂ ਨਾਨਕ ਨਾਮ ਕਹਾ ਕੇ ਦਰਸ਼ਨ ਦਿਤੇ ਹਨ, ਪ੍ਰੰਤੂ ਸ੍ਰੀ ਭਾਗ ਮਲ ਜੀ ਆਪਣੇ ਗੁਰਮਤ ਦਰਸ਼ਨ ਦੇ ਸਫਾ ੨੮ ਤੇ ਲਿਖਦੇ ਹਨ ਕਿ, ਰੂਪ ਰੰਗ ਅਰ ਰੇਖ ਨਹਿ ਜੋ ਥਿਰ ਆਠੋ ਜਾਮ॥ ਕਿਉ ਉਹ ਜਨਮੈ ਕਿਉਂ ਮਰੈ ਕਿਉਂ ਹੋ ਗੌਰ ਸਿਆਮ, ਤਾਂਤੇ ਉਪਰੋਕਤ ਭਾਈ ਸਾਹਿਬ ਵੀਰ ਸਿੰਘ ਜੀ ਦੇ ਲਿਖੇ ਅਨੁਸਾਰ ਜੋਤਿ ਸਰੂਪ ਪ੍ਰਮਾਤਮਾਂ ਨੇ ਹੀ ਗੁਰੂ ਨਾਨਕ ਦੇਵ ਸਰੂਪ ਹੋ ਕੇ ਦਰਸ਼ਨ ਦਿਤੇ ਹਨ। ਕਿੰਤੂ ਸ੍ਰੀ ਭਾਗ ਮਲ ਜੀ ਇਸ ਗਲ ਤੋਂ ਇਨਕਾਰੀ ਹਨ, ਕਿਉਂਕਿ ਉਹ ਕਹਿੰਦੇ ਹਨ ਕਿ ਜਿਸ ਪ੍ਰਮਾਤਮਾਂ ਦਾ ਕੋਈ ਰੂਪ ਰੰਗ ਨਹੀਂ ਉਹ ਪ੍ਰਮਾਤਮਾਂ ਜਨਮ ਨਹੀਂ ਲੈ ਸਕਦਾ ਤੇ ਨਾਂ ਹੀ ਉਸ ਦਾ ਕੋਈ ਗੋਰਾ ਕਾਲਾ ਆਦਕ ਰੰਗ ਹੀ ਹੋ ਸਕਦਾ ਹੈ ਪ੍ਰੰਤੂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਪਿਤਾ ਸ੍ਰੀ ਕਾਲੂ ਰਾਮ ਜੀ ਦੇ ਘਰ ਜਨਮ ਲਿਆ ਅਤੇ ਸ੍ਰੀ ਗੁਰੂ ਜੀ ਦਾ ਰੰਗ ਵੀ ਗੋਰਾ ਸੀ ਫੋਟੋ ਦੇ ਦਰਸ਼ਨ ਕਰਨੇ ਸੇ ਪ੍ਰਤੀਤ ਹੁੰਦਾ ਹੈ, ਇਸ ਲਈ ਉਪ੍ਰੋਕਤ ਭਾਈ ਸਾਹਿਬ ਪ੍ਰਮਾਤਮਾਂ ਦਾ ਜਨਮ ਲੈਣਾ ਅਤੇ ਰੂਪ ਰੰਗ ਵਾਲਾ ਹੋਣਾ ਮੰਨਦੇ ਹਨ, ਤਾਂਤੇ ਸ੍ਰੀ ਭਾਗ ਮਲ ਜੀ ਨੂੰ ਉਪ੍ਰੋਕਤ ਭਾਈ ਸਾਹਿਬ ਜੀ ਦੀ ਲਿਖਤ ਉਤੇ ਆਪ ਨੂੰ ਵੀ ਜਦ ਪੂਰਾ ਵਿਸ਼ਵਾਸ਼ ਨਹੀਂ ਤਾਂ ਪਤਾ ਨਹੀਂ ਫਿਰ ਲੋਕਾਂ ਨੂੰ ਕਿਉਂ ਉਨ੍ਹਾਂ ਦੀ ਲਿਖਤ ਪੜ੍ਹਨ ਦਾ ਉਪਦੇਸ਼ ਕਰਦੇ ਹਨ।

ਬਲਕਿ ਇਸੇ ਗੁਰਪ੍ਰਤਾਪ ਸੂਰਜ ਗ੍ਰੰਥਾਵਲੀ ਦੀ ਪ੍ਰਸਤਾਵਨਾਂ, ਦੂਜੀ ਵੇਰ ਛਪੀ ਦੇ ਭੂਮਕਾ ਸਫਾ ੨੨ ਤੇ ਲਿਖਿਆ ਹੈ ਕਿ, ਇਸ ਲੰਮੇ ਲੇਖ ਤੋਂ ਸਾਡਾ ਤਾਤਪ੍ਰਯ ਕੇਵਲ

ਏਹੀ ਹੈ ਕਿ ਹਰੇਕ ਇਤਿਹਾਸਕ ਗ੍ਰੰਥ ਆਪਣੇ ਆਪ ਵਿਚ ਅਚੁਕ ਨਹੀਂ ਹੈ ਤੇ ਸਾਡੇ ਪ੍ਰਮਾਣ ਲੈਣ ਤੋਂ ਇਹ ਨਾਂ ਸਮਝਿਆ ਜਾਵੇ ਕਿ ਅਸਾਂ ਹਰੇਕ ਨੂੰ ਅਚੁਕ ਮੰਨਿਆ ਹੈ, ਇਸ ਲਿਖਤ ਤੋਂ ਪਤਾ ਲਗਦਾ ਹੈ ਕਿ ਉਪ੍ਰੋਕਤ ਭਾਈ ਸਾਹਿਬ ਕਿਸੇ ਇਤਿਹਾਸਕ ਗ੍ਰੰਥ ਨੂੰ ਅਭੁਲ ਨਹੀਂ ਮੰਨਦੇ ਤੇ ਜਿਨ੍ਹਾਂ ਗ੍ਰੰਥਾਂ ਵਿਚੋਂ ਉਨ੍ਹਾਂ ਪ੍ਰਮਾਣ ਲਏ ਹਨ ਉਨ੍ਹਾਂ ਨੂੰ ਵੀ ਉਹ ਅਭੁਲ (ਯਥਾਰਥ) ਨਹੀਂ ਮੰਨਦੇ, ਇਸਦਾ ਸਾਫ ਮਤਲਬ ਇਹ ਸਿਧ ਹੋਇਆ ਕਿ ਜਿਥੋਂ ਆਪਣੀ ਮਨ ਮਰਜੀ ਅਨੁਸਾਰ ਹੋਇਆ ਉਥੋਂ ਕੁਛ ਪ੍ਰਮਾਣੀਕ ਮੰਨ ਲਿਆ, ਤੇ ਜਿਥੋਂ ਆਪਣੀ ਰੁਚੀ ਦੇ ਅਨੁਸਾਰ ਨਾ ਹੋਇਆ ਉਥੋਂ ਉਤਨੇ ਹਿਸੇ ਨੂੰ ਵਿਚੋਂ ਆਪ੍ਰਮਾਣੀਕ ਮੰਨ ਲਿਆ ਤਾਂ ਇਹ ਕੋਈ ਵਡੀ ਗਲ ਨਹੀਂ ਇੰਜ ਕੌਣ ਨਹੀਂ ਕਰ ਸਕਦਾ।

ਤਥਾ:–ਇਸਤੋਂ ਅੱਗੇ ਉਪ੍ਰੋਕਤ ਭਾਈ ਸਾਹਿਬ ਜੀ ਇਸੇ ਸਫਾ ੨੨ ਤੇ ਹੀ ਲਿਖਦੇ ਹਨ ਕਿ, ਅਸਲ ਵਿਚ ਕਵੀ ਜੀ ਬੀ ਇਹੋ ਗਲ ਲਿਖਦੇ ਹਨ ਕਿ, ਇਤਿਹਾਸ ਨੂੰ ਰਲ ਗਡ ਵੇਖ ਕੇ ਮੈਂ ਇਹ ਇਤਿਹਾਸ ਸਫਾ ਕਰਕੇ ਲਿਖ ਰਿਹਾ ਹਾਂ, ਉਨ੍ਹਾਂ ਨੇ ਆਪਣੀ ਸਮਝ ਤੇ ਸ਼ਕਤੀ ਮੂਜਬ ਐਸਾ ਹੀ ਕੀਤਾ ਹੈ ਪਰ ਸ਼ੋਕ ਹੈ ਕਿ ਉਨ੍ਹਾਂ ਦੇ ਪਾਸ ਉਹ ਸਾਰੇ ਸਾਮਾਨ ਨਹੀਂ ਸਨ ਜੋ ਅੱਜ ਨਿਕਲ ਰਹੈ ਹਨ, ਕਿੰਤੂ ਇਸਤੋਂ ਪਿਛੇ ਇਸੇ ਗੁਰਪ੍ਰਤਾਪ ਸੂਰਜ ਗ੍ਰੰਥਾਵਲੀ ਦੀ ਪ੍ਰਸਤਾਵਨਾ, ਦੂਜੀ ਵੇਰ ਛਪੀ ਦੀ ਭੂਮਕਾ ਸਫਾ ੧੮ ਤੇ ਸ੍ਰੀ ਮਾਨ ਭਾਈ ਸਾਹਿਬ ਭਾਈ ਵੀਰ ਸਿੰਘ ਜੀ ਲਿਖ ਰਹੈ ਹਨ ਕਿ, ਭਾਈ ਸੰਤੋਖ ਸਿੰਘ ਜੀ ਨੇ ਇਸੇ (ਸੌ ਸਾਖੀ) ਪੋਥੀ ਨੂੰ ਸਾਰਾ ਸਚ ਮੰਨ ਕੇ

Digitized by Panjab Digital Library | www.panjabdigilib.org

ਕਈ ਉਕਾਈਆਂ ਖਾਧੀਆਂ ਹਨ, ਇਥੇ ਵੀ ਇਹ ਪ੍ਰਸ਼ਨ ਪੈਦਾ ਹੁੰਦਾ ਹੈ ਕਿ ਜੇਕਰ ਸ੍ਰੀ ਮਾਨ ਕਵੀ ਸੰਤੋਖ ਸਿੰਘ ਜੀ ਨੇ ਇਹ ਸਾਰਾ ਇਤਿਹਾਸ ਸਫ਼ਾ ਕਰਕੇ ਲਿਖਿਆ ਹੈ ਤਾਂ ਫਿਰ ਇਹ ਗਲ ਲਿਖਣੀ ਕੀ, ਅਰਥ ਰਖਦੀ ਹੈ ਕਿ ਇਸ ਪੋਥੀ ਨੂੰ ਸਾਰਾ ਸਚ ਮੰਨ ਕੇ ਕਵੀ ਜੀ ਨੇ ਉਕਾਈਆਂ (ਗਲਤੀਆਂ) ਖਾਧੀਆਂ ਹਨ, ਇਸ ਗਲ ਦੇ ਲਿਖਣ ਦਾ ਕਾਰਨ ਇਹੋ ਜਾਪਦਾ ਹੈ ਕਿ ਇਸ ਸੌ ਸਾਖੀ ਪੋਥੀ ਵਿਚ ਸ੍ਰੀ ਦੇਵੀ ਪ੍ਰਗਟ ਕੀਤੀ ਲਿਖੀ ਹੋਈ ਹੈ ਕਿੰਤੂ ਉਪ੍ਰੋਕਤ ਭਾਈ ਸਾਹਿਬ ਭਾਈ ਵੀਰ ਸਿੰਘ ਜੀ ਦੇ ਇਹ ਮਨ ਮਰਜੀ ਅਨੁਸਾਰ ਨਹੀਂ, ਇਸ ਲਈ ਇਥੇ ਲਿਖਣਾ ਪਿਆ ਹੈ ਕਿ ਸ੍ਰੀ ਕਵੀ ਜੀ ਨੇ ਕਈ ਉਕਾਈਆਂ ਖਾਧੀਆਂ ਹਨ, ਨਹੀਂ ਤਾਂ ਜਦ ਉਪ੍ਰੋਕਤ ਮੰਨ ਰਹੇ ਹਨ ਕਿ ਸ੍ਰੀ ਕਵੀ ਸੰਤੋਖ ਸਿੰਘ ਜੀ ਨੇ ਸਾਰਾ ਇਤਿਹਾਸ ਹੀ ਸਫ਼ਾ ਕਰਕੇ ਲਿਖਿਆ ਹੈ ਤਾਂ ਫਿਰ ਕੀ, ਇਹ ਸੌ ਸਾਖੀ ਸਫ਼ਾ ਕਰਕੇ ਨਹੀਂ ਸੀ ਉਨ੍ਹਾਂ ਆਪਣੇ ਗ੍ਰੰਥ ਵਿਚ ਲਿਖੀ।

ਬਾਕੀ ਸ੍ਰੀ ਮਾਨ ਕਵੀ ਸੰਤੋਖ ਸਿੰਘ ਜੀ ਦੇ ਪਾਸ ਉਹ ਸਾਰੇ ਸਾਮਾਨ ਨਹੀਂ ਸਨ ਜੋ ਅੱਜ ਨਿਕਲ ਰਹੇ ਹਨ ਇਹ ਗਲ ਵੀ ਇਸ ਲਈ ਲਿਖੀ ਜਾਪਦੀ ਹੈ ਕਿ ਸਾਡੀ ਖੋਜ ਉਨ੍ਹਾਂ ਦੀ ਖੋਜ (ਦੇਵੀ ਪ੍ਰਗਟ ਕੀਤੀ) ਨਾਲੋਂ ਸਹੀ ਮੰਨੀ ਜਾ ਸਕੇ ਕਿ ਦੇਵੀ ਨਹੀਂ ਮਨਾਈ ਗਈ, ਨਹੀਂ ਤਾਂ ਇਹ ਗਲ ਕੋਈ ਵਜਨ ਨਹੀਂ ਰਖਦੀ, ਅਤੇ ਦੇਵੀ ਪੂਜਨ ਪੜਤਾਲ, ਦੂਜੀ ਵੇਰ ਸਤੰਬਰ ੧੯੩੫ ਵਿਚ ਛਪੀ ਦੇ ਪਿਛਲੇ ਟਾਈਟਲ ਤੇ ਲਿਖਿਆ ਹੈ ਕਿ, ਗੁਰੂ ਚਰਨਾਂ ਦੇ ਪਿਆਰੇ ਸੁਹਣੇ ਸਤਿਗੁਰਾਂ

Digitized by Panjab Digital Library | www.panjabdigilib.org

ਦੇ ਪੂਰਨ ਅਨਿੰਨ ਭਗਤ ਕਵੀਆਂ ਦੇ ਸ਼ਿਰੋ ਮਣਿ ਤੇ ਉਚੇ ਵਲਵਲਿਆਂ ਦੇ ਮਹਾਂਨ ਕਵੀ ਸ੍ਰੀ ਭਾਈ ਸੰਤੋਖ ਸਿੰਘ ਜੀ ਦੇ ਨਾਮ ਤੋਂ ਕੌਣ ਜਾਣੂ ਨਹੀਂ ਇਸ ਅਦੁਤੀ ਵਿਦਵਾਨ ਰਚਿਤ, ਗੁਰਪ੍ਰਤਾਪ ਸੂਰਜ, ਦਾ ਜੋ ਉਚਾ ਦਰਜਾ ਸਿਖੀ ਦੇ ਪ੍ਰਚਾਰ ਵਿਚ ਹੈ ਉਹ ਹੋਰ ਘਟ ਪੁਸਤਕਾਂ ਦਾ ਹੈ, ਇਕ ਪਾਸੇ ਉਪ੍ਰੋਕਤ ਇਹ ਮੰਨਿਆ ਜਾ ਰਿਹਾ ਹੈ ਕਿ ਅਦੁਤੀ ਵਿਦਵਾਨ ਰਚਿਤ, ਗੁਰ ਪ੍ਰਤਾਪ ਸੂਰਜ, ਦਾ ਸਿਖੀ ਪ੍ਰਚਾਰ ਵਿਚ ਉਚਾ ਦਰਜਾ ਹੈ ਤੇ ਦੂਜੇ ਪਾਸੇ ਇਹ ਲਿਖਿਆ ਜਾ ਰਿਹਾ ਹੈ ਕਿ ਸ੍ਰੀ ਮਾਨ ਕਵੀ ਸੰਤੋਖ ਸਿੰਘ ਜੀ ਦੇ ਪਾਸ ਉਹ ਸਾਰੇ ਸਾਮਾਨ ਨਹੀਂ ਸਨ ਜੋ ਅਜ ਕਲ ਨਿਕਲ ਰਹੇ ਹਨ, ਤਾਂ ਉਹ ਅਦੁਤੀ ਵਿਦਵਾਨ ਕੀ, ਤੇ ਉਸਦੇ ਰਚੇ, ਗੁਰਪ੍ਰਤਾਪ ਸੂਰਜ, ਦਾ ਉਚਾ ਦਰਜਾ ਕੀ।

ਤਥ:–ਰਹੀ ਗਲ, ਦੇਵੀ ਪੂਜਨ ਪੜਤਾਲ, ਦੀ ਉਸ ਵਿਚੋਂ ਵੀ ਨਮੂਨੇ ਮਾਤ੍ਰ ਦੇਖਣਾ ਚਾਹੋ ਤਾਂ ਤੀਜੀ ਵੇਰ ਸਤੰਬਰ ੧੯੫੧ ਵਿਚ ਛਪੀ ਦੇ ਸਫਾ ੧੦ ਤੇ ਲਿਖਿਆ ਹੈ ਕਿ, ਹੁਣ ਵਿਚਾਰ ਜੋਗ ਇਹ ਬਾਤ ਹੈ ਕਿ ਇਕ ਪਾਸੇ ਤਾਂ ਅਸਲੀ ਰੂਪ ਵਿਚ ਮਿਰਜਾ ਪੁਰ ਦੇ ਲਾਗਲਾ ਵਿੰਧਯਾ ਦਾ ਮੰਦਰ ਅਤੇ ਕਲਕਤੇ ਵਿਚ ਕਾਲੀ ਬਾੜੀ ਦੇ ਮੰਦ੍ਰਾਂ ਦੀ ਭਯ ਦਾਇਕ ਦਸ਼ਾ ਤੇ ਦੇਵੀ ਦਾ ਬੁਤ ਹੈ ਤੇ ਦੇਵੀ ਪੂਜਾ ਦੇ ਨਾਮ ਤੇ ਤਾਂਤ੍ਰਿਕ ਰਸਮਾਂ ਤੇ ਹੋਰ ਜਾਦੂ ਟੂਣੇ ਆਦਕ ਵਹਿਮੀ ਕੰਮ ਹਨ, ਦੂਜੇ ਪਾਸੇ–ਉਪਰ ਦਸੀ ਖਯਾਲੀ ਦੇਵੀ ਦੀ ਬਾਬਤ ਉਪਰ ਕਥੇ ਖਿਆਲ ਹਨ ਦੋਵੇਂ ਇਕ ਅਚਰਜ ਵਿਰੋਧੀ ਭਾਵ ਹਨ ਜਿਨ੍ਹਾਂ ਵਿਚ ਅਮਿਣਵਾਂ ਫਾਸਲਾ ਹੈ, ਸੋਚ ਕਰਨ ਵਾਲਾ ਕੀ ਹ ਸੋਚ

Digitized by Panjab Digital Library | www.panjabdigilib.org

ਕਰੇ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਕਵੀਆਂ ਦੇ ਲਿਖੇ ਮੂਜਬ ਕਿਸਦਾ ਅਵਾਹਨ ਕੀਤਾ। ਅੱਗੇ ਇਹੋ ਭਾਈ ਸਾਹਿਬ ਜੀ ਇਸੇ ਦੇਵੀ ਪੂਜਨ ਪੜਤਾਲ, ਤੀਜੀ ਵੇਰ ਛਪੀ ਦੇ ਸਫਾ ੧੪ ਤੇ ਲਿਖਦੇ ਹਨ ਕਿ, ਦੂਸਰੇ ਗੁਰੂ ਜੀ ਨੂੰ ਜੋ ਪਹਿਲਾਂ ਦੇਵੀ ਦੇ ਉਪਾਸ਼ਕ ਸਨ ਗੁਰੂ ਨਾਨਕ ਦੇ ਦੁਆਰੇ ਝਾੜੂ ਦਿੰਦੀ ਦੇਵੀ ਦੇ ਦਰਸ਼ਨ ਹੋਏ, ਹੁਣ ਇਥੇ ਇਹ ਪ੍ਰਸ਼ਨ ਪੈਂਦਾ ਹੋ ਜਾਂਦਾ ਹੈ ਕਿ ਉਪ੍ਰੋਕਤ ਲੇਖ ਵਿਚ ਪਹਿਲੇ ਭਾਈ ਸਾਹਿਬ ਜੀ ਇਹ ਭਾਵ ਦਰਸਾ ਰਹੈ ਹਨ ਕਿ ਅਸਲ ਦੇਵੀ ਕੋਈ ਸਿਧ ਹੀ ਨਹੀਂ ਹੁੰਦੀ ਤਾਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਫਿਰ ਅਵਾਹਨ ਕਿਸ ਦੇਵੀ ਦਾ ਕੀਤਾ, ਔਰ ਹੇਠ ਲੇਖ ਵਿਚ ਸਿਧ ਕਰਦੇ ਹਨ ਕਿ ਸ੍ਰੀ ਗੁਰੂ ਅੰਗਦ ਦੇਵ ਜੀ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਦੁਆਰੇ ਤੇ ਝਾੜੂ ਦੇਂਦੀ ਦੇਵੀ ਦੇ ਦਰਸ਼ਨ ਹੋਏ, ਤਾਂ ਇਥੇ ਉਪ੍ਰੋਕਤ ਭਾਈ ਸਾਹਿਬ ਜੀ ਨੇ ਕੋਈ ਨਿਰਣਯ ਨਹੀਂ ਕੀਤਾ ਕਿ ਜਦ ਦੇਵੀ ਅਸਲੀ ਕੋਈ ਸਿਧ ਹੀ ਨਹੀਂ ਹੁੰਦੀ ਤਾਂ ਗੁਰੂ ਜੀ ਦੇ ਦੁਆਰੇ ਤੇ ਝਾੜੂ ਦੇਂਦੀ ਦੇਵੀ ਕੇਹੜੀ ਦੇ ਦਰਸ਼ਨ ਹੋਏ ਸਚ ਮੰਨਿਆ ਜਾਵੇ, ਜੇਕਰ ਕਿਸੇ ਨਕਲੀ ਦੇਵੀ ਦੇ (ਝਾੜੂ ਦਿੰਦੀ ਦੇ) ਦਰਸ਼ਨ ਹੋਇ ਸਨ ਤਾਂ ਫਿਰ ਅਸਲ ਦੇਵੀ ਦੀ ਇਸ ਪ੍ਰਸੰਗ ਨਾਲ ਕਮਜੋਰੀ ਨਹੀਂ ਸਾਬਤ ਹੋ ਸਕਦੀ, ਅਤੇ ਜੇਕਰ ਅਸਲੀ ਦੇਵੀ ਝਾੜੂ ਦਿੰਦੀ ਦੇ ਦਰਸ਼ਨ ਹੋਏ ਸਨ ਤਾਂ ਫਿਰ ਉਸੇ ਦੇਵੀ ਦਾ ਸ੍ਰੀ ਦਸਮੇਸ਼ ਜੀ ਨੇ ਅਵਾਹਨ ਕੀਤਾ ਸਿੱਧ ਹੋ ਸਕਦਾ ਹੈ ਫਿਰ ਇਹ ਕਹਿਣਾ ਕੋਈ ਅਰਥ ਨਹੀਂ ਰਖਦਾ ਕਿ ਸ੍ਰੀ ਦਸਮੇਸ਼ ਜੀ ਨੇ ਕਵੀਆਂ ਦੇ ਲਿਖੇ ਮੂਜਬ ਕਿਸ ਦਾ ਅਵਾਹਨ ਕੀਤਾ, ਤਾਂਤੇ ਦੇਵੀ

Digitized by Panjab Digital Library | www.panjabdigilib.org

ਪੂਜਨ ਪੜਤਾਲ, ਵਿਚ ਵੀ ਕੋਈ ਜਚਦੀ ਗਲ ਸਿਧ ਨਹੀਂ ਹੁੰਦੀ ਬਾਕੀ ਦੇਵੀ ਪੂਜਨ ਪੜਤਾਲ ਵਿਚ ਕਈ ਗਲਾਂ ਸ੍ਰੀ ਭਾਗ ਮਲ ਜੀ ਦੇ ਨਿਸਚੇ ਦੇ ਵੀ ਵਿਰੁਧ ਹਨ, ਜਿਵੇਂ ਇਸੇ ਦੇਵੀ ਪੂਜਨ ਪੜਤਾਲ ਤੀਜੀ ਵੇਰ ਛਪੀ ਦੇ ਸਫਾ ੧੧ ਤੇ ਲਿਖਿਆ ਹੈ ਕਿ, ਇਨ੍ਹਾਂ ਸਭਨਾਂ ਤੁਕਾਂ ਵਿਚ ਅਕਾਲ ਪੁਰਖ ਨਿਰਗੁਣ ਪ੍ਰਮਾਤਮਾਂ ਵਲ ਇਸ਼ਾਰਾ ਹੈ, ਕਿਉਂਕਿ ਅਗਲੀਆਂ ਤੁਕਾਂ ਵਿਚ ਉਸ ਰਚਨ ਹਾਰ ਨੂੰ ਅਛਲ, ਅਛੇਦ, ਅਭੇਦ, ਏਕ ਬੇਅੰਤ ਊਚ ਤੇ ਊਚਾ, ਬੇਸ਼ੁਮਾਰ, ਅਥਾਹ, ਅਗਣਤ, ਅਤੋਲ ਕਹਿ ਰਹੇ ਹਨ ਇਹ ਕਰਤਵਜ (ਰਚਨ ਪਾਲਨ ਸੰਹਾਰ ਆਦਿ) ਵਖਰੇ ਸਰਗੁਣ ਸਰੂਪ ਈਸ਼ਵਰ ਯਾਂ ਵਿਸ਼ਨੂੰ ਯਾ ਭਵਾਨੀ ਦੇ ਨਹੀਂ ਆਖੇ ਸ਼ੁਧ ਚੇਤਨ ਅਕਾਲ ਪੁਰਖ ਦੇ ਕਹੇ ਹਨ, ਪ੍ਰੰਤੂ ਸ੍ਰੀ ਭਾਗ ਮਲ ਜੀ ਆਪਣੇ ਲਿਖੇ ਗੁਰਮਤ ਦਰਸ਼ਨ ਦੇ ਸਫਾ ੫੪ ਤੇ ਵਿਸ਼ਨੂੰ ਆਦਕ ਅਵਤਾਰਾਂ ਦੇ ਖੰਡਨ ਹਿਤ, ਇਕ ਸੰਸਾਰੀ ਇਕ ਭੰਡਾਰੀ ਇਕ ਲਾਇ ਦੀਬਾਣ, ਪ੍ਰਮਾਣ ਵੀ ਲਿਖਿਆ ਹੈ, ਕੀ ਉਥੇ ਸੰਸਾਰੀ = ਸੰਸਾਰ ਨੂੰ ਰਚਣ ਵਾਲਾ ਤੇ ਭੰਡਾਰੀ = ਭੰਡਾਰਾ ਦੇਕੇ ਪਾਲਨ ਵਾਲਾ ਅਤੇ ਲਾਇ ਦੀ ਬਾਣ = ਸੰਸਾਰ ਨੂੰ ਲੈ ਕਰਨ ਦੀ ਬਾਣ ਵਾਲਾ, ਇਹ ਉਤਪਤੀ ਪਾਲਨ ਸੰਹਾਰ ਕਰਤਵਜ ਸ਼ੁਧ ਚੇਤਨ ਅਕਾਲ ਪੁਰਖ ਦੇ ਹੀ ਕਥਨ ਕੀਤੇ ਹਨ, ਜੇਕਰ ਸ੍ਰੀ ਭਾਗ ਮਲ ਜੀ ਇੰਜ ਮੰਨਦੇ ਹੁੰਦੇ ਤਾਂ ਉਪ੍ਰੋਕਤ ਇਕ ਸੰਸਾਰੀ ਇਕ ਭੰਡਾਰੀ, ਆਦਕ ਪ੍ਰਮਾਣ ਵਿਸ਼ਨੂੰ ਸ਼ਿਵਜੀ ਆਦਕਾਂ ਦੇ ਖੰਡਨ ਹਿਤ ਕਿਵੇਂ ਵਰਤ ਸਕਦੇ ਸਨ, ਇਸੇ ਤੋਂ ਸਾਬਤ ਹੁੰਦਾ ਹੈ ਕਿ ਸ੍ਰੀ ਭਾਗ ਮਲ ਜੀ ਸੰਸਾਰ ਨੂੰ ਰਚਨ ਵਾਲਾ

Digitized by Panjab Digital Library | www.panjabdigilib.org

ਬ੍ਰਹਮਾਂ ਤੇ ਪਾਲਨ ਵਾਲਾ ਵਿਸ਼ਨੂੰ ਅਤੇ ਸੰਹਾਰ ਕਰਨ ਵਾਲਾ ਸ਼ਿਵਜੀ ਨੂੰ ਹੀ ਮੰਨਦੇ ਹਨ, ਕੇਵਲ ਸ਼ੁਧ ਚੇਤਨ ਅਕਾਲ ਪੁਰਖ ਨੂੰ ਨਹੀਂ ਮੰਨਦੇ ਤਾਂਤੇ ਉਪ੍ਰੋਕਤ ਸ੍ਰੀ ਮਾਨ ਭਾਈ ਸਾਹਿਬ ਜੀ ਦੇ ਲਿਖੇ ਲੇਖ ਦੇ ਸ੍ਰੀ ਭਾਗ ਮਲ ਜੀ ਖ਼ੁਦ ਵੀ ਵਿਰੁਧ ਸਾਬਤ ਹੋ ਰਹੈ ਹਨ।

ਕਿੰਤੂ ਜੇਕਰ ਉਪ੍ਰੋਕਤ ਭਾਈ ਸਾਹਿਬ ਜੀ ਦੇ ਲੇਖ ਨੂੰ ਕਦੀ ਯਥਾਰਥ ਵੀ ਮੰਨ ਲਈਏ ਤਾਂ ਫਿਰ ਇਹ ਸ਼ੰਕੇ ਪੈਦਾ ਵੀ ਹੁੰਦੇ ਹਨ ਕਿ ਜੇਕਰ ਜਗਤ ਦੀ ਰਚਨਾ, ਪਾਲਨ, ਸੰਹਾਰ, ਆਦਕ ਸ਼ੁਧ ਚੇਤਨ ਅਕਾਲ ਪੁਰਖ ਹੀ ਕਰਦਾ ਹੈ ਤਾਂ ਜਗਤ ਦਾ ਨਮਿਤ ਕਾਰਨ ਜਾਂ ਉਪਾਦਾਨ ਕਾਰਨ ਉਹ ਸ਼ੁਧ ਚੇਤਨ ਆਪ ਹੀ ਹੈ ਕਿ ਕੋਈ ਹੋਰ ਵੀ ਅਨਾਦੀ ਮਾਇਆ ਆਦਕ ਹੈ ਜੇਕਰ ਆਪ ਹੀ ਹੈ ਤਾਂ ਜਗਤ ਦਾ ਉਪਾਦਾਨ ਕਾਰਨ ਆਪ ਹੋਣੇ ਸੇ ਫਿਰ ਜਗਤ ਵੀ ਅਰੂਪ, ਅਬਿਨਾਸ਼ੀ ਹੋਣਾ ਚਾਹੀਦਾਸੀ ਕਿਉਂਕਿਸ਼ੁਧ ਚੇਤਨ ਅਰੂਪ,ਅਬਿਨਾਸ਼ੀ ਹੈ,ਜੇਕਰ ਕਿਹਾ ਜਾਵੇ ਕਿ ਉਹ ਕੇਵਲ ਨਮਿਤ ਕਾਰਨ ਹੀ ਹੈ ਤਾਂ ਫਿਰ ਗੁਰੂ ਜੀ ਨੇ ਫੁਰਮਾਇਆ ਹੈ, ਇਹੁ ਵਿਸੁ ਸੰਸਾਰ ਜੋ ਤੁਮ ਦੇਖਦੇ ਇਹ ਹਰਿ ਕਾ ਰੂਪ ਹੈ, ਆਦਕ ਇਸ ਵਾਕ ਦਾ ਕੀ, ਅਰਥ ਕੀਤਾ ਜਾਵੇਗਾ ਕਿਉਂਕਿ ਨਮਿਤ ਕਾਰਨ ਕਾਰਜ ਸੇ ਭਿੰਨ ਹੁੰਦਾ ਹੈ ਤਾਂਤੇ ਕਾਰਜ ਉਸਦਾ ਸਰੂਪ ਨਹੀਂ ਹੋ ਸਕਦਾ ਕਿੰਤੂ ਉਪ੍ਰੋਕਤ ਸੰਸਾਰ ਕਾਰਜ ਹਰਿ = ਪ੍ਰਮਾਤਮਾਂ ਦਾ ਸਰੂਪ ਹੈ ਲਿਖਿਆ ਹੈ ਬਲਕਿ; ਜੋ ਦੀਸੈ ਸੋ ਤੇਰਾ ਰੂਪ ॥ਤਿਲੰਗ ਮ: ੫ ਵੀ ਗੁਰੂ ਜੀ ਦਾ ਵਾਕ ਹੈ, ਇਸ ਲਈ ਮਾਇਆ ਵਸ਼ਿਸ਼ਟ ਈਸ਼ਵਰ ਹੀ ਜਗਤ ਦਾ ਨਮਿਤ, ਉਪਾਦਾਨ ਕਾਰਨ ਸਿਧ

Digitized by Panjab Digital Library | www.panjabdigilib.org

ਹੁੰਦਾ ਹੈ, ਕੇਵਲ ਸ਼ੁਧ ਚੇਤਨ ਨਹੀਂ।

ਬਾਕੀ ਸ੍ਰੀ ਦਸਮੇਸ਼ ਜੀ ਫੁਰਮਾਉਂਦੇ ਹਨ ਕਿ, ਸੋਈ ਭਵਾਨੀ ਨਾਮ ਕਹਾਈ, ਜਿਨ ਸਗਰੀ ਇਹ ਸ੍ਰਿਸਟਿ ਉਪਾਈ (ਚਉਬੀਸ ਅਵਤਾਰ ਛੰਦ ੨੯) ਤਾਂ ਫਿਰ ਇਥੇ ਸ੍ਰਿਸ਼ਟੀ ਨੂੰ ਪੈਦਾ ਕਰਨ ਵਾਲੀ ਭਵਾਨੀ ਦਾ ਕੀ ਅਰਥ ਕੀਤਾ ਜਾਵੇਗਾ, ਕੀ, ਸ਼ੁਧ ਚੇਤਨ ਅਕਾਲ ਪੁਰਖ, ਜੇਕਰ ਕਿਸੇ ਹਠ ਦੇ ਵਸ ਕੀਤਾ ਵੀ ਜਾਵੇਗਾ ਤਾਂ ਸ਼ੁਧ ਚੇਤਨ ਅਕਾਲ ਪੁਰਖ ਨੂੰ ਭਵਾਨੀ ਨਾਮ ਸੇ ਯਾਦ ਕਿਉਂ ਕੀਤਾ ਹੈ ਇਹ ਕਈ ਸ਼ੰਕਾ ਪੈਦਾ ਹੁੰਦੇ ਹਨ।

ਇਸੇ ਦੇਵੀ ਪੂਜਨ ਪੜਤਾਲ, ਤੀਜੀ ਵੇਰ ਛਪੀ ਦੇ ਸਫਾ ੨੦ ਤੇ, ਕਈ ਦੇਵਿ ਆਦਿ ਕੁਮਾਰ, ਦੀ ਟਿਪਣੀ ਵਿਚ ਲਿਖਿਆ ਹੈ ਕਿ, ਆਦਿ ਕੁਮਾਰ ਦਾ ਅਰਥ ਸਨਤ ਕੁਮਾਰ ਲਾਉਣੇ ਦਾ ਖਿਆਲ ਆ ਸਕਦਾ ਹੈ ਪਰ ਗਿਆਨੀ ਸਮੂਹ ਦੀ ਸੋਧੀ ਹੋਈ ਬੀੜ ਵਿਚ, ਦੇਵਿ, ਦੇ; ਵ, ਨੂੰ ਸਿਆਰੀ ਹੈ ਜਿਸ ਦਾ ਸਪਸ਼ਟ ਅਰਥ ਦੇਵੀ ਹੈ ਪ੍ਰੰਤੂ ਉਪ੍ਰੋਕਤ ਭਾਈ ਸਾਹਿਬ ਜੀ ਨੇ ਇਸੇ ਦੇਵੀ ਪੂਜਨ ਪੜਤਾਲ ਦੇ ਸਫਾ ੧੭ ਤੇ, ਦੇਬਿ ਕਾਲਕਾ ਮਾਤ ਹਮਾਰਾ॥ ਪ੍ਰਮਾਣ ਲਿਖਕੇ, ਦੇਬਿ, ਦਾ ਅਰਥ ਦੇਵੀ ਨਹੀਂ ਕੀਤਾ, ਪਤਾ ਨਹੀਂ ਕੀ ਕਾਰਨ ਹੈ ਕਿਉਂਕਿ ਉਥੇ ਵੀ ਦੇਬਿ, ਦੇ 'ਬ' ਨੂੰ ਸਿਆਰੀ ਹੈਸੀ ਭਾਵ ਆਪਣੇ ਲਿਖੇ ਵਿਆਕਰਨ ਦੇ ਭੀ ਆਪ ਵਿਰੁਧ ਹੀ ਅਰਥ ਕਰੀ ਗਏ ਹਨ, ਤਾਂਤੇ ਸਾਫ ਸਿਧ ਹੁੰਦਾ ਹੈ ਕਿ, ਦੇਵੀ ਪੂਜਨ ਪੜਤਾਲ, ਪੁਸਤਕ ਵਿਚ ਕਾਫੀ ਪਖਪਾਤ ਵਰਤਿਆ ਗਿਆ ਹੈ, ਜੇਕਰ ਕਿਹਾ ਜਾਵੇ ਕਿ ਉਥੇ ਦੇਬਿ,

Digitized by Panjab Digital Library | www.panjabdigilib.org

ਪਦ ਵਿਚ (ਬ) ਹੈ (ਵ) ਨਹੀਂ ਤਾਂ ਇਸ ਨਾਲ ਅਰਥ ਵਿਚ ਕੋਈ ਫਰਕ ਨਹੀਂ ਪੈਂਦਾ ਜਿਵੇਂ ਕਈ ਥਾਂਈ, ਕਬਿਯੋ ਬਾਚ, ਲਿਖਿਆ ਹੋਇਆ ਹੁੰਦਾ ਹੈ ਤੇ ਕਈ ਥਾਂਈ ਕਵਿਯੋ ਵਾਚ, ਲਿਖਿਆ ਹੁੰਦਾ ਹੈ ਪ੍ਰੰਤੂ ਅਰਥ ਦੋਹਾਂ ਦਾ ਇਕੋ ਹੀ ਕੀਤਾ ਜਾਂਦਾ ਹੈ, ਤਿਵੇਂ, ਦੇਵਿ, ਦੇਬਿ, ਦਾ ਅਰਥ ਇਕੋ ਹੀ ਹੈ ਦੋ ਨਹੀਂ ਕਿੰਤੂ ਉਥੇ, ਦੇਬਿ ਕਾਲਕਾ ਮਾਤ ਹਮਾਰਾ ॥ ਵਿਚ ਦੇਬਿ, ਪਦ ਦਾ ਅਰਥ ਉਪ੍ਰੋਕਤ ਭਾਈ ਸਾਹਿਬ ਜੀ ਨੇ ਇਸ ਲਈ ਦੇਵੀ, ਨਹੀਂ ਕੀਤਾ ਕਿ ਸ੍ਰੀ ਦਸਮੇਸ਼ ਜੀ ਵਲੋਂ ਦੇਵੀ ਮਨਾਈ ਸਿੱਧ ਹੋ ਜਾਂਦੀ ਸੀ ਪ੍ਰੰਤੂ ਉਪ੍ਰੋਕਤ ਭਾਈ ਸਾਹਿਬ ਜੀ ਦੀ ਖੋਜ ਵਿਚ ਜਦ ਵਿੰਧਜਾ ਦਾ ਮੰਦਰ ਤੇ ਕਲਕਤੇ ਵਿਚ ਦੇਵੀ ਦਾ ਬੁਤ ਹੈ ਤੇ ਦੂਜੇ ਪਾਸੇ ਖਿਆਲੀ ਦੇਵੀ ਹੈ ਭਾਵ ਅਸਲ ਦੇਵੀ ਹੈ ਹੀ ਕੋਈ ਨਹੀਂ ਤਾਂ ਇਥੇ, ਕਈ ਦੇਵਿ ਆਦਿ ਕੁਮਾਰ ॥ ਦੀ ਟਿਪਣੀ ਵਿਚ ਸ੍ਰੀ ਮਾਨ ਭਾਈ ਸਾਹਿਬ ਜੀ ਨੇ ਉਪ੍ਰੋਕਤ ਕੇੜ੍ਹੀ ਦੇਵੀ ਅਰਥ ਮੰਨਿਆ ਹੈ ਕੀ, ਵਿੰਧਜਾ ਦਾ ਮੰਦਰ ਜਾਂ ਖਿਆਲੀ ਦੇਵੀ।

ਔਰ ਦੇਵੀ ਪੂਜਨ ਪੜਤਾਲ, ਤੀਜੀ ਵੇਰ ਛਪੀ ਦੇ ਸਫਾ ੩੪ ਤੇ ਗਰਭ ਗੰਜਨੀ, ਦੇ ਪ੍ਰਮਾਣ ਲਿਖ ਕੇ ਤੇ ਲਿਖਿਆ ਹੈ ਕਿ ਕਵੀ ਸੰਤੋਖ ਸਿੰਘ ਜੀ ਦੀ ਇਹ ਲਿਖਤ ਨਿਰਸੰਸੇ ਕਰਦੀ ਹੈ ਕਿ ਆਪ ਗੁਰੂ ਜੀ ਨੂੰ ਦੇਵੀ ਪੂਜਾ ਕਰਨ ਵਾਲਾ ਨਹੀਂ ਮੰਨਦੇ ਉਪਰੋਕਤ ਭਾਈ ਸਾਹਿਬ ਜੀ ਅਗੇ ਇਥੇ ਇਹ ਪ੍ਰਸ਼ਨ ਵੀ ਕੀਤਾ ਜਾ ਸਕਦਾ ਹੈ ਕਿ ਜੇਕਰ ਗਰਭ ਗੰਜਨੀ ਵਿਚ ਲਿਖਤ ਨਿਰਸੰਸੇ ਕਰਦੀ ਹੈ ਤਾਂ ਗੁਰ ਪਰਤਾਪ ਸੂਰਜ ਵਿਚ ਸ੍ਰੀ ਮਾਨ ਕਵੀ ਸੰਤੋਖ ਸਿੰਘ ਜੀ

Digitized by Panjab Digital Library | www.panjabdigilib.org

ਦੀ ਇਹ ਲਿਖਤ ਕਿ–ਜਬ ਕੀ ਹਮ ਦੇਵੀ ਬਿਦਤ੍ਾਈ, ਦਰਸ਼ਨ ਕਰਯੋ ਕਾਲਿਕਾ ਮਾਈ॥ ਆਦਿਕ ਵੀ ਨਿਰਸੰਸੇ ਕਰਦੀ ਹੈ ਕਿ ਸ੍ਰੀ ਦਸਮੇਸ਼ ਜੀ ਨੂੰ ਕਵੀ ਜੀ ਆਪ ਦੇਵੀ ਪੂਜਕ ਮੰਨਦੇ ਸਨ ਤਾਂ ਉਪਰੋਕਤ ਸ੍ਰੀ ਭਾਈ ਸਾਹਿਬ ਜੀ ਨੇ ਪੜਤਾਲ = ਨਿਰਣੈ ਕੀ ਕੀਤਾ।

ਤਥਾ–ਇਸੇ ਦੇਵੀ ਪੂਜਨ ਪੜਤਾਲ ਤੀਜੀ ਵੇਰ ਛਪੀ ਦੇ ਸਫਾ ੩੬ ਤੇ ਲਿਖਿਆ ਹੈ ਕਿ ਅਕਸਰ ਗਿਆਨੀ ਪ੍ਰਕ੍ਰਿਤੀ, ਮਾਇਆ ਨੂੰ ਤੇ ਇਸ ਦੇਵੀ ਯਾ ਸ਼ਕਤੀ ਨੂੰ ਇਕੋ ਗਲ ਦਸਦੇ ਹਨ ਪਰ ਇਹ ਸ਼ਕਤੀ ਜੋ ਦੇਵੀ ਹੋ ਕੇ ਪ੍ਰਗਟੀ ਦੱਸੀ ਜਾਂਦੀ ਹੈ ਸਜੀਵ ਹੈ, ਚੇਤਨ ਵਜੂਦ (ਵਯਕਤੀ) ਰਖਦੀ ਹੈ ਤੇਜ ਇਸਦਾ ਅਸਲਾ ਹੈ ਫਿਰ ਇਹ ਸ਼ੁਧ ਚੇਤਨ ਨਾਲ ਅਭੇਦ ਬੀ ਬਾਜੇ ਵੇਲੇ ਦੱਸੀ ਜਾਂਦੀ ਹੈ ਪਰੰਤੂ ਸਾਂਖ ਵਾਲੀ ਪ੍ਰਕ੍ਰਿਤੀ ਤੇ ਵੇਦਾਂਤ ਵਾਲੀ ਮਾਇਆ ਜੜ੍ਹ ਹਨ ਉਪਾਧੀਆਂ ਹਨ......ਉਪਰੋਕਤ ਭਾਈ ਸਾਹਿਬ ਜੀ ਦੇ ਸਾਹਮਣੇ ਇਥੇ ਇਹ ਸੁਆਲ ਪੈਦਾ ਕੀਤਾ ਜਾਂਦਾ ਹੈ ਕਿ ਇਸ ਸੰਸਾਰ ਨੂੰ ਗੁਰਬਾਣੀ ਵਿਚ, ਏਹੁ ਜਗੁ ਧੂਏ ਕਾ ਪਹਾਰ, ਬਸੰਤ ਮ: ੯ ਧੂੰਏ ਦਾ ਪਹਾੜ ਵੀ ਲਿਖਿਆ ਹੈ, ਧੂੰਏ ਦਾ ਪਹਾੜ ਚੇਤਨ ਨਹੀਂ ਹੋ ਸਕਦਾ ਬਾਕੀ ਇਸ ਦਿਸਣ ਵਾਲੇ ਸੰਸਾਰ ਨੂੰ, ਜੋ ਦੀਸੈ ਸੋ ਸਗਲ ਬਿਨਾਸੈ ਜਿਉਂ ਬਾਦਰ ਕੀ ਛਾਈ, ਗਉੜੀ ਮ:੯ ਆਦਕ ਵਾਕਾਂ ਦੁਆਰਾ ਨਾਸ਼ ਵਾਨ ਵੀ ਲਿਖਿਆ ਹੈ ਅਤੇ ਦਿੱਸਣ ਵਾਲਾ ਸੰਸਾਰ ਵਿਚੋਂ ਕੁਛ ਪਹਾੜ ਪ੍ਰਿਥਵੀ ਆਦਕ ਜੜ੍ਹ ਵੀ ਪ੍ਰਤੀਤ ਹੁੰਦਾ ਹੈ ਤੇ ਸਜੀਵ ਵਿਅਕਤੀਆਂ ਰੂਪ ਕੁਛ ਚੇਤਨ ਵੀ ਮਲੂਮ ਹੋ ਰਿਹਾ ਹੈ ਅਤੇ ਇਹ ਉਪਾਧੀ ਰੂਪ ਵੀ

Digitized by Panjab Digital Library | www.panjabdigilib.org

ਭਾਸਦਾ ਹੈ ਇਸ ਤੋਂ ਛੁੱਟਣ ਲਈ ਸਾਰੇ ਲੋਕ ਯਤਨ ਵੀ ਕਰਦੇ ਹਨ ਫਿਰ ਇਸੇ ਦਿੱਸਣ ਵਾਲੇ ਸੰਸਾਰ ਨੂੰ ਗੁਰਬਾਣੀ ਵਿਚ, ਜੋ ਦੀਸੈ ਸੋ ਤੇਰਾ ਰੂਪ ॥ ਤਿਲੰਗ ਮ: ੫ ॥ ਆਦਕ ਵਾਕਾਂ ਦੁਆਰਾ ਪ੍ਰਮਾਤਮਾ ਦਾ ਹੀ ਸਰੂਪ ਕਹਿ ਕੇ ਪ੍ਰਮਾਤਮਾਂ ਨਾਲ ਅਭੇਦ ਵੀ ਸਿੱਧ ਕੀਤਾ ਹੈ, ਤਾਂਤੇ ਉਪ੍ਰੋਕਤ ਕੀਤੇ ਗਏ ਦੇਵੀ ਬਾਬਤ ਸਾਰੇ ਆਪ ਜੀ ਦੇ ਪ੍ਰਸ਼ਨ ਇਥੇ ਸੰਸਾਰ ਵਿਚ ਸਾਹਮਨੇ ਪ੍ਰਤੱਖ ਹਨ ਤਾਂ ਇਥੇ ਭਾਈ ਸਾਹਿਬ ਜੀ ਉਪ੍ਰੋਕਤ ਕਿਵੇਂ ਕੋਈ ਸਮਾਧਾਨ ਸੋਚਣ ਗੇ, ਜੋ ਸੋਚਣਗੇ ਓਹੋ ਹੀ ਉਪ੍ਰੋਕਤ ਦੇਵੀ ਬਾਬਤ ਕੀਤੇ ਗਏ ਪ੍ਰਸ਼ਨਾਂ ਦਾ ਉਤਰ ਹੋ ਸਕਦਾ ਸੀ, ਤਾਂਤੇ ਇਹ ਜਾਣ ਬੁਝਕੇ ਅੜੰਗੇ ਪਾਏ ਹਨ ਕਿ ਅਨਜਾਨ ਬੁਧੀ ਵਾਲਾ ਉਲਝਣਾਂ ਵਿਚ ਫਸ ਜਾਵੇ ਤੇ ਦੇਵੀ ਪੂਜੀ ਗਈ ਦਾ ਨਾਂ, ਨਾ ਲਵੇ ਇਸ ਲਈ ਇਹ ਦੇਵੀ ਪੂਜਨ ਪੜਤਾਲ ਨਹੀਂ ਕੀਤੀ ਗਈ ਬਲਕਿ ਦੇਵੀ ਪੂਜਨ ਮਗਰੋਂ ਲਾਹੁਣ ਦਾ ਯਤਨ ਕੀਤਾ ਗਿਆ ਹੈ, ਪਰ ਇੰਜ ਕਰਨ ਨਾਲ ਵਿਦਵਾਨਾਂ ਵਿਚ ਉਲਟਾ ਅਸਰ ਪੈਂਦਾ ਹੈ।

ਔਰ ਦੇਵੀ ਪੂਜਨ ਪੜਤਾਲ, ਤੀਜੀ ਵੇਰ ਛਪੀ ਦੇ ਸਫਾ ੪੦ ਤੇ ਲਿਖਿਆ ਹੈ ਕਿ, ਇਨ੍ਹਾਂ ਵਾਕਾਂ ਵਿਚ ਅਕਾਲ ਪੁਰਖ ਦਾ ਗੁਰੂ ਜੀ ਨੂੰ ਸੱਦਣਾ ਪੰਥ ਰਚਨ ਦਾ ਹੁਕਮ ਦੇਣਾ......ਅਤੇ ਅਗੇ ਇਸੇ ਦੇਵੀ ਪੂਜਨ ਪੜਤਾਲ ਦੇ ਸਫਾ ੪੩ ਤੇ ਲਿਖਿਆ ਹੈ ਕਿ ਅੰਤ ਵਿਚ ਸਾਂਈ ਜੀ–ਸ੍ਰੀ ਅਸਿਕੇਤ ਜੀ ਆਪ ਰਾਖਸ਼ ਨੂੰ ਮਾਰਨ ਵਿਚ ਕਾਮਯਾਬ ਹੁੰਦੇ ਹਨ, ਕਿੰਤੂ ਇਸੇ ਤੀਜੀ ਵੇਰ ਛਪੀ, ਦੇਵੀ ਪੂਜਨ ਪੜਤਾਲ ਦੇ ਸਫਾ ੧੫ ਤੇ ਪਿਛੇ ਲਿਖਿਆ ਹੈ ਕਿ ਦਸਮੇ ਪਾਤਸ਼ਾਹ ਜੀ ਨੇ ਬੀ

Digitized by Panjab Digital Library | www.panjabdigilib.org

ਆਪਣੇ ਅਰਾਧਨਾ ਯੋਗ ਇਸ਼ਟ ਅਕਾਲ ਪੁਰਖ ਜੀ ਨੂੰ ਅਛੇਦ ਅਰੂਪ ਅਨਾਦ ਅਭੂਤ, ਅਖੰਡ ਅਛੱਜ ਅਭੇਦ ਆਦਿ ਗੁਣਾਂ ਨਾਲ ਗਾ ਕੇ ਉਸ ਦੇ ਇਕੋ ਅਖੰਡ ਰੂਪ ਦਾ ਪਤਾ ਦਿਤਾ ਹੈ, ਤਾਂਤੇ ਇਥੇ ਵੀ ਪ੍ਰਸ਼ਨ ਪੈਦਾ ਹੋ ਜਾਂਦਾ ਹੈ ਕਿ ਜੇਕਰ ਸ੍ਰੀ ਦਸਮੇਸ਼ ਜੀ ਨੇ ਆਪਣੇ ਅਰਾਧਣੇ ਯੋਗ ਇਸ਼ਟ ਪ੍ਰਮਾਤਮਾਂ ਦੇ ਇਕੋ ਅਖੰਡ, ਅਰੂਪ ਆਦਕ ਰੂਪ ਦਾ ਪਤਾ ਦਿਤਾ ਹੈ ਤਾਂ ਫਿਰ ਉਪ੍ਰੋਕਤ ਲਿਖੇ ਅਨੁਸਾਰ ਅਕਾਲ ਪੁਰਖ ਦਾ ਗੁਰੂ ਜੀ ਨੂੰ ਸੱਦਣਾਂ ਅਥਵਾ ਰਾਖਸ਼ ਨੂੰ ਮਾਰਨ ਵਿਚ ਕਾਮਯਾਬ ਹੋਣਾ, ਆਦਕ ਕਰਤਵਜ ਉਸ ਅਖੰਡ, ਅਰੂਪ, ਅਭੂਤ, ਅਭੇਦ ਸਰੂਪ ਵਿਚ ਨਹੀਂ ਕਾਇਮ ਕੀਤੇ ਜਾ ਸਕਦੇ ਕਿਉਂਕਿ ਸੱਦਣਾਂ ਤਾਂ ਹੁੰਦਾ ਹੈ ਜਿਥੋਂ ਗੁਰੂ ਜੀ ਨੂੰ ਸਦਣਾਂ ਹੈ ਉਥੇ ਆਪ ਪ੍ਰਮਾਤਮਾਂ ਮੌਜੂਦ ਨਾਂ ਹੋਵੇ ਜਦ ਉਥੇ ਵੀ ਉਹ ਪਹਿਲੇ ਹੀ ਮੌਜੂਦ ਹੈ ਫਿਰ ਰੂਪ ਰਹਿਤ ਹੈ ਤਾਂ ਕਿਸ ਵਜਕਤੀ ਸਰੂਪ ਵਿਚ ਹੋ ਕੇ ਰਾਖਸ਼ ਨਾਲ ਯੁਧ ਕੀਤਾ ਤੇ ਗੁਰੂ ਜੀ ਨੂੰ ਵੀ ਸਦਿਆ ਤੇ ਗਲਾਂ ਕੀਤੀਆਂ ।

ਤਥਾ:-ਜਦ (ਅਭੇਦ) ਕਿਸੇ ਵਸਤੂ ਸੇ ਭੀ ਉਸਦਾ ਭੇਦ ਨਹੀਂ ਭਾਵ ਵਖਰਾ ਨਹੀਂ ਤਾਂ ਉਸ ਵਿਚ ਸਦਣਾਂ ਆਦਕ ਕਰਤਵਜ ਕਿਵੇਂ ਮੰਨੇ ਜਾ ਸਕਣਗੇ, ਤਾਂਤੇ ਦੇਵੀ ਪੂਜਨ ਪੜਤਾਲ ਦੇ ਕਰਤਾ ਦੀ ਕੋਈ ਗਲ ਵੀ ਠੀਕ ਨਹੀਂ ਜੱਚਦੀ ਪਰ ਪਤਾ ਨਹੀਂ ਸ੍ਰੀ ਭਾਗ ਮਲ ਜੀ ਉਨ੍ਹਾਂ ਦੀਆਂ ਪੁਸਤਕਾਂ ਪੜ੍ਹਨ ਦੀ ਪ੍ਰੇਰਨਾ ਕਿਸ ਖੂਬੀ ਨੂੰ ਮੁਖ ਰਖ ਕੇ ਲਿਖੀ ਹੈ ।

ਤਥਾ:-ਇਸੇ ਤੀਜੀ ਵੇਰ ਛਪੀ, ਦੇਵੀ ਪੂਜਨ ਪੜਤਾਲ,

Digitized by Panjab Digital Library | www.panjabdigilib.org

ਫੇਸਫਾ ੭੦ ਤੇ ਮੈਕਾਲਿਫ ਸਾਹਿਬਦਾ ਲੇਖਦੇਂਦਿਆਂ ਹੋਇਆਂ ਲਿਖਿਆ ਹੈ ਕਿ, ਲੋਕਾਂ ਨਿਸਚੇ ਜਾਤਾ ਕਿ ਗੁਰੂ ਜੀ ਨੇ ਆਪ ਦੁਰਗਾ ਨੂੰ ਪ੍ਰਗਟਾ ਲਿਆ ਹੈ। ਗੁਰੂ ਜੀ ਤਲਵਾਰ ਧੂ ਹੇ ਅਨੰਦਪੁਰ ਆਏ ਜਦੋਂ ਲੋਕੀਂ ਪੁਛਣ ਕਿ ਕੀ ਦੁਰਗਾ ਪ੍ਰਗਟੀ ਹੈ ਤਾਂ ਤਲਵਾਰ ਉੱਚੀ ਉਠਾ ਦਸਣ, ਜਿਸਦਾ ਭਾਵ ਇਹ ਕਹਿਣੇ ਤੁਲਯ ਸੀ ਕਿ ਵਾਹਿਗੁਰੂ ਦੀ ਸਹਾਇਤਾ ਨਾਲ ਮੇਰੀ ਤਲਵਾਰ ਉਹ ਕੁੱਛ ਕਰੇਗੀ ਜੋ ਬ੍ਰਾਹਮਣ ਦਸਦੇ ਹਨ ਕਿ ਦੁਰਗਾ ਕਰਦੀ ਹੈ ।

ਇਥੇ ਵੀ ਉਪਰੋਕਤ ਭਾਈ ਸਾਹਿਬ ਜੀ ਦੇ ਲੇਖ ਉਤੇ ਪ੍ਰਸ਼ਨ ਹੋ ਸਕਦਾ ਹੈ ਕਿ ਸ੍ਰੀ ਗੁਰੂ ਜੀ ਨੇ ਲੋਕਾਂ ਦੇ ਪੁਛਣ ਕਰਕੇ ਆਪਣੇ ਮੁਖਾਰ ਬਿੰਦ ਸੇ ਬੋਲ ਕੇ ਲੋਕਾਂ ਨੂੰ ਉੱਤਰ ਕਿਉਂ ਨਾ ਦਿਤਾ ਕਿ ਸ੍ਰੀ ਦੇਵੀ ਨਹੀਂ ਪ੍ਰਗਟੀ ਜੇਕਰ ਮੁਖ ਵਿਚੋਂ ਬੋਲਕੇ ਉਤਰ ਦੇਣ ਵਿੱਚ ਕੋਈ ਕਾਰਨ ਸੀ ਤਾਂ ਇੰਜ ਤਲਵਾਰ ਉਚੀ ਉਠਾ ਕੇ ਦਸਣ ਦਾ ਭਾਵ ਇਹ ਵੀ ਨਿਕਲ ਸਕਦਾ ਹੈ ਕਿ ਇਹ ਤਲਵਾਰ ਸ੍ਰੀ ਦੇਵੀ ਜੀ ਨੇ ਪ੍ਰਗਟ ਹੋਕੇ ਫਤਹਿ ਹਿਤ ਦਿਤੀ ਹੈ, ਤਾਂਤੇ ਇੰਜ ਆਪਣੇ ਮਤਲਬ ਦੇ ਭਾਵ ਹਰ ਇਕ ਨੂੰ ਕਢਣੇ ਆਉਂਦੇ ਹਨ ਇਸ ਲਈ ਇਹਨਾਂ ਲੇਖਾਂ ਵਿੱਚ ਕੋਈ ਸਹੀ ਦੇਵੀ ਪੂਜਨ ਪੜਤਾਲ ਨਹੀਂ ਕੀਤੀ ਗਈ।

ਔਰ ਇਸੇ ਤੀਜੀ ਵੇਰ ਛਪੀ, ਦੇਵੀ ਪੂਜਨ ਪੜਤਾਲ ਦੇ ਸਫੇ ੧੮-੧੯ ਤੇ ਲਿਖਿਆ ਹੈ ਕਿ ਪਹਿਲੇ ਜੇ ਦੇਵੀ ਦਾ ਪਰਗਟ ਹੋਣਾ ਸਚ ਹੁੰਦਾ ਤਾਂ ਐਡੀ ਭਾਰੀ ਕਰਾਮਾਤ ਵਾਲੇ ਪ੍ਰਸੰਗ ਨੂੰ ਗੁਰੂ ਮਹਾਰਾਜ ਜ਼ਰੂਰ ਆਪਣੇ ਸ੍ਰੀ ਮੁਖਵਾਕ

Digitized by Panjab Digital Library | www.panjabdigilib.org

ਤੇ ਗ੍ਰੰਥ ਸਾਹਿਬ ਵਿੱਚ ਲਿਖਦੇ ਕਿਉਂਕਿ ਉਹਨਾਂ ਦੇ ਜੀਵਨ ਵਿੱਚ ਇਹ ਇਕ ਸਭ ਤੋਂ ਵੱਡਾ ਪ੍ਰਸਿਧ ਅਚੰਭੇ ਵਾਲਾ ਕੰਮ ਸੀ ਪਰੰਤੂ ਇਹ ਕਿਤੇ ਭੀ ਦਰਜ ਨਹੀਂ।

ਉਪ੍ਰੋਕਤ ਭਾਈ ਸਾਹਿਬ ਜੀ ਦੇ ਇਸ ਲਿਖੇ ਲੇਖ ਨੂੰ ਹੀ ਜੇਕਰ ਸਚਾਈ ਦਾ ਸਬੂਤ ਮੰਨੀਏ ਤਾਂ ਇੰਜ ਖਾਲਸਾ ਪੰਥ ਸਾਜਨਾਂ = ਅੰਮ੍ਰਤ ਛਕਾਉਣਾਂ ਪੰਜ ਕਕਾਰ ਧਾਰਨ ਕਰਨੇ ਆਦਕ ਜੋ ਪਿਛਲੇ ਨੌਂ ਗੁਰੂ ਸਹਿਬਾਂ ਨਾਲੋਂ ਵਖਰਾ ਐਡਾ ਵਡਾ ਕੰਮ ਸੀ ਕਿਉਂਕਿ ਸਾਰੀ ਦੁਨੀਆਂ ਵਿਚ ਪੰਥ ਨੂੰ ਫੈਲਾਉਣਾਂ ਸੀ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰਿਆਈ ਦੇਣੀ ਵੀ ਵਡੀ ਭਾਰੀ ਤਬਦੀਲੀ ਸੀ ਪਿਛਲੇ ਜੁਗਾਂ ਦੇ ਚਲੇ ਆ ਰਹੇ ਦੇਹ ਧਾਰੀ ਗੁਰਿਆਈ ਦੇ ਸਿਲਸਿਲੇ ਨੂੰ ਬੰਦ ਕਰਨਾਂ ਸੀ ਪ੍ਰੰਤੂ ਇਹ ਖਾਲਸਾ ਪੰਥ ਸਾਜਨ ਆਦਕ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰਿਆਈ ਦੇਣ ਆਦਕ ਪ੍ਰਸੰਗ ਵੀ ਸ੍ਰੀ ਦਸਮੇਸ਼ ਜੀ ਨੇ ਆਪਣੇ ਸ੍ਰੀ ਮੁਖਵਾਕ ਆਪਣੇ ਸ੍ਰੀ ਦਸਮ ਗੁਰੂ ਗ੍ਰੰਥ ਸਾਹਿਬ ਜੀ ਵਿਚ ਕਿਤੇ ਨਹੀਂ ਲਿਖੇ, ਤਾਂਤੇ ਉਪ੍ਰੋਕਤ ਭਾਈ ਸਾਹਿਬ ਜੀ ਪੰਥ ਸਾਜਨ ਤੇ ਗੁਰਿਆਈ ਦੇਣ ਆਦਕ ਪ੍ਰਸੰਗ ਨੂੰ ਕੇਵਲ ਕਿਵੇਂ ਅਨਜ ਕਵੀ ਗ੍ਰੰਥਾਂ ਦੇ ਲੇਖਾਂ ਦੇ ਆਧਾਰ ਤੇ ਹੀ ਯਥਾਰਥ ਮੰਨ ਸਕਦੇ ਹਨ, ਇਸ ਲਈ ਭਾਈ ਸਾਹਿਬ ਜੀ ਨੇ ਦੇਵੀ ਪੂਜਨ ਪੜਤਾਲ ਵਿਚ ਕੋਈ ਨਿਰਪਖ ਅਤੇ ਵਜਨਦਾਰ ਦਲੀਲਾਂ ਨਹੀਂ ਵਰਤੀਆਂ।

ਅਤੇ ਇਸੇ ਤੀਜੀ ਵੇਰ ਛਪੀ ਦੇਵੀ ਪੂਜਨ ਪੜਤਾਲ ਦੇ ਸਫਾ ੭੯ ਤੇ ਲਿਖਿਆ ਹੈ ਕਿ, ਜਿਨ੍ਹਾਂ ਬ੍ਰਾਹਮਣਾਂ ਦੇ ਯਤਨ ਨਾਲ ਹਵਨ ਕਰਨ ਤੇ ਦੇਵੀ ਪ੍ਰਸਿਧ ਹੋਈ ਸੀ ਉਨ੍ਹਾਂ

Digitized by Panjab Digital Library | www.panjabdigilib.org

ਦੇ ਨਾਮ ਅਰ ਉਨ੍ਹਾਂ ਦੀ ਬੁਧਿ ਵਿਦਿਆ ਅਤੇ ਮੰਤ੍ਰ ਜੰਤ੍ਰ ਵਿਚ ਨਿਪੁਣਤਾ ਜਰੂਰੀ ਹੀ ਪ੍ਰਗਟ ਕਰਦੇ, ਇਸ ਲੇਖ ਅਨੁਸਾਰ ਇਥੇ ਇਹ ਸੁਆਲ ਪ੍ਰਗਟ ਹੋ ਰਿਹਾ ਹੈ ਕਿ, ਇੰਜ ਜੇਹੜੇ ਸਵਯੇ ਆਪ ਜੀ ਨੇ ਇਸੇ ਦੇਵੀ ਪੂਜਨ ਪੜਤਾਲ ਦੇ ਸਫਾ ੧੧ ਤੇ ਲਿਖੇ ਹਨ ਕਿ ਇਹ ਸਿਖਾਂ ਦੀ ਉਪਮਾਂ ਵਿਚ ਉਚਾਰੇ ਹਨ ਉਨ੍ਹਾਂ ਸਵਯਾਂ ਵਿਚ ਹੀ ਲਿਖਿਆ ਹੈ ਕਿ, ਇਨਹੀ ਕੇ ਪ੍ਰਸ਼ਾਦਿ ਸੁ ਬਿਦਿਆ ਲਈ ਇਨਹੀ ਕੀ ਕ੍ਰਿਪਾ ਸਭ ਸ਼ਤ੍ਰੂ ਮਰੇ ॥ ਇਨਹੀ ਕੀ ਕ੍ਰਿਪਾ ਕੇ ਸਜੇ ਹਮ ਹੈ ਨਹੀਂ ਮੋਸੇ ਗਰੀਬ ਕਰੋਰ ਪਰੇ ॥ ਤਾਂਤੇ ਉਪ੍ਰੋਕਤ ਸਵਯਾ ਦੇ ਭਾਈ ਸਾਹਿਬ ਜੀ ਦੇ ਸਮਝੇ ਅਰਥ ਅਨੁਸਾਰ ਜਿਨ੍ਹਾਂ ਸਿੱਖਾਂ ਕੋਲੋਂ ਸ੍ਰੀ ਗੁਰੂ ਦਸਮੇਸ਼ ਜੀ ਨੇ ਵਿੱਦਿਆ ਪੜ੍ਹੀ ਸੀ ਅਥਵਾ ਜਿਨ੍ਹਾਂ ਸਿਖਾਂ ਦੀ ਸਹਾਇਤਾ ਨਾਲ ਸਭ ਦੁਸ਼ਮਨ ਮਰ ਗਏ ਸੀ ਜਾਂ ਜਿਨ੍ਹਾਂ ਸਿਖਾਂ ਦੀ ਕ੍ਰਿਪਾ ਨੇ ਗੁਰੂ ਜੀ ਨੂੰ ਸਾਜਿਆ ਸੀ, ਉਨ੍ਹਾਂ ਸਿਖਾਂ ਦੇ ਨਾਮ ਔਰ ਉਨ੍ਹਾਂ ਦੀ ਵਿਦਵਤਾ ਅਤੇ ਦੁਸ਼ਮਨਾਂ ਨੂੰ ਮਾਰਨ ਦੀ ਨੀਤੀ।

ਤਥਾ:-ਜਿਵੇਂ ਉਨ੍ਹਾਂ ਦੀ ਕ੍ਰਿਪਾ ਨੇ ਗੁਰੂ ਜੀ ਨੂੰ ਸਾਜਿਆ ਸੀ ਇਹ ਸਭ ਕੁਛ ਵੀ ਸ੍ਰੀ ਗੁਰੂ ਜੀ ਨੂੰ ਆਪਣੇ ਸ੍ਰੀ ਮੁਖਵਾਕ ਸ੍ਰੀ ਦਸਮ ਗ੍ਰੰਥ ਗੁਰੂ ਸਾਹਿਬ ਜੀ ਵਿਚ ਲਿਖਣਾ ਚਾਹੀਦਾ ਸੀ ਜੋ ਨਹੀਂ ਲਿਖਿਆ ਬਲਕਿ ਸ੍ਰੀ ਗੁਰੂ ਜੀ ਨੇ, ਇਨਹੀ ਕੇ ਪ੍ਰਸਾਦਿ, ਆਦਕ ਪਾਠ ਹੀ ਲਿਖਿਆ ਹੈ, ਸਿਖਾਂ ਕੇ ਪ੍ਰਸਾਦਿ ਆਦਕ ਪਾਠ ਵੀ ਨਹੀਂ ਲਿਖਿਆ, ਕਿੰਤੂ, ਇਨਹੀ ਦਾ ਅਰਥ ਇਨ੍ਹਾਂ ਸਾਧੂ ਬ੍ਰਹਮਣਾਂ ਵਿਦਵਾਨਾਂ ਦੀ ਕ੍ਰਿਪਾ ਸੇ ਭੀ ਹੋ ਸਕਦਾ ਹੈ, ਤਾਂ ਫਿਰ ਇੰਜ ਉਪ੍ਰੋਕਤ ਭਾਈ

Digitized by Panjab Digital Library | www.panjabdigilib.org

ਸਾਹਿਬ ਜੀ ਕੇੜ੍ਹੀ ਦਲੀਲ ਨਾਲ ਉਨ੍ਹਾਂ ਸਿਖਾਂ ਦੀ ਕ੍ਰਿਪਾ ਦੇ ਧੰਨਵਾਦੀ ਹੋਣਗੇ।

ਤਥਾ:-ਇਸੇ ਦੇਵੀ ਪੂਜਨ ਪੜਤਾਲ, ਤੀਜੀ ਵੇਰ ਛਪੀ ਦੇ ਸਫਾ ੧੯ ਤੇ ਲਿਖਿਆ ਹੈ ਕਿ, ਜਿਨ੍ਹਾਂ ਵੇਦਾਂ ਤੇ ਮੰਤ੍ਰਾਂ ਨਾਲ ਦੇਵੀ ਹਵਨ ਕੁੰਡ ਤੇ ਪ੍ਰਗਟ ਕੀਤੀ ਸੀ ਅਰ ਉਨ੍ਹਾਂ ਮੰਤ੍ਰਾਂ ਵਿਚ ਇਤਨੀ ਸਮ੍ਰਥਾ ਸੀ ਤਾਂ ਗੁਰੂ ਜੀ ਵੇਦਾਂ ਦਾ ਅਤੇ ਮੰਤ੍ਰਾਂ ਯੰਤ੍ਰਾਂ ਦਾ ਖੰਡਨ ਨਾ ਕਰਦੇ, ਇਥੇ ਇਹ ਭੁਲੇਖਾ ਕਢ ਦੇਣਾ ਚਾਹੀਦਾ ਹੈ ਜੇਕਰ ਸ੍ਰੀ ਦਸਮੇਸ਼ ਜੀ ਵੇਦਾਂ ਦਾ ਖੰਡਨ ਕਰਦੇ ਤਾਂ ਆਪਣੇ ਸ੍ਰੀ ਮੁਖ ਵਾਕ ਬਚਿਤਰ ਨਾਟਕ ਵਿੱਚ, ਅਥਰਵ ਬੇਦ ਪਠਿਯੰ ਸੁਣੇ ਪਾਪ ਨਠਿਯੰ॥ ਕਦੀ ਵੀ ਨਾਂ ਲਿਖਦੇ ਕਿਉਂਕਿ ਇਥੇ ਸ੍ਰੀ ਦਸਮੇਸ਼ ਜੀ ਅਥਰਵ ਵੇਦ ਪੜ੍ਹਿਆਂ ਤੇ ਸੁਣਨੇ ਸੇ ਪਾਪਾਂ ਦਾ ਨਾਸ਼ ਹੋ ਜਾਣਾ ਆਪਣੇ ਪੂਰਬ ਬਜ਼ੁਰਗਾਂ ਦਾ ਮੰਨ ਰਹੇ ਹਨ ਤਾਂਤੇ ਸ੍ਰੀ ਦਸਮੇਸ਼ ਜੀ ਵੇਦਾਂ ਦਾ ਖੰਡਨ ਨਹੀਂ ਕਰਦੇ ਉਲਟਾ ਮੰਡਨ ਕਰਦੇ ਹਨ।

ਬਾਕੀ ਇਸੇ ਤੀਜੀ ਵੇਰ ਛਪੀ, ਦੇਵੀ ਪੂਜਨ ਪੜਤਾਲ ਦੇ ਸਫਾ ੨੦ ਤੇ ਲਿਖਿਆ ਹੈ ਕਿ, ਪਰ ਜਿਥੇ ਜਿਥੇ ਦੇਵੀ ਦੀ ਅਲਗ ਰੂਪਤਾ ਆਵੇਗੀ ਉਥੇ ਦੇਵਤਿਆਂ ਵਾਕੂ ਉਹ ਵਯਕਤੀ ਅਕਾਲ ਪੁਰਖ ਤੋਂ ਨੀਵੀਂ ਉਸਦੇ ਚਰਨਾਂ ਵਿੱਚ ਵੱਸਣ ਵਾਲੀ ਵਰਨਨ ਹੋਵੇਗੀ। ਯਥਾ:-ਅਨਹਦ ਰੂਪ ਅਨਾਹਦ ਬਾਨੀ, ਚਰਣ ਸਰਣ ਜਿਹ ਬਸਤ ਭਵਾਨੀ, ਅਕਾਲ ਉਸਤਤਿ, ਇਥੇ ਵਿਚਾਰ ਯੋਗ ਗਲ ਇਹ ਹੈ ਕਿ ਇਕ ਪਾਸੇ ਤਾਂ ਉਪਰੋਕਤ ਦੇਵੀ ਪੂਜਨ ਪੜਤਾਲ ਦੇ ਕਰਤਾ

Digitized by Panjab Digital Library | www.panjabdigilib.org

ਦੀ ਕੋਸ਼ਿਸ਼ ਇਹ ਹੈ ਕਿ ਅਸਲ ਕੋਈ ਦੇਵੀ ਹੈ ਹੀ ਨਹੀਂ ਜਿਸ ਲਈ ਦੇਵੀ ਨੂੰ, ਮਾਇਆ ਪ੍ਰਕਿਰਤੀ ਜੜ੍ਹ ਅਤੇ ਉਪਾਧੀ ਤਥਾ ਵਿੱਧਯਾ ਦਾ ਬੁਤ ਅਤੇ ਖਿਆਲੀ ਵੀ ਲਿਖਿਆ ਹੈ। ਔਰ ਇਸੇ ਦੇਵੀ ਪੂਜਨ ਪੜਤਾਲ ਦੇ ਸਫਾ ੧ ਉਤੇ ਹੀ ਇਹ ਵੀ ਲਿਖਿਆ ਹੈ ਕਿ ਜਿਵੇਂ ਕਿਸੇ ਭੀ ਹਿੰਦੂ ਪੂਜਯ ਵਿਯਕਤੀ ਦੀ ਅਸਲੀਯਤ ਖੋਜਣ ਲਗਿਆਂ ਮੁਸ਼ਕਲਾਂ ਦਾ ਸਾਹਮਣਾ ਪੈਂਦਾ ਹੈ ਤਿਵੇਂ ਦੇਵੀ ਦੀ ਅਸਲੀਯਤ ਲਭਣ ਦਾ ਮਾਮਲਾ ਹੈ, ਜਿੰਨਾਂ ਢੂੰਡੋ ਲੱਭੋ ਉਤਨੇ ਹੀ ਗੁੰਝਲ ਆਉਂਦੇ ਹਨ, ਪਰ ਦੂਜੇ ਪਾਸੇ ਬਿਨਾਂ ਹੀ ਕਿਸੇ ਖੋਜ ਅਤੇ ਮੁਸ਼ਕਲ ਦੇ ਸ੍ਰੀ ਦੇਵੀ ਜੀ ਨੂੰ ਅਕਾਲ ਪੁਰਖ ਦੇ ਚਰਨਾਂ ਵਿਚ ਵੱਸਣ ਵਾਲੀ ਤੇ ਪ੍ਰਮਾਤਮਾਂ ਨਾਲੋਂ ਨੀਵੀਂ ਮੰਨ ਰਹੇ ਹਨ ਤਾ ਇਥੇ ਕੀ, ਸੱਚ ਮੰਨਿਆ ਜਾਵੇਗਾ, ਜੇਕਰ ਸ੍ਰੀ ਮਾਨ ਭਾਈ ਸਾਹਿਬ ਜੀ ਪਹਿਲੀ ਗਲ ਆਪਣੀ ਲਿਖੀ ਨੂੰ ਕਮਜੋਰ ਮੰਨਕੇ ਦੂਜੀ ਦੇਵੀ ਅਕਾਲ ਪੁਰਖ ਨਾਲੋਂ ਨੀਵੀਂ ਤੇ ਚਰਨਾਂ ਵਿਚ ਵਸਦੀ ਹੈ ਗਲ ਨੂੰ ਠੀਕ ਯਥਾਰਥ ਮੰਨਦੇ ਹਨ ਤਾਂ ਇਥੇ ਇਹ ਪ੍ਰਸ਼ਨ ਪੈਦਾ ਹੋ ਜਾਂਦਾ ਹੈ ਕਿ ਸ੍ਰੀ ਮਾਨ ਭਾਈ ਸਾਹਿਬ ਜੀ ਪਹਿਲੇ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ, ਹਰਿ ਚਰਣ ਕਵਲ ਮਕਰੰਦ ਲੋਭਿਤ ਮਨੋ ਅਨ ਦਿਨੋਂ ਮੋਹਿ ਆਹੀ ਪਿਆਸਾ ॥ ਧਨਾਸਰੀ ਮ: ੧ ॥ ਆਦਕ ਵਾਕਾਂ ਅਨੁਸਾਰ ਅਕਾਲ ਪੁਰਖ ਦੇ ਚਰਨਾਂ ਦੇ ਅਭਿਲਾਖੀ ਹੋਣ ਕਰਕੇ ਅਕਾਲ ਪੁਰਖ ਦੇ ਚਰਨਾਂ ਵਿਚ ਨਿਵਾਸ਼ ਰਖਦੇ ਮੰਨਦੇ ਹਨ ਜਾਂ ਕਿ ਅਕਾਲ ਪੁਰਖ ਨਾਲੋਂ ਗੁਰੂ ਜੀ ਨੂੰ ਵਡਾ ਮੰਨਦੇ ਹਨ ਅਥਵਾ ਸਾਖਿਆਤ ਪ੍ਰਮਾਤਮਾਂ

Digitized by Panjab Digital Library | www.panjabdigilib.org

ਹੀ ਮੰਨਦੇ ਹਨ ਜੇਕਰ ਕਹਿਣ ਕਿ, ਸ੍ਰੀ ਗੁਰੂ ਨਾਨਕ ਦੇਵ ਜੀ ਅਕਾਲ ਪੁਰਖ ਨਾਲੋਂ ਵੱਡੇ ਸਨ ਤਾਂ ਫਿਰ ਸ੍ਰੀ ਗੁਰੂ ਜੀ ਅਕਾਲ ਪੁਰਖ ਦੇ ਉਪਾਸ਼ਕ ਨਹੀਂ ਸਿੱਧ ਹੋਣਗੇ, ਅਤੇ ਜੇਕਰ ਕਹਿਣ ਕਿ ਸ੍ਰੀ ਗੁਰੂ ਜੀ ਸਾਖਿਆਤ ਪ੍ਰਮਾਤਮਾਂ ਹੀ ਸਨ ਤਾਂ ਇੰਜ ਫਿਰ ਭਾਈ ਗੁਰਦਾਸ ਜੀ ਦੇ, ਸੁਣੀ ਪੁਕਾਰ ਦਾਤਾਰ ਪ੍ਰਭੁ ਗੁਰ ਨਾਨਕ ਜਗ ਮਹਿ ਪਠਾਯਾ ॥ ਕਥਨ ਅਨੁਸਾਰ ਪ੍ਰਮਾਤਮਾਂ ਦੇ ਸ੍ਰੀ ਗੁਰੂ ਜੀ ਭੇਜੇ ਹੋਇ ਸਾਬਤ ਨਹੀਂ ਹੋ ਸੱਕਣੇ।

ਔਰ ਜੇਕਰ ਕਹਿਣ ਕਿ ਸ੍ਰੀ ਗੁਰੂ ਜੀ ਅਕਾਲ ਪੁਰਖ ਦੇ ਚਰਨਾਂ ਵਿਚ ਹੀ ਨਿਵਾਸ ਰਖਦੇ ਹਨ ਤਾਂ ਫਿਰ ਉਪਰੋਕਤ ਭਾਈ ਸਾਹਿਬ ਜੀ ਜਦ ਦੇਵੀ ਨੂੰ ਸ੍ਰੀ ਦਸਮੇਸ਼ ਜੀ ਨੇ ਨਹੀਂ ਮਨਾਇਆ ਇਸ ਲਈ ਸਿਧ ਕਰ ਰਹੇ ਹਨ ਕਿ ਦੇਵੀ ਅਕਾਲ ਪੁਰਖ ਨਾਲੋਂ ਨੀਵੀਂ ਹੈ। ਕਿਉਂਕਿ ਉਹ ਅਕਾਲ ਪੁਰਖ ਦੇ ਸਦਾ ਚਰਨਾਂ ਵਿੱਚ ਵੱਸਦੀ ਹੈ ਤਾਂ ਫਿਰ ਭਾਈ ਸਾਹਿਬ ਜੀ ਸ੍ਰੀ ਦਸਮੇਸ਼ ਜੀ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਉਪਾਸ਼ਕ ਕਿਵੇਂ ਸਿਧ ਕਰਨ ਦਾ ਹੌਸਲਾ ਕਰਨਗੇ। ਕਿਉਂਕਿ ਉਪਰੋਕਤ ਜਿਸ ਗਲ ਨਾਲ ਸ੍ਰੀ ਦੇਵ ਜੀ ਦੇ ਉਪਾਸ਼ਕ ਨਹੀਂ ਹੋ ਸਕਦੇ ਸਿਧ ਕਰਦੇ ਹਨ ਉਸੇ ਗਲ ਨਾਲ ਸ੍ਰੀ ਦਸਮੇਸ਼ ਜੀ ਦਾ ਫਿਰ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਸ਼ਰਣ ਵਿੱਚ ਜਾਣਾ ਵੀ ਸਿਧ ਨਹੀਂ ਹੋ ਸਕਦਾ ਬਲਕਿ ਜਿੰਨਾਂ ਸੰਤਾਂ ਦੀ ਸ਼ਰਣ ਹੋਣਾਂ ਗੁਰਬਾਣੀ ਵਿੱਚ ਅਨੇਕਾਂ ਥਾਈਂ ਹੁਕਮ ਹੈ ਉਹ ਸੰਤ ਵੀ ਪ੍ਰਮਾਤਮਾਂ ਦੇ ਚਰਨਾਂ ਦਾ ਧਿਆਨ ਧਰਨ ਵਾਲੇ ਚਰਨ ਨਿਵਾਸੀ ਹੀ

Digitized by Panjab Digital Library | www.panjabdigilib.org

ਹੋ ਸਕਦੇ ਹਨ ਤਾਂਤੇ ਉਹਨਾਂ ਦੀ ਸ਼ਰਣ ਹੋਣ ਦਾ ਵੀ ਇੰਜ ਖੰਡਨ ਹੋ ਸਕੇਗਾ, ਇਸ ਲਈ ਉਪਰੋਕਤ ਦੇਵੀ ਪੂਜਨ ਪੜਤਾਲ ਦੇ ਕਰਤਾ ਦੀ ਕੋਈ ਪੜਤਾਲ ਵੀ ਨਹੀਂ ਠੀਕ ਜਚਦੀ ਤਾਂ ਉਸਨੂੰ ਪੜਕੇ ਕੀ, ਸਿਧ ਕੀਤਾ ਜਾਵੇ ਜਿਸ ਲਈ ਸ੍ਰੀ ਭਾਗਮਲ ਜੀ ਉਸਦੇ ਪੜ੍ਹਨ ਦਾ ਉਪਦੇਸ਼ ਲਿਖ ਰਹੇ ਹਨ । ਬਾਕੀ ਇਹ ਸਾਰੀ ਦੇਵੀ ਪੂਜਨ ਪੜਤਾਲ ਪੁਸਤਕ ਸ੍ਰੀ ਮਾਨ ਭਾਈ ਸਾਹਿਬ ਭਾਈ ਵੀਰ ਸਿੰਘ ਜੀ ਦੀ ਟਿੱਪਣੀ ਵਾਲੇ, ਗੁਰ ਪ੍ਰਤਾਪ ਸੂਰਜ ਦੀ ਰੁਤ ੩ ਅੰਸੂ ੧੨ ਵਿੱਚ ਵੀ ਛਪੀ ਹੋਈ ਹੈ ਉਥੋਂ ਵੀ ਦੇਖ ਸਕਦੇ ਹੋ ਪਰ ਉਸਦੇ ਸਫੇ ਅੰਕ ਹੋਰ ਹਨ ਇਹ ਨਹੀਂ ।

**(੭) ਪ੍ਰਸ਼ਨ**--ਗੁਰਮਤ ਦਰਸ਼ਨ ਸਫਾ ੮੪-੮੬ ਤੇ ਲਿਖਿਆ ਹੈ ਕਿ ਪੰਥ ਪ੍ਰਕਾਸ਼ ਵਿਚ ਦੇਵੀ ਪ੍ਰਗਟ ਹੋਣ ਦਾ ਖੰਡਨ ਪੰਥ ਪ੍ਰਕਾਸ਼ ਦੇ ਕਰਤਾ ਗਿਆਨੀ ਗਿਆਨ ਸਿੰਘ ਨੇ ਉਸੇ ਪੰਥ ਪ੍ਰਕਾਸ਼ ਦੀ ਦੂਜੀ ਐਡੀਸ਼ਨ ਵਿਚ ਆਪ ਹੀ ਕਰ ਦਿਤਾ ਹੈ ਕੇਵਲ ਆਪਣੀ ਭੁਲ ਹੀ ਨਹੀਂ ਮੰਨੀ ਸਾਰਾ ਪ੍ਰਸੰਗ ਹੀ ਸਵਿਸਥਾਰ ਲਿਖ ਕੇ ਦੇਵੀ ਦੇ ਢੋਲ ਦਾ ਪੋਲ ਖੋਲਿਆ ਹੈ......ਤਾਂਤੇ ਪੰਥ ਪ੍ਰਕਾਸ਼ ਦੇ ਦੇਵੀ ਪ੍ਰਗਟ ਹੋਣ ਵਾਲੇ ਪ੍ਰਮਾਣ ਦੀ ਆਪੇ ਹੀ ਕੋਈ ਕੀਮਤ ਨਹੀਂ ਰਹਿ ਗਈ ।

**ਉੱਤਰ**--ਇਥੇ ਮਲੂਮ ਹੁੰਦਾ ਹੈ ਕਿ ਪੰਥ ਪ੍ਰਕਾਸ਼ ਦੀ ਦੂਜੀ ਐਡੀਸ਼ਨ ਵਿਚ, ਦੇਵੀ ਪ੍ਰਗਟ ਨਹੀਂ ਹੋਈ ਮੰਨਣ ਵਾਲਿਆਂ ਸਜਣਾਂ ਵਲੋਂ ਹੀ ਘਾੜਤ ਘੜੀ ਗਈ ਹੈ ਕਿਉਂਕਿ ਜੇਕਰ ਗਿਆਨੀ ਗਿਆਨ ਸਿੰਘ ਜੀ ਦੀ ਭੁਲ ਹੁੰਦੀ ਤਾਂ ਕਿਸੇ

Digitized by Panjab Digital Library | www.panjabdigilib.org

ਇਕ ਅਧ ਛੰਦ ਵਿਚ ਹੁੰਦੀ ਪ੍ਰੰਤੂ ਇਥੇ ਸਾਰਾ ਇਤਿਹਾਸ ਹੀ ਬਦਲਿਆ ਪਿਆ ਹੈ ਤਾਂਤੇ ਇਹ ਭੁਲ ਨਹੀਂ ਕਹੀ ਜਾ ਸਕਦੀ, ਬਾਕੀ ਗੁਰਮਤ ਦਰਸ਼ਨ ਦੇ ਸਫਾ ੯੬ ਤੇ ਪੰਥ ਪ੍ਰਕਾਸ਼ ਦੇ ਨਿਵਾਸ਼ ੨੬ ਦਾ ਹਵਾਲਾ ਲਿਖਿਆ ਹੈ ਕਿ ਅਬ ਸਤਿਗੁਰ ਜਬ ਕ੍ਰਿਪਾਧਾਰੀ, ਬਖਸ਼ੀ ਸੁੱਧ ਬੁੱਧਿ ਢਿਢ ਸਾਚੀ, ਆਪ ਪ੍ਰੇਰਯੋ ਸਤਿਗੁਰ ਸਾਛੀ, ਸਾਚੀ ਸਾਖੀ ਤਬ ਫੁਰ ਆਈ, ਲਿਖੀ ਸੋਊ ਜੋ ਗੁਰੂ ਲਿਖਾਈ, ਇਥੇ ਸੁਆਲ ਪੈਦਾ ਹੁੰਦਾ ਹੈ ਕਿ, ਜਦ ਪਹਿਲੀ ਐਡੀਸ਼ਨ ਪੰਥ ਪ੍ਰਕਾਸ਼ ਦੀ ਗਿਆਨੀ ਗਿਆਨ ਸਿੰਘ ਜੀ ਨੇ ਲਿਖੀ ਸੀ, ਕੀ ਉਹ ਸਤਿਗੁਰੂ ਨੇ ਆਪ ਪਰੇਰ ਕੇ ਨਹੀਂ ਸੀ ਲਿਖਾਈ ਜੇਕਰ ਨਹੀਂ ਸੀ ਲਿਖਾਈ ਤਾਂ ਕੀ ਕਾਰਨ ਉਸ ਵਕਤ ਸਤਿਗੁਰੂ ਨੇ ਕ੍ਰਿਪਾ ਧਾਰਨ ਨਾ ਕੀਤੀ।

ਕੀ ਉਸ ਵਕਤ ਸ੍ਰੀ ਮਾਨ ਗਿਆਨੀ ਗਿਆਨ ਸਿੰਘ ਜੀ ਪੂਰਨ ਗੁਰ ਸਿੱਖ ਨਹੀਂ ਸਨ, ਜਾਂ ਉਨ੍ਹਾਂ ਨੇ ਗੁਰੂ ਜੀ ਦਾ ਮੰਗਲ ਨਹੀਂ ਸੀ ਕੀਤਾ ਜੇਕਰ ਕਿਹਾ ਜਾਵੇ ਕਿ ਸ੍ਰੀ ਮਾਨ ਗਿਆਨੀ ਜੀ ਨੂੰ ਉਸ ਵਕਤ ਅਜੇ ਇਤਨੀ ਪੂਰੀ ਖੋਜ ਨਹੀਂ ਸੀ ਤਾਂ ਉਪ੍ਰੋਕਤ ਦੂਜੀ ਐਡੀਸ਼ਨ ਵਾਲੇ ਪ੍ਰਮਾਣ ਵਿਚ ਲਿਖਿਆ ਹੈ ਕਿ, ਲਿਖੀ ਸੋਊ ਜੋ ਗੁਰੂ ਲਿਖਾਈ, ਤਾਂਤੇ ਇਥੇ ਦੂਜੀ ਐਡੀਸ਼ਨ ਵਿਚ ਖੋਜ ਦਾ ਸੁਆਲ ਹੀ ਨਹੀਂ ਪੈਦਾ ਹੋ ਸਕਦਾ, ਜੇਕਰ ਇਹ ਕੋਈ ਨਿਯਮ ਕੀਤਾ ਜਾਵੇ ਕਿ ਪਹਿਲੀ ਐਡੀਸ਼ਨ ਵਿਚ ਗੁਰੂ ਕ੍ਰਿਪਾ ਨਹੀਂ ਕਰਦੇ ਕਿੰਤੂ ਦੂਜੀ ਵਿਚ ਹੀ ਕਰਦੇ ਹਨ, ਤਾਂ ਇੰਜ ਜਿੰਨੀਆਂ ਵੀ ਇਤਿਹਾਸ ਕਾਰਾਂ ਦੀਆਂ ਲਿਖੀਆਂ ਹੋਈਆਂ ਇਤਿਹਾਸਾਂ

Digitized by Panjab Digital Library | www.panjabdigilib.org

ਦੀਆਂ ਪਹਿਲੀਆਂ ਐਡੀਸ਼ਨਾਂ ਹਨ ਉਹ ਸਾਰੀਆਂ ਹੀ ਗਲਤ ਮੰਨਣੀਆਂ ਪੈਣਗੀਆਂ ।

ਤਥਾ:—ਇਸੇ ਪ੍ਰਮਾਣ ਵਿਚ ਹੀ ਉਤੇ ਲਿਖਿਆ ਹੈ ਕਿ, ਸਿੱਖਨ ਪੁਸਤਕੋਂ ਮੈਂ ਲਿਖ ਰਾਖੀ ॥ ਸੋਈ ਪਿਖ ਮਾਖੀ ਪਰ ਮਾਖੀ ॥ ਮੈਂ ਭੀ ਮਾਰੀ ਭੁਲ ਕੈ ਖਾਸ ॥ ਪਹਿਲੋ ਵੀਚ ਪੰਥ ਪ੍ਰਕਾਸ਼, ਇਥੇ ਵੀ ਇਹ ਸ਼ੰਕਾ ਪੈਦਾ ਹੁੰਦੀ ਹੈ ਕਿ ਜੇਕਰ ਅਸਲ ਦੇਵੀ ਪ੍ਰਗਟ ਹੋਈ ਹੀ ਕੋਈ ਨਹੀਂ ਸੀ ਤਾਂ ਫਿਰ ਸਿੱਖਾਂ ਦੀਆਂ ਲਿਖੀਆਂ ਪੁਸਤਕਾਂ ਵਿਚ ਕਿਉਂ ਇਹ ਦੇਵੀ ਪ੍ਰਗਟ ਹੋਣ ਦਾ ਪ੍ਰਸੰਗ ਲਿਖਿਆ ਗਿਆ, ਕੀ ਸਾਰੇ ਸਿਖ ਹੀ ਖੋਜੀ ਨਹੀਂ ਸਨ, ਜਾਂ ਸਾਰੇ ਸਿੱਖਾਂ ਨੂੰ ਹੀ ਸ੍ਰੀ ਗੁਰੂ ਜੀ ਨੇ ਗਲਤ ਪ੍ਰਸੰਗ ਵਲ ਪ੍ਰੇਰਿਆ, ਪ੍ਰੰਤੂ ਇਹ ਗਲ ਕੋਈ ਸਚਾਈ ਦੀ ਖੋਜ ਹਿਤ ਹੀ ਕਾਫ਼ੀ ਨਹੀਂ ।

ਬਾਕੀ ਜੇਕਰ ਹਿੰਦੂ ਲਿਖਾਰੀਆਂ ਦੇ ਗ੍ਰੰਥਾਂ ਵਿਚ ਹੀ ਦੇਵੀ ਪ੍ਰਗਟ ਹੋਣ ਦਾ ਪ੍ਰਸੰਗ ਹੁੰਦਾ ਤਾਂ ਇਹ ਕਲਪਨਾਂ ਕੀਤੀ ਵੀ ਜਾਂਦੀ ਕਿ ਹਿੰਦੂ ਲਿਖਾਰੀਆਂ ਨੇ ਆਪਣੇ ਖਿਆਲ ਵਿਚ ਭਰ ਦਿਤੇ ਹਨ, ਪਰ ਜਦ ਇਥੇ ਸ੍ਰੀ ਮਾਨ ਗਿਆਨੀ ਜੀ ਲਿਖਦੇ ਹਨ ਕਿ ਸਿਖਨ ਪੁਸਤਕੋਂ ਮੈਂ ਲਿਖ ਰਾਖੀ, ਸਿਖਾਂ ਨੇ ਹੀ ਪੁਸਤਕਾਂ ਵਿਚ ਇਹ ਗਲ ਲਿਖ ਰਖੀ ਹੈ ਤਾਂ ਉਹ ਸਿਖ ਜਦ ਗੁਰੂ ਸਾਹਿਬਾਂ ਦੇ ਸ਼ਰਧਾਲੂ ਸਨ ਕਿਉਂਕਿ ਗੁਰੂ ਘਰ ਵਿਚ ਜਦ ਕਿਸੇ ਦੇਵੀ ਦੇਵਤੇ ਨੂੰ ਮੰਨਣ ਦਾ ਆਪ ਕਹਿੰਦੇ ਹਨ ਕਿ ਅਸੂਲ ਹੀ ਨਹੀਂ ਸੀ, ਤਾਂ ਉਨ੍ਹਾਂ ਸਿੱਖਾਂ ਨੇ ਕਿਸ ਆਧਾਰ ਤੇ ਦੇਵੀ ਪ੍ਰਗਟ ਹੋਈ ਲਿਖ ਧਰੀ, ਇਸ ਤੋਂ ਸਾਫ਼ ਪ੍ਰਗਟ ਹੁੰਦਾ ਹੈ ਕਿ ਦੇਵੀ

Digitized by Panjab Digital Library | www.panjabdigilib.org

ਪ੍ਰਗਟ ਹੋਈ ਹੈ ਸਚਾਈ ਨੂੰ ਲਿਖਣਾ ਉਹ ਗੁਰਸਿਖ ਪਸਿੰਦ ਕਰਦੇ ਸਨ ਪਰ ਅੱਜ ਕਲ ਦੇਵੀ ਵਿਰੁਧ ਪਾਰਟੀ ਦੇ ਇਹ ਗਲ ਪਸਿੰਦ ਨਹੀਂ; ਇਸ ਲਈ ਦੇਵੀ ਮੰਡਨ ਵਾਲੇ ਪ੍ਰਸੰਗਾਂ ਨੂੰ ਟਾਲਣ ਹਿਤ ਹੀ ਇਹੋ ਜਿਹੀਆਂ ਕਈ ਘਾੜਤਾਂ ਘੜਦੇ ਰਹਿੰਦੇ ਹਨ ਵਾਸਤਵ ਇਹ ਸਚਾਈ ਨਹੀਂ, ਜੇਕਰ ਇਹੋ ਹਠ ਕੀਤਾ ਜਾਵੇ ਕਿ ਪਹਿਲੀ ਐਡੀਸ਼ਨ ਵਿਚ ਗਿਆਨੀ ਜੀ ਨੇ ਭੁਲ ਕੀਤੀ ਹੈ ਤਾਂ ਦੂਜੀ ਐਡੀਸ਼ਨ ਵਿਚ ਇਹ ਕੀ ਸਬੂਤ ਹੈ ਕਿ ਉਨ੍ਹਾਂ ਭੁਲ ਨਹੀਂ ਕੀਤੀ।

**(੮) ਪ੍ਰਸ਼ਨ**--ਗੁਰਮਤ ਦਰਸ਼ਨ ਸਫਾ ੮੦ ਤੇ ਲਿਖਿਆ ਹੈ ਕਿ ਸਰਵ ਲੋਹ ਬਾਬਤ ਅੱਗੇ ਵੀ ਦੱਸ ਚੁਕੇ ਹਾਂ ਕਿ ਇਸ ਪੁਸਤਕ ਵਿਚ ਪੁਰਾਂਣਿਕ ਪ੍ਰਸੰਗਾਂ ਦੇ ਟੀਕੇ ਅਤੇ ਅਨੇਕਾਂ ਕਵੀਆਂ ਤਥਾ ਖਾਸ ਕਰ ਦੁਰਗਾ ਭਗਤ ਭਾਈ ਸੁਖਾ ਸਿੰਘ ਪੱਟਨੇ ਸਾਹਿਬ ਦੇ ਗ੍ਰੰਥੀ ਦੀ ਬਾਣੀ ਦੀ ਮਿਲਾਵਟ ਹੈ ਜੁ ਗੁਰ ਆਸ਼ਿਆਂ ਤੋਂ ਉਲਟ ਹੈ, ਤਾਂਤੇ ਸ੍ਰਵ ਲੋਹ ਦਾ ਪ੍ਰਮਾਣ ਆਸਮ੍ਰਥ ਸਿੱਧ ਹੁੰਦਾ ਹੈ।

**ਉਤਰ**--ਸਰਵ ਲੋਹ, ਗ੍ਰੰਥ ਉਤੇ ਸ੍ਰੀ ਭਾਗ ਮਲ ਜੀ ਵਲੋਂ ਕੀਤੀ ਗਈ ਨੁਕਤਾ ਚੀਨੀ ਦਾ ਵਿਸ਼ੇਸ਼ ਨਿਰਣੈ, ਗੁਰਮਤ ਵਿਚਾਰ ਸੂਰਜ, ਦੇ ਸਫਾ ੫੨ ਤੋਂ ੫੫ ਤਕ ਵਿੱਚ ਉਤਰ ਰੂਪ ਵਿਚ ਲਿਖਿਆ ਹੋਇਆ ਹੈ ਉਥੇ ਦੇਖੋ ਕਿੰਤੂ ਸ੍ਰੀ ਭਾਗਮਲ ਜੀ ਦੇ ਲੇਖ ਕੁਝ ਇਹੋ ਜਿਹੇ ਹੀ ਹੁੰਦੇ ਹਨ ਇਕ ਪਾਸੇ ਇਥੇ ਲਿਖਦੇ ਹਨ ਕਿ ਸਰਵ ਲੋਹ ਗ੍ਰੰਥ ਵਿੱਚ ਕਵੀਆਂ ਲੋਗਾਂ ਦੀ ਬਾਣੀ ਦੀ ਮਿਲਾਵਟ ਹੈ ਅਤੇ ਪਿਛੇ

Digitized by Panjab Digital Library | www.panjabdigilib.org

-ਇਸੇ ਗੁਰਮਤ ਦਰਸ਼ਨ ਦੇ ਸਫਾ ੨੩ ਉਤੇ ਲਿਖ ਆਏ ਹਨ ਕਿ, ਮਹਾਨ ਕੋਸ਼, ਵਿਚ ਸ੍ਰ: ਬ: ਸ੍ਰ: ਕਾਹਨ ਸਿੰਘ ਜੀ ਨਾਭਾ ਵੀ ਸਰਵ ਲੋਹ ਨੂੰ ਸ੍ਰੀ ਦਸਮੇਸ਼ ਜੀ ਦੀ ਲਿਖਤ ਨਹੀਂ ਮੰਨਦੇ, ਜਦ ਪਿਛੇ ਨਿਸ਼ਚਾ ਕਰ ਚੁਕੇ ਹਨ ਕਿ ਸਰਵ ਲੋਹ, ਸ੍ਰੀ ਦਸਮੇਸ਼ ਜੀ ਦੀ ਲਿਖਤ ਹੀ ਨਹੀਂ ਤਾਂ ਫਿਰ ਇਥੇ ਉਸ ਵਿਚ ਕਵੀਆਂ ਦੀ ਬਾਣੀ ਦੀ ਮਿਲਾਵਟ ਹੈ ਕਹਿਣਾ ਕੀ ਅਰਥ ਰਖਦਾ ਹੈ, ਇਹੋ ਅਰਥ ਰਖੇਗਾ ਕਿ ਸਰਵ ਲੋਹ ਵਿਚ ਕੁਛ ਲਿਖਤ ਸ੍ਰੀ ਦਸਮੇਸ਼ ਜੀ ਦੀ ਵੀ ਹੈ ਕਿਉਂਕਿ ਮਿਲਾਵਟ ਤਦ ਹੀ ਕਿਹਾ ਜਾ ਸਕਦਾ ਹੈ ਜੋ ਕੁਝ ਵਿੱਚ ਅਸਲ ਵੀ ਹੋਵੇ, ਜੇਕਰ ਇੰਜ ਵੀ ਹੋਵੇ ਤਾਂ ਫਿਰ ਲੋੜ ਇਸ ਨਿਰਣੈ ਦੀ ਹੈ ਕਿ ਵਿੱਚ ਸ੍ਰੀ ਦਸਮੇਸ਼ ਜੀ ਦੀ ਬਾਣੀ ਕਿਹੜੀ ਹੈ ਤੇ ਕਵੀਆਂ ਦੀ ਕਿਹੜੀ ਹੈ ਇਸ ਛਾਣ ਬੀਣ ਵਾਸਤੇ ਕੋਈ ਖਾਸ ਚਿੰਨ੍ਹ ਦੱਸਣ ਦੀ ਇਥੇ ਲੋੜ ਸੀ ਜੋ ਨਹੀਂ ਦਸਿਆ।

ਤਥਾ:—ਗੁਰਮਤ ਦਰਸ਼ਨ ਸਫਾ ੮੮ ਤੇ ਲਿਖਿਆ ਹੈ ਕਿ, ਭਾਈ ਸੁਖਾ ਸਿੰਘ ਨੇ ਸਰਵ ਲੋਹ ਗ੍ਰੰਥ ਵਿੱਚ ਵੀ ਗਣੇਸ਼ ਉਪਮਾਂ ਅਤੇ ਦੇਵੀ ਮਹਿਮਾਂ ਦੀਆਂ ਸਧਰਾਂ ਲਾਹੀਆਂ ਹਨ, ਜਿਸਦਾ ਅਸਰ ਕਈ ਅਨਜਾਨ ਇਤਿਹਾਸ ਕਾਰਾਂ ਤੇ ਇਹ ਪਿਆ ਕਿ ਦੇਵੀ ਪਾਜ ਉਘੇੜਨ ਦੀ ਥਾਂ ਉਲਟਾ ਦੇਵੀ ਪ੍ਰਗਟ ਹੋਈ ਲਿਖੀ ਗਏ, ਔਰ ਗਨਪਤਿ ਗੌਰੀ ਸੁਤ ਭਜੇ॥ ਆਦਕ ਸਰਵ ਲੋਹ, ਦੇ ਪ੍ਰਮਾਣ ਦੇ ਉੱਤਰ ਵਿਚ ਗੁਰਮਤ ਦਰਸ਼ਨ ਦੇ ਸਫਾ ੨੨ ਤੇ ਲਿਖਿਆ ਹੈ ਕਿ ਸਰਵ ਲੋਹ ਵਿਚ ਵੀ ਕਈ ਪੁਰਾਂਣਿਕ ਪ੍ਰਸੰਗਾਂ ਦੇ ਸੰਸਕ੍ਰਿਤ ਤੋਂ ਉਲਥੇ ਹਨ

Digitized by Panjab Digital Library | www.panjabdigilib.org

ਜਿਨ੍ਹਾਂ ਵਿਚ ਪਿਛਲੇ ਪੁਸਤਕਾਂ ਦੇ ਮੰਗਲਾਂ ਦੇ ਟੀਕੇ ਹਨ, ਤੇ ਇਥੇ ਲਿਖਿਆ ਹੈ ਕਿ ਗਣੇਸ਼ ਉਪਮਾਂ ਦੀਆਂ ਸਧਰਾਂ ਭਾਈ ਸੁਖਾ ਸਿੰਘ ਨੇ ਲਾਹੀਆਂ ਹਨ ਪਤਾ ਨਹੀਂ ਸ੍ਰੀ ਭਾਗ ਮਲ ਜੀ ਦੇ ਨਿਸਚੇ ਵਿਚ, ਕੀ ਸੱਚ ਹੈ।

ਬਾਕੀ ਪੱਟਨਾਂ ਸਾਹਿਬ ਗੁਰੂ ਘਰ ਵਿਚ ਇਕ ਤਖਤ ਮੰਨਿਆ ਜਾਂਦਾ ਹੈ ਜੇਕਰ ਗੁਰੂ ਘਰ ਵਿਚ ਦੇਵੀ ਦਾ ਮੰਡਨ ਪੂਜਨ ਕਰਨਾ ਗੁਰ ਸਿੱਖੀ ਅਸੂਲਾਂ ਦੇ ਵਿਰੁਧ ਸੀ ਤਾਂ ਉਪ੍ਰੋਕਤ ਭਾਈ ਸੁਖਾ ਸਿੰਘ ਜੀ ਨੂੰ ਦੁਰਗਾ ਭਗਤ ਹੋਣ ਕਰਕੇ ਸਿਖ ਸੰਗਤਾਂ ਨੇ ਪੱਟਣੇ ਸਾਹਿਬ ਦਾ ਗ੍ਰੰਥੀ ਕਿਵੇਂ ਕਾਇਮ ਕਰ ਦਿਤਾ ਹੋਵੇਗਾ ਜੇਕਰ ਉਪ੍ਰੋਕਤ ਸ੍ਰੀ ਭਾਗ ਮਲ ਜੀ ਦੇ ਕਥਨ ਮੁਤਾਬਕ ਭਾਈ ਸੁਖਾ ਸਿੰਘ ਜੀ ਪੱਟਣੇ ਸਾਹਿਬ ਦੇ ਗ੍ਰੰਥੀ ਸਨ ਤਾਂ ਫਿਰ ਸਾਬਤ ਹੁੰਦਾ ਹੈ ਕਿ ਦੇਵੀ ਦਾ ਪੂਜਨ ਮੰਡਨ ਉਸ ਵਕਤ ਪੰਥ ਵਿਚ ਗੁਰੂ ਆਸ਼ੇ ਤੋਂ ਉਲਟ ਨਹੀਂ ਸੀ, ਅਰ ਸਰਵ ਲੋਹ, ਵਿਚ ਖਾਲਸੇ ਦੀ ਬਹੁਤ ਉਪਮਾਂ ਕੀਤੀ ਹੋਈ ਮਿਲਦੀ ਹੈ ਪਰ ਮਲੂਮ ਹੁੰਦਾ ਹੈ ਉਥੇ ਸ੍ਰੀ ਭਾਗ ਮਲ ਜੀ ਕੋਈ ਨੁਕਤਾ ਚੀਨੀ ਨਹੀਂ ਕਰਨਗੇ ਅਤੇ ਸਰਵ ਲੋਹ ਨੂੰ ਉਸ ਵਕਤ ਸ੍ਰੀ ਦਸਮੇਸ਼ ਜੀ ਦੀ ਹੀ ਰਚਨਾਂ ਹੈ ਕਹਿ ਦੇਣ ਤਾਂ ਵੀ ਕੋਈ ਪਤਾ ਨਹੀਂ, ਕਿਉਂਕਿ ਸ੍ਰੀ ਭਾਗ ਮਲ ਜੀ ਦੀ ਇਹ ਨੀਤੀ ਹੈ ਕਿ ਜਿਥੇ ਗਲ ਨਾਂ ਮੰਨਣੀ ਹੋਵੇ ਉਥੇ ਕਹਿ ਦੇਣਾ ਕਿ ਇਹ ਕਵੀਆਂ ਦੀ ਮਿਲਾਵਟ ਜਾਂ ਪਿਛਲੇ ਗ੍ਰੰਥਾਂ ਦਾ ਟੀਕਾ ਹੈ ਅਤੇ ਜਿਥੋਂ ਗਲ ਮੰਨਣੀ ਹੋਵੇ ਉਥੇ ਕਹਿ ਦੇਣਾ ਕਿ ਇਹ ਨਿਰੋਲ ਸ੍ਰੀ ਗੁਰੂ ਜੀ ਵਲੋਂ ਹੁਕਮ ਹੈ।

Digitized by Panjab Digital Library | www.panjabdigilib.org

**(੯) ਪ੍ਰਸ਼ਨ**--ਗੁਰਮਤ ਦਰਸ਼ਨ ਦਾ ਸਫ਼ਾ ੯੮ ਤੇ ਹੀ ਲਿਖਿਆ ਹੈ ਕਿ, ਨਹੀਂ ਤੇ ਕਵੀ ਸੈਨਾ ਪਤੀ ਨੇ ਆਪਣੇ ਰਚੇ, ਗੁਰ ਸੋਭਾ, ਗ੍ਰੰਥ ਵਿਚ ਜਿਥੇ ਪੰਥ ਸਾਜਨ ਦਾ ਬ੍ਰਿਤਾਂਤ ਅੱਖੀ ਡਿਠਾ ਲਿਖਿਆ ਸੀ ਉਥੇ ਕੁਝ ਨਾ ਕੁਝ ਦੇਵੀ ਪ੍ਰਗਟ ਹੋਣ ਦਾ ਵੀ ਜ਼ਰੂਰ ਵਰਨਨ ਕਰਦੇ......ਇਸਤੋਂ ਬਿਨਾਂ ਭਾਈ ਮਨੀ ਸਿੰਘ ਜੀ ਨੇ ਭਾਈ ਗੁਰਦਾਸ ਦੀ ਪਹਿਲੀ। ਤਥਾ:—

ਯਾਰਵੀ ਵਾਰ ਦਾ ਟੀਕਾ ਗਿਆਨ ਰਤਨਾਵਲੀ ਅਤੇ ਭਗਤ ਰਤਨਾਵਲੀ ਨਾਮ ਕਰਕੇ ਕੀਤਾ ਹੈ ਉਸ ਵਿਚ ਵੀ ਦੇਵੀ ਦੀ ਮਹਿਮਾਂ ਤਾਂ ਕਿਤੇ ਰਹੀ ਸਗੋਂ ਮੰਗਲਾ ਚਰਨ ਸਮੇਂ ਇਹ ਸੂਚਨਾਂ ਕਰਾਈ ਹੈ ਨਾਮ ਸਭ ਦੇਵਾਂ ਦਾ ਦੇਵ ਹੈ ਕੋਈ ਦੇਵੀ ਨੂੰ ਮਨਾਉਂਦਾ ਹੈ ਕੋਈ ਸ਼ਿਵਾਂ ਨੂੰ ਕੋਈ ਗਣੇਸ਼ ਨੂੰ ਕੋਈ ਹੋਰ ਦੇਵਤਿਆਂ ਨੂੰ ਗੁਰੂ ਕੇ ਸਿੱਖ ਸਤਿਨਾਮ ਨੂੰ ਅਰਾਧਦੇ ਹਨ......ਇਥੇ ਵੀ ਇਹੋ ਸਿਧ ਹੋਇਆ ਕਿ ਜੇਕਰ ਗੁਰੂ ਸਾਹਿਬ ਦੇਵੀ ਪੂਜਦੇ ਜਾਂ ਪ੍ਰਗਟ ਕਰਦੇ ਤਾਂ ਭਾਈ ਮਨੀ ਸਿੰਘ ਜੀ ਉਪ੍ਰੋਕਤ ਮੰਗਲਾਂ ਚਰਨਾਂ ਵਿਚ ਦੇਵੀ ਦੀ ਨਿਖੇਧੀ ਨਾ ਕਰਦੇ।

**ਉਤਰ**--ਕਵੀ ਸੈਨਾ ਪਤਿ ਦੇ ਅੱਖੀਂ ਡਿਠੇ ਹਾਲ ਬਾਬਤ ਗੁਰਮਤ ਵਿਚਾਰ ਸੂਰਜ, ਦੇ ਸਫ਼ਾ ੨੭੯—੨੮੦ ਵਿਚ ਨਿਰਨਾ ਕੀਤਾ ਹੋਇਆ ਹੈ ਉਥੇ ਦੇਖੋ: ਬਾਕੀ ਇਸ ਗੁਰ ਸੋਭਾ: ਪੁਸਤਕ ਦੂਜੀ ਵੇਰ ੨੦੦੦ ਛਪੇ ਦੇ ਪਹਿਲੇ ਟਾਈਟਲ ਤੇ ਸੰਗ੍ਰਹਿ ਕਰਤਾ ਅਕਾਲੀ ਕੌਰ ਸਿੰਘ ਜੀ ਨਿਹੰਗ ਵੀ ਲਿਖਿਆ ਹੈ ਤਾਂਤੇ

Digitized by Panjab Digital Library | www.panjabdigilib.org

ਇਸਦੇ ਸੰਗ੍ਰਹਿ ਕਰਤਾ ਅਕਾਲੀ ਕੌਰ ਸਿੰਘ ਜੀ ਹਨ, ਇਸਤੋਂ ਸਿਧ ਹੁੰਦਾ ਹੈ ਕਵੀ ਸੈਨਾਪਤੀ ਨੇ ਇਹ ਪੁਸਤਕ ਆਪਣੀ ਹੱਥੀਂ ਮੁਕੰਮਲ ਨਹੀਂ ਕੀਤਾ ਕਿਉਂਕਿ ਜੇਕਰ ਹਥੀਂ ਮੁਕੰਮਲ ਕੀਤਾ ਹੋਇਆ ਹੁੰਦਾ ਤਾਂ ਮੁਕੰਮਲ ਵਿਚ ਕੀ ਕਮੀ ਸੀ ਜੋ ਉਪਰੋਕਤ ਅਕਾਲੀ ਜੀ ਨੂੰ ਕੁਛ ਸੰਗ੍ਰਹਿ ਕਰਕੇ ਪੂਰੀ ਕਰਨੀ ਪਈ ਅਤੇ ਇਹ ਗ੍ਰੰਥ ਕੋਈ ਏਡਾ ਵਡਾ ਵੀ ਨਹੀਂ ਜਿਸ ਲਈ ਬਹੁਤ ਸੈਚੀਆਂ ਹੋਣ ਕਰਕੇ ਕਵੀ ਸੈਨਾਪਤੀ ਜੀ ਆਪ ਇਕੱਤ੍ਰ ਨਾ ਕਰ ਗਏ ਹੋਣ ਤੇ ਪਿਛੋਂ ਉਹਨਾਂ ਸੈਚੀਆਂ ਨੂੰ ਸ੍ਰੀ ਅਕਾਲੀ ਜੀ ਨੇ ਸੰਗ੍ਰਹਿ ਕੀਤਾ ਹੋਵੇ। ਕਿਉਂਕਿ ਇਹ ਗ੍ਰੰਥ ਵੀਹ, ਤੀਹ, ਦੇ ਛੋਟੇ ਸਾਈਜ਼ ਦਾ ੧੨੪ ਸਫੇ ਦਾ ਹੈ ਔਰ ਪਰਕਾਸ਼ਕ ਭਾਈ ਨਾਨਕ ਸਿੰਘ ਕ੍ਰਿਪਾਲ ਸਿੰਘ ਹਜ਼ੂਰੀਆ, ਉਤੇ ਲਿਖੇ ਹੋਇ ਹਨ ਤਾਂਤੇ ਇਹ ਗ੍ਰੰਥ ਅਜਕਲ ਦੇ ਹਜ਼ੂਰੀਏ ਤੇ ਸ੍ਰੀ ਅਕਾਲੀ ਨਿਹੰਗ ਜੀ ਦਾ ਹੀ ਮੁਕੰਮਲ ਕੀਤਾ ਹੋਇਆ ਸਿਧ ਹੁੰਦਾ ਹੈ। ਜੋ ਦੇਵੀ ਦੇ ਵਿਰੁਧ ਪਾਰਟੀ ਦੇ ਸੱਜਣ ਹਨ ਇਹਨਾਂ ਦੇ ਸੰਗ੍ਰਹਿ ਕੀਤੇ ਹੋਏ ਵਿਚੋਂ ਦੇਵੀ ਪਰਗਟ ਹੋਈ ਛੱਡਕੇ ਦੇਵੀ ਦੇ ਸਤਿਕਾਰ ਦਾ ਨਾਮ ਮਿਲਨਾ ਵੀ ਅਸੰਭਵ ਹੈ।

ਬਾਕੀ ਇਸ ਗੁਰਸੋਭਾ, ਪੁਸਤਕ ਦਾ ਪੰਥ ਵਿੱਚ ਵੀ ਕੁਝ ਮਹਤੱਵ ਨਹੀਂ ਕਿਉਂਕਿ ਗੁਰਮਤ ਦਰਸ਼ਨ ਸਫਾ ੮੪ ਤੇ ਜਿਸ ਭਾਈ ਸਾਹਿਬ ਭਾਈ ਵੀਰ ਸਿੰਘ ਜੀ ਨੂੰ ਸ੍ਰੀ ਭਾਗਮਲ ਜੀ ਨੇ ਪੰਥ ਰਤਨ ਮੰਨਿਆਂ ਹੈ ਉਹੋ ਭਾਈ ਸਾਹਿਬ ਭਾਈ ਵੀਰ ਸਿੰਘ ਜੀ ਆਪਣੇ ਗੁਰ ਪਰਤਾਪ ਸੂਰਜ ਗਰੰਥਾਵਲੀ ਦੀ ਪ੍ਰਸਤਾਵਨਾਂ ਦੂਜੀ ਵੇਰ ਛਪੀ ਦੀ

Digitized by Panjab Digital Library | www.panjabdigilib.org

ਭੂਮਿਕਾ ਸਫਾ ੧੫ ਤੇ ਇਸੇ ਗੁਰਸੋਭਾ, ਗ੍ਰੰਥ ਨੂੰ ਗਲਤ ਸਾਬਤ ਕਰਦੇ ਹਨ ਯਥਾ—ਮਸਲਨ ਗੁਰਸੋਭਾ ਇਕ ਗ੍ਰੰਥ ਹੈ ਇਸਦੇ ਪਰਮਾਣ ਅਸਾਂ ਕਈ ਜਗ੍ਹਾ ਦਿਤੇ ਹਨ ਇਹ ਪੁਰਾਤਨ ਹੈ ਤੇ ਇਸ ਵਿਚੋਂ ਬਹੁਤ ਕੁਛ ਮਿਲਦਾ ਹੈ ਪਰ ਇਸਨੂੰ ਭੁਲਾਂ ਤੋਂ ਰਹਿਤ ਅਸੀਂ ਨਹੀਂ ਕਹਿ ਸਕਦੇ ਅਤੇ ਕੁਛ ਰਲੇ ਪੈ ਜਾਣ ਦਾ ਸੰਸਾ ਬੀ ਕਰਦੇ ਹਾਂ, ਆਪ ਦੇ ਲਿਖੇ ਤੋ ਜਾਣ ਪੈਂਦਾ ਹੈ ਕਿ ਬਾਬਾ ਜੋਰਾਵਰ ਸਿੰਘ ਜੀ ਸ਼ਹੀਦ ਨਹੀਂ ਹੋਏ ਤੇ ਗੁਰੂ ਸਾਹਿਬ ਜੀ ਨੂੰ ਮਿਲੇ ਹਨ ਪਰ ਇਹ ਗਲਤ ਹੈ ਕਿਉਂਕਿ ਦਸਮੇਂ ਪਾਤਸ਼ਾਹ ਜੀ ਜ਼ਫਰ ਨਾਮੇ ਵਿਚ ਆਪ ਪਤਾ ਦੇ ਰਹੇ ਹਨ ਕਿ ਚਾਰੇ ਸਾਹਿਬ ਜਾਦੇ ਸ਼ਹੀਦ ਹੋ ਗਏ ਹਨ......ਤੁਥਾ ਦੱਖਨ ਜਾਂਦਿਆਂ ਦਸਮੇਂ ਸਤਿਗੁਰਾਂ ਦੇ ਨਵੇਂ ਵਿਆਹ ਦੀ ਇਕ ਸਾਖੀ ਇਸ ਵਿਚ ਦਿਤੀ ਹੈ ਇਹ ਜੇ ਚੌਥਾ ਵਿਆਹ ਮੰਨੀਏ ਤਾਂ ਅਸ਼ੁਧ ਹੈ...... ਜਾਪਦਾ ਹੈ ਕਿ ਐਸੇ ਵਾਕੇ ਸੈਨਾਂ ਪਤਿ ਨੇ ਨਿਸਚੇ ਸਹੀ ਕਰਕੇ ਤੇ ਨਿਰਨਾ ਕਰਕੇ ਨਹੀਂ ਲਿਖੇ......ਤਾਂਤੇ ਸ੍ਰੀ ਮਾਨ ਪੰਥ ਰਤਨ ਜੀ ਜਦ ਉਪ੍ਰੋਕਤ ਸੈਨਾ ਪਤੀ ਜੀ ਦੇ ਅਖੀਂ ਡਿਠੇ ਹਾਲਾਂ ਨੂੰ ਗਲਤ ਸਾਬਤ ਕਰਦੇ ਹਨ ਜੋ ਹੈਨ ਵੀ ਗਲਤ ਤਾਂ ਸ੍ਰੀ ਭਾਗ ਮਲ ਜੀ ਪਤਾ ਨਹੀਂ ਉਸ, ਗੁਰ ਸੋਭਾ, ਗ੍ਰੰਥ ਵਿਚੋਂ ਦੇਵੀ ਬਾਬਤ ਕੀ ਸਚਾਈ ਦੀ ਆਸ ਰਖਦੇ ਹਨ।

ਰਹੀ ਗਲ ਸ੍ਰੀ ਮਾਨ ਭਾਈ ਮਨੀ ਸਿੰਘ ਜੀ ਦੀ ਭਗਤ ਰਤਨਾਵਲੀ ਆਦਕ ਦੀ, ਜੇਕਰ ਸ੍ਰੀ ਭਾਗ ਮਲ ਜੀ ਉਪ੍ਰੋਕਤ ਭਗਤ ਰਤਨਾਵਲੀ ਆਦਕ ਨੂੰ ਯਥਾਰਥ ਮੰਨਦੇ ਹਨ ਤਾਂ ਭਾਈ ਮਨੀ ਸਿੰਘ ਜੀ ਦੀ ਲਿਖੀ ਭਗਤ ਰਤਨਾਵਲੀ

Digitized by Panjab Digital Library | www.panjabdigilib.org

ਯਾਰਵੀ ਵਾਰ ਦੇ ਟੀਕੇ ਦੀ ਸਾਖੀ ੧੩੧ ਵਿਚ ਲਿਖਿਆ ਹੈ ਕਿ, ਪੰਡਤ ਭੈ ਮਾਨ ਹੋਇ ਕੈ ਕਹਿਆ ਮੈਂ ਇਸ਼ਨਾਨ ਨਦੀ ਤੇ ਕਰ ਆਵਾਂ ਤੇ ਤੁਸੀਂ ਹੋਮ ਕਰੋ ਤੇ ਮੰਤ੍ਰ ਪੜ੍ਹੋ, ਤਾਂ ਮੰਤ੍ਰ ਪੜ੍ਹਦਿਆਂ ਹੀ ਦੇਵੀ ਪ੍ਰਤੱਖ ਹੋਈ ਤਾਂ ਕਰਦ ਸਾਹਿਬ ਦੇ ਹਥ ਦਿਤੀ ਤਾਂ ਸਾਹਿਬ ਕਰਦ ਲੈਕੇ ਧਿਆਨ ਧਰਕੈ ਨੇਤ੍ਰ ਮੂੰਦ ਲੀਏ ਤੇ ਦੇਵੀ ਲੋਪ ਹੋਈ ਤੇ ਸਵਾ ਲਾਖ ਸੀਸ ਸਿਖਾਂ ਦੇ ਸਾਹਿਬ ਨੇ ਸਮਰਪਨੁ ਕੀਤ੍ਰੇ ਜੋ ਸ਼ਸ਼ਤ੍ਰਾਂ ਕਰ ਜੂਝਨਗੇ ਤੇ ਸ਼ਸ਼ਤ੍ਰਾਂ ਦੀ ਭੇਟ ਹੋਵਨਗੇ, ਇਹ ਪ੍ਰਸੰਗ ਭਾਈ ਮਨੀ ਸਿੰਘ ਜੀ ਦੀ ਗੁਰਸਿਖਾਂ ਕੀ ਭਗਤ ਮਾਲ, ਨਾਮੀ (ਲਿਖਤੀ) ਪੁਸਤਕ ਦੇ ਸਫਾ ੩੩੪-੩੩੫ ਅਤੇ ਸਾਖੀ ੧੩੫ ਵਿਚ ਵੀ ਲਿਖਿਆ ਹੈ ਜਿਸ ਦੇ ਕੁਛ ਪਤ੍ਰੇ ਵੀ ਫਟੇ ਹੋਇ ਹਨ ਇਸ ਦੇ ਦਰਸ਼ਨ ਸਿਖ ਰੈਫ੍ਰੈਂਸ ਲਾਇਬ੍ਰੇਰੀ ਅੰਮ੍ਰਿਤਸਰ ਵਿਚ, ਸੂਚੀ ਨੰਬਰ ੭੫੧ ਦੇ ਪਤੇ ਪਰ ਕੀਤੇ ਹਨ।

ਇਹ ਪਤਾ ਨਹੀਂ ਕਿ ਸ਼ਾਇਦ ਉਪ੍ਰੋਕਤ ਪੁਸਤਕਾਂ ਅਜ ਕਲ ਕਿਸੇ ਨਵੀਆਂ ਛਪੀਆਂ ਵਿਚੋਂ ਇਹ ਪ੍ਰਸੰਗ ਕਢ ਦਿਤਾ ਹੈ ਕਿ ਵਿਚ ਹੀ ਹੈ, ਕਿਉਂਕਿ ਇਹ ਅਜ ਕਲ ਰਿਵਾਜ ਹੋ ਚੁਕਾ ਹੈ ਕਿ ਜੋ ਕਿਸੇ ਦੇ ਮਨ ਪਸੰਦ ਪ੍ਰਸੰਗ ਨਾਂ ਹੋਵੇ ਉਹ ਕਢ ਹੀ ਦਿਤਾ ਜਾਂਦਾ ਹੈ ਪ੍ਰੰਤੂ ਇਸ ਵਿਚ ਪੰਡਤ ਦਾ ਇਸ਼ਨਾਨ ਦਾ ਬਹਾਨਾ ਬਣਾ ਕੇ ਭੱਜ ਜਾਣਾ ਤਾਂ ਸ੍ਰੀ ਭਾਗ ਮਲ ਜੀ ਦੇ ਨਿਸਚੇ ਅਨੁਸਾਰ ਹੈ ਕਿੰਤੂ ਭਾਈ ਮਨੀ ਸਿੰਘ ਜੀ ਲਿਖਦੇ ਹਨ ਕਿ ਦੇਵੀ ਪ੍ਰਗਟ ਹੋਈ ਤੇ ਕਰਦ ਸ੍ਰੀ ਗੁਰੂ ਸਾਹਿਬ ਜੀ ਦੇ ਹਥ ਦਿਤੀ ਆਦਕ, ਤਾਂ ਇਥੇ ਸ੍ਰੀ ਭਾਗ ਮਲ ਜੀ ਹੁਣ ਕੀ ਸੋਚਣ ਤੇ ਕਰਨਗੇ।

Digitized by Panjab Digital Library | www.panjabdigilib.org

ਤਥਾ:-ਸ੍ਰੀ ਮਾਨ ਪੰਡਿਤ ਤਾਰਾ ਸਿੰਘ ਜੀ ਨੇ ਆਪਣੇ ਰਚੇ ਗੁਰਮਤਿ ਨਿਰਣਯ ਸਾਗਰ, ਸੰਮਤ ੧੯੫੫ ਵਿਚ ਛਪੇ ਦੇ ਸਫਾ ੫੯੪ ਉਥਾਨਕਾ ਪ੍ਰੀਖਯਾ ਪ੍ਰਕਰਣ ਕੀ, ਵਿਚ ਭਾਈ ਮਨੀ ਸਿੰਘ ਜੀ ਦੀ ਲਿਖੀ ਗਿਆਰਵੀਂ ਵਾਰ ਦਾ ਟੀਕਾ ਭਗਤ ਰਤਨਾਵਲੀ ਦੀ ਸਾਖੀ ੧੫੪ ਦਾ (ਬਾਂਸੀਆਂ ਵਾਲੇ ਦੇ ਸਿੱਖਾਂ ਦੇ ਪ੍ਰਸ਼ਨਾ ਉਤ੍ਰਾਂ ਦਾ) ਲੇਖ ਲਿਖਿਆ ਹੈ ਜਿਸ ਵਿਚ ਸ੍ਰੀ ਦਸਮੇਸ਼ ਜੀ ਵਲੋਂ ਪੰਜਵੇਂ ਪ੍ਰਸ਼ਨ ਦੇ ਉੱਤਰ ਵਿਚ ਜਨੇਊ ਧਾਰਨ ਦੀ ਆਗਿਆ ਮਿਲੀ ਸਿੱਧ ਹੁੰਦੀ ਹੈ।

ਯਥਾ:-ਵਾਸੀਆਂ ਵਾਲੇ ਸਿਖਾਂ ਕੇ ਦਸ ਪ੍ਰਸ਼ਨ ਰਹਿਤਾਂ ਕੇ ਸੁਣਕੇ ਦਸਾਂ ਕੇ ਗੁਰੂ ਜੀ ਨੇ ਆਪਣੇ ਦਸਤਖਤ ਕਰਕੇ ਉੱਤਰ ਦਿਤੇ, ਪ੍ਰਸ਼ਨ ੫ ਜਨੇਊ ਪਾਵਨੇ ਸਮੇਂ ਅੱਗੇ ਸਿਰ ਮੁੰਡਾਵਨੇ ਕੀ ਰੀਤਿ ਥੀ ਅਬ ਸਿਖ ਰੋਕਤੇ ਹੈਂ ਕਿਆ ਹੁਕਮ, ਉੱਤਰ:-ਸਹਿਜ ਧਾਰੀ ਕੇ ਬੇਟੇ ਕੀ ਕੰਚੀ ਸੇ ਰੀਤਿ ਕਰੋ ਕੇਸਧਾਰੀ ਕੇ ਬੇਟੇ ਕੋ ਦਹੀ ਸੇ ਕੇਸੀ ਅਸ਼ਨਾਨ ਕਰਾਯੋ ਜਨੇਊ ਸਮੇਂ, ਕਿੰਤੂ ਸ੍ਰੀ ਭਾਗ ਮਲ ਜੀ ਨੇ ਆਪਣੇ ਪੁਸਤਕ ਵਿਚ ਜਨੇਊ ਖੰਡਨ ਹਿਤ ਬਹੁਤ ਯੱਤਨ ਕੀਤਾ ਹੈ, ਜੋ ਉਪ੍ਰੋਕਤ ਸ੍ਰੀ ਦਸਮੇਸ਼ ਜੀ ਜਨੇਊ ਸਮੇਂ ਕੇਸਾ ਧਾਰੀ ਕੇ ਬੇਟੇ ਕੋ ਦਹੀ ਸੇ ਅਸ਼ਨਾਨ ਕਰਾਯੋ ਕਹਿਕੇ ਜਨੇਊ ਪਾਉਣ ਦੀ ਆਗਿਆ ਦਿੰਦੇ ਹਨ ਪ੍ਰੰਤੂ ਅਜ ਕਲ ਦੀ ਛਪੀ ਹੋਈ ਭਗਤ ਰਤਨਾਵਲੀ ਵਿਚ ਇਸ ਪੰਜਵੇ ਪ੍ਰਸ਼ਨ ਦੇ ਉੱਤਰ ਵਿਚ ਕੇਵਲ ਇਤਨਾਂ ਹੀ ਲਿਖਿਆ ਹੈ ਕਿ ਸਹਿਜ ਧਾਰੀਆਂ ਦੇ ਬੇਟਿਆਂ ਨੂੰ ਪਾਹੁਲ ਦੇਣੀ, ਇਸ ਤੋਂ ਇਹ ਵੀ ਸਿਧ ਹੁੰਦਾ ਹੈ ਕਿ ਅਜ ਕਲ ਦੀ ਛਪੀ

Digitized by Panjab Digital Library | www.panjabdigilib.org

ਭਗਤ ਰਤਨਾਵਲੀ ਦੀ ਐਡੀਸ਼ਨ ਵਿੱਚ ਕੇਸ ਧਾਰੀ ਕੇ ਬੇਟੇ ਕੋ ਦਹੀ ਸੇ ਅਸ਼ਨਾਨ ਕਰਾਯੋ ਜਨੇਊ ਸਮੇਂ ਆਦਕ ਇਹ ਲੇਖ ਜਾਣ ਬੁਝਕੇ ਨਹੀਂ ਛਾਪਿਆ ਗਿਆ ਕਿਉਂਕਿ ਉਪਰੋਕਤ ਸ੍ਰੀ ਮਾਨ ਪੰਡਤ ਤਾਰਾ ਸਿੰਘ ਜੀ ਨੇ ਜਿਸ ਕਿਸੇ (ਇਸ ਅਜਕਲ ਦੀ ਛਪੀ ਹੋਈ ਐਡੀਸ਼ਨ ਤੋਂ ਪਹਿਲੀ) ਐਡੀਸ਼ਨ ਦਾ ਲੇਖ ਉਪਰੋਕਤ ਆਪਣੀ ਪੁਸਤਕ ਵਿੱਚ ਦਰਜ ਕੀਤਾ ਹੈ ਉਸ ਵਿੱਚ ਜ਼ਨੇਊ ਪਾਉਣ ਦੀ ਆਗਿਆ ਸਪਸ਼ਟ ਮਿਲੀ ਸਿਧ ਹੁੰਦੀ ਹੈ।

ਔਰ ਭਾਈ ਮਨੀ ਸਿੰਘ ਜੀ ਦੀ ਗਿਆਨ ਰਤਨਾਵਲੀ ਜਨਮ ਸਾਖੀ ਸੰਮਤ ਨਾਨਕ ਸ਼ਾਹੀ ੪੩੯ ਮੁਫੀਦ ਆਮ ਪ੍ਰੈਸ ਲਾਹੌਰ ਵਿੱਚ ਛਪੀ, ਵਿੱਚ ਵੀ ਸਾਖੀ ਜਮਨਾਂ ਦੀ ਸਫਾ ੧੭੩ ਤੇ ਲਿਖਿਆ ਹੈ ਕਿ ਉਹਨਾਂ ਪੰਡਤਾਂ ਪ੍ਰਸ਼ਨ ਕੀਤਾ ਕਿ ਤੁਸੀਂ ਨਿਰਗੁਣ ਦੇ ਉਪਾਸ਼ਕ ਹੋ ਕਿ ਸਰਗੁਣ ਦੇ ਤਾਂ ਬਾਬੇ ਕਿਹਾ ਜੇ ਨਿਰਗੁਣ ਸਰਗੁਣ ਦੋਇ ਹੋਵਨ ਤਾਂ ਉਪਾਸ਼ਨਾਂ ਭਿੰਨ ਭਿੰਨ ਕਹੀਏ ਪਰ ਸੋਈ ਮਹਾਰਾਜ ਨਿਰਗੁਣ ਰੂਪ ਹੋ ਕੇ ਸਭ ਸਰੀਰਾਂ ਮੇਂ ਸਤਾ ਦੇ ਰਹਾ ਹੈ ਅਰੁ ਸੋਈ ਮਹਾਰਾਜ ਆਪਣੀ ਕ੍ਰਿਪਾ ਕਰ ਸ੍ਰੀ ਕ੍ਰਿਸ਼ਨ ਭਗਵਾਨ ਕਾ ਰੂਪ ਧਾਰਕੇ ਬ੍ਰਿਜ ਮੇਂ ਕਲੋਲ ਕਰਤਾ ਭਯਾ ਹੈ, ਸੋ ਜਿਨ੍ਹੋਂ ਨੇ ਉਨ ਕਾ ਦਰਸ਼ਨ ਕੀਆ ਉਨ ਕਾ ਭੀ ਉਧਾਰ ਹੂਆ ਅਤੇ ਜੋ ਤੁਮ ਉਹਨਾਂ ਕਾ ਚਲਿਤਰ ਗਾਵਤੇ ਸੁਨਤੇ ਹੋ ਤੁਮਾਰਾ ਭੀ ਉਧਾਰ ਹੋਵੇਗਾ। ਪਰੰਤੂ ਸ੍ਰੀ ਭਾਗ ਮਲ ਜੀ ਨੇ ਆਪਣੇ ਪੁਸਤਕ ਵਿੱਚ ਸ੍ਰੀ ਕ੍ਰਿਸ਼ਨ ਭਗਵਾਨ ਦੇ ਖੰਡਨ ਕਰਨ ਵਿੱਚ ਵੀ ਘਟ ਜ਼ੋਰ ਨਹੀਂ ਲਾਇਆ,

Digitized by Panjab Digital Library | www.panjabdigilib.org

ਤਾਂ ਪਤਾ ਨਹੀਂ ਇਥੇ ਸ੍ਰੀ ਭਾਗ ਮਲ ਜੀ ਸ੍ਰੀ ਮਾਨ ਭਾਈ ਮਨੀ ਸਿੰਘ ਜੀ ਦੇ ਪਰਮਾਣ ਪਰਗਟ ਕਰਨ ਦਾ ਹੌਸਲਾ ਕਿਵੇਂ ਕਰ ਰਹੇ ਹਨ । ਬਾਕੀ ਭਾਈ ਮਨੀ ਸਿੰਘ ਜੀ ਦੀ ਗਿਆਨ ਰਤਨਾਵਲੀ, ਅਜ ਕਲ ਦੀ ਛਪੀ ਹੋਈ ਐਡੀਸ਼ਨ ਅਸਾਂ ਅਜੇ ਨਹੀਂ ਦੇਖੀ ਸ਼ਾਇਦ ਉਸ ਵਿਚ ਵੀ ਉਪ੍ਰੋਕਤ ਜਮਨਾਂ ਦੀ ਸਾਖੀ ਵਿਚੋਂ ਸ੍ਰੀ ਕ੍ਰਿਸ਼ਨ ਭਗਵਾਨ ਕਾ ਰੂਪ ਧਾਰ ਕੇ ਬ੍ਰਿਜ ਮੇਂ ਕਲੋਲ ਕਰਤਾ ਭਯਾ ਹੈ ਜਿਨ੍ਹੋਂ ਨੇ ਉਨਕਾ ਦਰਸ਼ਨ ਕੀਆ ਉਨਕਾ ਭੀ ਉਧਾਰ ਹੁਆ ਹੈ, ਆਦਕ ਲੇਖ ਕਢ ਹੀ ਦਿਤਾ ਹੋਵੇ ਕਿੰਤੂ ਅਸਾਂ ਉਪ੍ਰੋਕਤ ਇਹ ਲੇਖ ਪਹਿਲੀ ਛਪੀ ਹੋਈ ਐਡੀਸ਼ਨ ਵਿਚੋਂ ਲਿਖਿਆ ਹੈ।

**(੧੦) ਪ੍ਰਸ਼ਨ**--ਦੇਵੀ ਪ੍ਰਗਟ ਹੋਣ ਬਾਬਤ ਅਜ ਕਲ ਗਿਆਨੀ ਦੱਸਦੇ ਹਨ ਕਿ ਸ੍ਰੀ ਦਸਮੇਸ਼ ਜੀ ਨੇ ਦੇਸ ਸੁਧਾਰ ਹਿਤ ਬਿਅੰਤ ਮਾਇਆ ਖਰਚ ਕੇ ਪਾਖੰਡੀਆਂ ਦਾ ਜਾਲ ਉਧੇੜ ਕੇ ਸਿੱਖਾਂ ਸੇਵਕਾਂ ਨੂੰ ਇਸ ਭਰਮ ਜਾਲ ਵਿਚ ਫਸਣ ਤੋਂ ਹਮੇਸ਼ਾਂ ਲਈ ਸੁਚੇਤ ਕੀਤਾ ਹੈ।

**ਉਤਰ:**- ਇਥੇ ਵਿਚਾਰ ਇਸ ਗਲ ਦੀ ਕਰਨੀ ਹੈ ਕਿ ਦੇਵੀ ਪੂਜਨ ਹਿਤ ਹਵਨ ਸਾਮਿਗਰੀ ਪਰ ਬਿਅੰਤ ਮਾਇਆ ਖਰਚ ਕਰਨੇ ਸੇ ਦੇਵੀ ਪੂਜਨ ਵਾਲਾ ਭਰਮ ਜਾਲ ਕਿਵੇਂ ਟੁਟ ਗਿਆ, ਉਲਟਾ ਦੇਵੀ ਪੂਜਨ ਵਾਲੀ ਗਲ ਦੀ ਪੁਸ਼ਟੀ ਹੋ ਗਈ ਕਿ ਸ੍ਰੀ ਦਸਮੇਸ਼ ਜੀ ਭੀ ਜਦ ਦੇਵੀ ਪੂਜਨ ਹਿਤ ਬੇਅੰਤ ਮਾਇਆ ਖਰਚ ਕਰ ਰਹੇ ਹਨ ਤਾਂ ਹੋਰ ਛੋਟੇ ਲੋਕਾਂ ਦੀ ਕੀ ਗਿਣਤੀ ਹੈ ਤਾਂਤੇ ਇਹੋ ਜਿਹੇ ਗਿਆਨੀਆਂ

Digitized by Panjab Digital Library | www.panjabdigilib.org

ਦੀਆਂ ਇਹ ਦਲੀਲਾਂ ਵਿਦਵਾਨਾਂ ਵਿਚ ਉਲਟਾ ਅਸਰ ਕਰ-ਦੀਆਂ ਹਨ, ਇਹ ਕੇਵਲ ਦੇਵੀ ਪੂਜੀ ਗਈ ਤੋਂ ਬਚਣ ਲਈ ਬਹਾਨੇ ਹੀ ਸਾਬਤ ਹੁੰਦੇ ਹਨ, ਕਿਉਂਕਿ ਸ੍ਰੀ ਦਸਮੇਸ਼ ਜੀ ਬਿਅੰਤ ਮਾਇਆ ਖਰਚ ਕੀਤੇ ਬਿਨਾਂ ਵੀ ਆਪਣੇ ਸਚਾਈ ਭਰੇ ਉਪਦੇਸ਼ਾਂ ਦੁਆਰਾ ਜਾਂ ਸ਼ਕਤੀ ਦੁਆਰਾ ਦੇਸ ਸੁਧਾਰ ਹਿਤ ਪਾਖੰਡੀਆਂ ਦੇ ਪਾਜ ਉਧੇੜ ਸਕਦੇ ਸਨ,

**(੧੧) ਪ੍ਰਸ਼ਨ**--ਉਪ੍ਰੋਕਤ, ਦੇਵੀ ਮਨਾਈ ਗਈ ਹਿਤ ਜਿੰਨੇ ਵੀ ਪ੍ਰਮਾਣ ਪ੍ਰਗਟ ਕੀਤੇ ਗਏ ਹਨ ਉਹ ਸਾਰੇ ਹੀ ਅੰਨਜ ਕਵੀ ਲੋਗਾਂ ਦੇ ਲਿਖੇ ਹੋਇ ਇਤਿਹਾਸਕ ਗ੍ਰੰਥਾਂ ਦੇ ਹੀ ਹਨ ਇਸ ਲਈ ਪੂਰੀ ਤੱਸਲੀ ਨਹੀਂ ਹੋ ਸਕਦੀ ਜਦ ਤਕ ਸ੍ਰੀ ਗੁਰੂ ਜੀ ਦੇ ਖੁਦ ਮੁਖਾਰ ਬਿੰਦ ਵਿਚੋਂ ਉਚਾਰੀ ਹੋਈ ਬਾਣੀ ਦਾ ਪ੍ਰਮਾਣ ਨਾਂ ਪ੍ਰਗਟ ਕੀਤਾ ਜਾਵੇ।

**ਉਤਰ**--ਸ੍ਰੀ ਦਸਮੇਸ਼ ਜੀ ਦੇ ਸ੍ਰੀ ਦਸਮ ਗੁਰੂ ਗ੍ਰੰਥ ਸਾਹਿਬ, ਚੰਡੀ ਚਰਿਤ੍ਰ ੧ ਧਿਆ ੮ ਕਵਿਤਾ ਅੰਕ ੨੩੧ ਵਿਚ ਸ੍ਰੀ ਦਸਮੇਸ਼ ਜੀ ਸ੍ਰੀ ਦੇਵੀ ਕੋਲੋਂ ਵਰ ਮੰਗ ਰਹੇ ਹਨ, ਕਿ ਮੈਨੂੰ ਇਹ ਵਰ ਦੇਹ ਕਿ ਮੈਂ ਸ਼ੁਭ ਕੰਮਾਂ ਤੋਂ ਕਦੀ ਨਾਂ ਟਲਾਂ ਔਰ ਜਦ ਜਾਕੇ ਲੜਾਂ ਤੇ ਦੁਸ਼ਮਨਾਂ ਕੋਲੋਂ ਨਾਂ ਡਰਾਂ ਨਿਸਚੇ ਕਰ ਆਪਣੀ ਜਿਤ ਹੀ ਕਰਾਂ ਅਰ ਸਿਖ ਹਾਂ ਆਪਣੇ ਹੀ ਮਨ ਕਰਕੇ (ਭਾਵ ਉਤੂੰ ਉਤੂੰ ਨਹੀਂ) ਇਸ ਲਾਲਚ ਸੇ ਹੀ ਮੈ ਤੇਰੇ ਗੁਣ ਉਚਾਰੇ ਹਨ ਜਾਂ ਉਚਾਰ ਰਿਹਾ ਹਾਂ ਅਤੇ ਜਦ ਆਯੂ ਦੀ ਅਉਧੀ ਹੋਣ ਦਾ ਕਾਰਨ ਬਣੇ ਤਾਂ ਅਤੀ ਯੁਧ ਵਿਚ ਮੈਂ ਲੜਕੇ ਮਰਾਂ।

Digitized by Panjab Digital Library | www.panjabdigilib.org

ਯਥਾ:-ਦੇਹ ਸਿਵਾ ਵਰ ਮੋਹਿ ਇਹੈ ਸ਼ੁਭ ਕਰਮਨ ਤੇ ਕਬ ਹੂੰ ਨ ਟਰੋ ॥ ਨਾ ਡਰੋ ਅਰਿ ਸੋ ਜਬ ਜਾਇ ਲਰੋ ਨਿਸਚੈ ਕਰ ਆਪਨੀ ਜੀਤ ਕਰੋ ॥ ਅਰੁ ਸਿਖ ਹੋ ਆਪਨੇ ਹੀ ਮਨ ਕੋ ਇਹ ਲਾਲਚ ਹਉ ਗੁਨ ਤਉ ਉਚਰੋ ॥ ਜਬ ਆਵਕੀ ਅਉਧ ਨਿਦਾਨ ਬਨੈ ਅਤ ਹੀ ਰਨ ਮੈ ਤਬ ਜੂਝ ਮਰੋ ॥ ਤਾਂਤੇ ਸ੍ਰੀ ਦਸਮੇਸ਼ ਜੀ ਦੀ ਆਪਣੀ ਉਚਾਰੀ ਬਾਣੀ ਵਿਚੋਂ ਵੀ ਸ੍ਰੀ ਦੇਵੀ ਮਨਾਈ ਸਿਧ ਹੋ ਰਹੀ ਹੈ ।

**(੧੨) ਪ੍ਰਸ਼ਨ**--ਸ੍ਰੀ ਭਾਗ ਮਲ ਜੀ ਦੇ ਰਚੇ ਹੋਇ ਗੁਰਮਤ ਦਰਸ਼ਨ ਦੇ ਸਫਾ ੭੫ ਤੇ ਲਿਖਿਆ ਹੈ ਕਿ, ਦਸਮ ਗ੍ਰੰਥ ਵਿਚ ਜਿਵੇਂ ਰਾਮ ਅਵਤਾਰ ਦੀ ਕਥਾ ਰਾਮਾਇਨ ਦਾ ਅਤੇ ਕ੍ਰਿਸ਼ਨ ਅਵਤਾਰ ਦੀ ਕਥਾ ਸ੍ਰੀ ਮਦ ਭਾਗਵਤ ਦਾ ਟੀਕਾ ਹਨ ਚੰਡੀ ਚਰਿਤ੍ਰ ਉਕਤ ਬਿਲਾਸ ਅਤੇ ਚੰਡੀ ਚਰਿਤ੍ਰ ਦੂਜਾ, ਤਥਾ ਤਿਵੇਂ ਚੰਡੀ ਦੀ ਵਾਰ ਇਹ ਤਿੰਨੇ ਰਚਨਾਵਾਂ ਮਾਰ ਕੰਡੇ ਰਿਸ਼ੀ ਦੇ ਨੌ ਹਜਾਰ ਸਲੋਕਾਂ ਦੇ ਬਣਾਏ ਮਾਰ ਕੰਡੇ ਪੁਰਾਣ ਵਿਚੋਂ ਧਿਆ ਇਕਾਸੀ ਤੋ ਲੈਕੇ......ਚੁਰਾਨਵੇਂ ਤਕ ਚੌਦਾਂ ਧਿਆਵਾਂ ਦੇ ਸਤ ਸੈ ਸਲੋਕਾਂ ਦਾ ਸੰਸਕ੍ਰਿਤ ਤੋਂ ਹਿੰਦੀ ਭਾਸ਼ਾ ਆਦਿ ਸੁਦੇਸ਼ ਭਾਸ਼ਾ ਵਿਚ ਅਨੁਵਾਦ ਹੈ, ਇਸ ਵਿਚੋਂ ਇਹ ਭਾਵ ਨਿਕਲਦਾ ਹੈ ਕਿ ਦੋਵੇਂ ਚੰਡੀ ਚਰਿਤ੍ਰ ਤੇ ਚੰਡੀ ਦੀ ਵਾਰ ਇਹ ਤਿੰਨੇ ਰਚਨਾਵਾਂ ਮਾਰ ਕੰਡੇ ਪੁਰਾਣ ਵਿਚੋਂ ਚੌਦਾਂ ਧਿਆਵਾਂ ਦਾ ਸ੍ਰੀ ਦਸਮੇਸ਼ ਜੀ ਨੇ ਹਿੰਦੀ ਭਾਸ਼ਾ ਵਿਚ ਅਨੁਵਾਦ ਕੀਤਾ ਹੈ, ਇਸ ਲਈ ਸ੍ਰੀ ਦਸਮੇਸ਼ ਜੀ ਚੰਡੀ ਚਰਿਤ੍ਰ ਵਿਚ ਲਿਖੇ ਸਵਯੇ, ਦੇਹ ਸਿਵਾ ਵਰ ਮੋਹਿ ਇਹੈ, ਆਦਕ ਦੇ ਜੁਮੇਵਾਰ

Digitized by Panjab Digital Library | www.panjabdigilib.org

ਨਹੀਂ ਹਨ ਤਾਂਤੇ ਸ੍ਰੀ ਦਸਮੇਸ਼ ਜੀ ਵਲੋਂ ਦੇਵੀ ਮਨਾਈ ਗਈ ਦਾ ਇਹ ਪ੍ਰਮਾਣ ਸਿਧ ਨਹੀਂ ਹੋ ਸਕਦਾ।

**ਉੱਤਰ**--ਕਿਸੇ ਪ੍ਰਮਾਣ, ਸਬੂਤ ਦੇ ਆਧਾਰ ਤੋਂ ਬਿਨਾਂ ਕੇਵਲ ਜਬਾਨੀ ਕੁਛ ਕਹੇ ਦੇਣ ਨਾਲ ਹੀ ਕੋਈ ਸਚਾਈ ਨਿਰਣੈ ਨਹੀਂ ਹੋ ਸਕਦੀ, ਤਾਂਤੇ ਉਪ੍ਰੋਕਤ ਗੁਰਮਤ ਦਰਸ਼ਨ ਦੇ ਕਰਤਾ ਨੇ ਉਪ੍ਰੋਕਤ ਤਿੰਨਾਂ ਰਚਨਾਵਾਂ ਨੂੰ ਮਾਰ ਕੰਡੇ ਪੁਰਾਣ ਵਿਚੋਂ ਚੌਦਾਂ ਧਿਆਵਾਂ ਦਾ ਅਨੁਵਾਦ ਜਾਂ ਰਾਮਾਇਨ ਅਤੇ ਭਾਗਵਤ ਦਾ ਅਨੁਵਾਦ ਕਹਿਣ ਲਗਿਆਂ ਕੋਈ ਪ੍ਰਮਾਣ, ਜਾਂ ਸਬੂਤ ਨਹੀਂ ਦਿਤਾ ਇਸ ਲਈ ਇਹ ਕੇਵਲ ਕਥਨ ਮਾਤ੍ਰ ਸਚਾਈ ਨਿਰਣਜ ਹਿਤ ਕਾਫੀ ਨਹੀਂ, ਇਥੇ ਪਹਿਲੇ ਪ੍ਰਸ਼ਨ ਹੋ ਸਕਦਾ ਹੈ ਕਿ ਬਾਲ ਮੀਕ ਆਦਕ ਰਾਮਇਣਾਂ ਵਿਚੋਂ ਕੇਹੜੀ ਰਾਮਾਇਣ ਦੇ ਹੂਬਹੂ ਨੰਬਰ ਵਾਰ ਸਲੋਕਾਂ ਦਾ ਦਸਮ ਗੁਰੂ ਗ੍ਰੰਥ ਸਾਹਿਬ ਜੀ ਵਿਚ ਰਾਮ ਅਵਤਾਰ ਦੇ ਛੰਦ ਅਨੁਵਾਦ ਹਨ ਤਾਂ ਕਿ ਉਸ ਰਾਮਾਇਣ ਨਾਲ ਅਸੀਂ ਅਜ ਮਿਲਾ ਕੇ ਦੇਖ ਸਕੀਏ ਜੇਕਰ ਕਿਸੇ ਰਮਾਇਣ ਦੇ ਨੰਬਰਵਾਰ ਸਲੋਕਾਂ ਦੇ ਅਰਥ ਰਾਮ ਅਵਤਾਰ ਛੰਦਾਂ ਦੇ ਨਾਲ ਨਾਂ ਮਿਲ ਸਕਣ ਤਾਂ ਫਿਰ ਉਪ੍ਰੋਕਤ ਗੁਰਮਤ ਦਰਸ਼ਨ ਦੇ ਕਰਤਾ ਨੂੰ ਕਿਹੜੀ ਖੋਜ ਦੇ ਧੰਨਵਾਦੀ ਮੰਨ ਸਕਾਂਗੇ।

ਬਾਕੀ ਜੇਕਰ ਸ੍ਰੀ ਦਸਮ ਗੁਰੂ ਗ੍ਰੰਥ ਸਾਹਿਬ ਜੀ ਵਿਚ ਸ੍ਰੀ ਕ੍ਰਿਸ਼ਨ ਅਵਤਾਰ ਦੇ ਛੰਦ ਸਾਰੇ ਸ੍ਰੀ ਮਦ ਭਾਗਵਤ ਦਾ ਹੀ ਟੀਕਾ ਹਨ ਤਾਂ ਸ੍ਰੀ ਦਸਮੇਸ਼ ਜੀ ਨੇ ਸ੍ਰੀ ਕ੍ਰਿਸ਼ਨ ਅਵਤਾਰ ਛੰਦਾਂ ਵਿੱਚ ਸ੍ਰੀ ਖੜਕ ਸਿੰਘ ਜੀ ਦਾ ਜੁਧ ਪ੍ਰਸੰਗ

Digitized by Panjab Digital Library | www.panjabdigilib.org

ਵੀ ਲਿਖਿਆ ਹੈ ਕਿੰਤੂ ਇਹ ਖੜਕ ਸਿੰਘ ਨਾਲ ਜੁਧ ਪ੍ਰਸੰਗ ਸ੍ਰੀ ਮਦ ਭਾਗਵਤ ਵਿਚ ਕਿਤੇ ਨਹੀਂ ਲਿਖਿਆ ਤਾਂਤੇ ਸ੍ਰੀ ਦਸਮੇਸ਼ ਜੀ ਜਦ ਕੇਵਲ ਟੀਕਾ ਹੀ ਕਰ ਰਹੇ ਸਨ ਤਾਂ ਉਹਨਾਂ ਨੂੰ ਜੋ ਪਰਸੰਗ ਮੂਲ ਭਾਗਵਤ ਵਿਚ ਲਿਖਿਆ ਹੀ ਨਹੀਂ ਸੀ ਉਸ ਪਰਸੰਗ ਨੂੰ ਆਪਣੇ ਕੋਲੋਂ ਕ੍ਰਿਸ਼ਨਾਵਤਾਰ ਛੰਦਾਂ ਵਿੱਚ ਲਿਖਣ ਦੀ ਕੀ ਲੋੜ ਸੀ। ਜੇਕਰ ਉਹਨਾਂ ਨੂੰ ਵਿਚੋਂ ਕੁਛ ਵਧ ਘਟ ਕਰਨ ਦੀ ਲੋੜ ਸੀ ਤਾਂ ਫਿਰ ਉਹ ਸੰਸ਼ੋਧਕ ਮੰਨੇ ਜਾਣਗੇ ਜਿਸ ਲਈ ਉਹ ਸਾਰੀ ਆਪਣੀ ਲਿਖਤ ਦੇ ਜ਼ੁਮੇਂਵਾਰ ਹੋ ਸਕਦੇ ਹਨ ਫਿਰ ਕਹਿ ਦੇਣਾ ਕਿ ਸ੍ਰੀ ਦਸਮੇਸ਼ ਜੀ ਜ਼ੁਮੇਂਵਾਰ ਹੀ ਨਹੀਂ ਇਹ ਕੀ ਸਚਾਈ ਮੰਨੀ ਜਾ ਸਕਦੀ ਹੈ। ਤਿਵੇਂ ਉਪਰੋਕਤ ਦੋਵੇਂ ਚੰਡੀ ਚਰਿਤਰ ਤੇ ਚੰਡੀ ਦੀ ਵਾਰ ਇਹਨਾਂ ਤਿੰਨਾਂ ਰਚਨਾਵਾਂ ਨੂੰ ਪਹਿਲੇ ਗੁਰਮਤ ਦਰਸ਼ਨ ਦੇ ਕਰਤਾ ਉਪ੍ਰੋਕਤ ਮਾਰ ਕੰਡੇ ਪੁਰਾਣ ਵਾਲੇ ਚੌਦਾਂ ਧਿਆਵਾਂ ਦੇ ਸਲੋਕਾਂ ਦੇ ਅਰਥਾਂ ਨਾਲ ਨੰਬਰਵਾਰ ਮਿਲਾ ਕੇ ਦੇਖ ਲੈਂਦੇ ਤਾਂ ਇਹ ਗਲ ਕਦੀਂ ਵੀ ਨਾਂ ਲਿਖਦੇ ਕਿ ਇਹ ਤਿੰਨੇ ਰਚਨਾਵਾਂ ਉਪਰੋਕਤ ਚੌਦਾਂ ਧਿਆਵਾਂ ਦਾ ਸ੍ਰੀ ਦਸਮੇਸ਼ ਜੀ ਨੇ ਕੇਵਲ ਟੀਕਾ ਹੀ ਕੀਤਾ ਹੈ ਇਸ ਲਈ ਜ਼ੁਮੇਂਵਾਰ ਨਹੀਂ ਹਨ, ਜੇਕਰ ਇੰਜ ਕਹਿਣ ਨਾਲ ਛੁਟਕਾਰਾ ਹੋ ਸਕਦਾ ਹੋਵੇ ਤਾਂ ਇੰਜ ਕਿਹੜਾ ਗੁਰੂ ਬਾਣੀ ਵਿੱਚ ਸਿਧਾਂਤ ਹੈ ਜੋ ਕਿਸੇ ਪਿਛਲੇ ਲਿਖੇ ਹੋਏ ਗ੍ਰੰਥਾਂ ਵਿਚ ਕਿਸੇ ਨਾ ਕਿਸੇ ਰੂਪ ਵਿਚ ਨਹੀਂ ਲਿਖਿਆ ਹੋਇਆ ਮਿਲ ਸਕਦਾ ਤਾਂ ਫਿਰ ਗੁਰਮਤ ਦਰਸ਼ਨ ਦੇ ਕਰਤਾ ਕੇੜ੍ਹੀ ਜੁਗਤੀ ਨਾਲ ਸ੍ਰੀ ਗੁਰੂ ਸਾਹਿਬਾਂ ਨੂੰ ਗੁਰੂ

Digitized by Panjab Digital Library | www.panjabdigilib.org

ਬਾਣੀ ਵਿਚ ਲਿਖੇ ਹੋਇ ਕਿਸੇ ਸਿਧਾਂਤ ਦੇ ਜੁਮੇਵਾਰ ਸਿਧ ਕਰ ਸਕਣਗੇ, ਕਿਉਂਕਿ ਜੇਕਰ ਪ੍ਰਮਾਤਮਾਂ ਦੀ ਭਗਤੀ ਕਰਨੀ ਸਿਧਾਂਤ ਗੁਰੂ ਸਾਹਿਬਾਂ ਨੇ ਕਾਇਮ ਕੀਤਾ ਕਹਿਣ ਤਾਂ ਪ੍ਰਮਾਤਮਾਂ ਦੀ ਭਗਤੀ ਵੀ ਅਗੇ ਵੇਦਾਂ, ਪੁਰਾਣਾਂ, ਆਦਕਾਂ ਵਿਚ ਕਰਨੀ ਲਿਖੀ ਪਈ ਹੈ ਔਰ ਜੇਕਰ ਸਤਸੰਗ ਮਹਿਮਾਂ, ਜਾਂ ਗੁਰੂ ਮਹਿਮਾਂ ਜਾਂ ਨਾਮ ਦੀ ਮਹਿਮਾਂ ਆਦਕ ਸਿਧਾਂਤ ਗੁਰੂ ਸਾਹਿਬਾਂ ਨੇ ਕਾਇਮ ਕੀਤੇ ਕਹਿਣ ਤਾਂ ਇਹ ਵੀ ਅਗੇ ਪ੍ਰਾਚੀਨ ਧਰਮ ਗ੍ਰੰਥਾਂ ਵਿਚ ਕਿਸੇ ਨਾਂ ਕਿਸੇ ਰੂਪ ਵਿਚ ਲਿਖੇ ਹੋਇ ਸਾਰੇ ਮਿਲ ਸਕਦੇ ਹਨ ਤਾਂ ਫਿਰ ਗੁਰੂ ਸਾਹਿਬ ਕਿਸ ਸਿਧਾਂਤ ਦੇ ਕਰਤਾ = ਜੁਮੇਵਾਰ ਹੋ ਸਕਣਗੇ ਤਾਂਤੇ ਉਪ੍ਰੋਕਤ ਗਲ ਗੁਰਮਤ ਦਰਸ਼ਨ ਦੇ ਕਰਤਾ ਨੇ ਬਿਨਾਂ ਸੋਚੇ ਸਮਝੇ ਹੀ ਲਿਖ ਦਿਤੀ ਹੈ ਇਹ ਸਚਾਈ ਨਹੀਂ ਕਿੰਤੂ ਗੁਰੂ ਸਾਹਿਬ ਜੀ ਉਪ੍ਰੋਕਤ ਰਚਨਾਵਾਂ ਦੇ ਕਰਤਾ ਹੋਣ ਕਰਕੇ ਜੁਮੇਵਾਰ ਹਨ।

ਤਥਾ–ਇਥੇ ਇਹ ਵੀ ਪ੍ਰਸ਼ਨ ਪੈਦਾ ਹੋਵੇਗਾ ਕਿ ਸ੍ਰੀ ਦਸਮੇਸ਼ ਜੀ ਨੇ ਮਾਰਕੰਡੇ ਪੁਰਾਣ ਸਾਰੇ ਦਾ ਅਨੁਵਾਦ (ਟੀਕਾ) ਕਿਉਂ ਨਹੀਂ ਕੀਤਾ ਕੇਵਲ ਵਿਚੋਂ ਚੌਦਾਂ ਧਿਆਵਾਂ ਦਾ ਹੀ ਕਿਉ ਕੀਤਾ, ਇਸ ਦਾ ਉੱਤਰ ਜੇਕਰ ਇਹ ਦਿਤਾ ਜਾਵੇ ਕਿ ਸ੍ਰੀ ਦਸਮੇਸ਼ ਜੀ ਨੂੰ ਵਿਚੋਂ ਕੇਵਲ ਇਹੋ ਚੌਦਾਂ ਧਿਆਵਾਂ ਦੀ ਕਥਾ ਹੀ ਪਸਿੰਦ ਸੀ ਤਾਂ ਵੀ ਸ੍ਰੀ ਦਸਮੇਸ਼ ਜੀ ਨੂੰ ਵਿਚੋਂ ਜੇੜ੍ਹੀ ਕਥਾ ਪਸਿੰਦ ਆਵੇ ਉਸ ਕਥਾ ਦੇ ਗੁਰਮਤ ਦਰਸ਼ਨ ਦੇ ਕਰਤਾ ਜੀ ਕਹਿਣ ਕਿ ਸ੍ਰੀ ਦਸਮੇਸ਼ ਜੀ ਜੁਮੇਵਾਰ ਹੀ ਨਹੀਂ ਇਹ ਕਿੰਨੀ ਕੁ ਵਜਨਦਾਰ ਗਲ ਮੰਨੀ ਜਾਵੇਗੀ, ਬਾਕੀ ਜੇਕਰ ਉਪ੍ਰੋਕਤ ਗੁਰਮਤ ਦਰਸ਼ਨ ਦੇ ਕਰਤਾ ਕਦੀ ਹਠ

Digitized by Panjab Digital Library | www.panjabdigilib.org

ਹੀ ਕਰ ਬਹਿਣ ਤਾਂ ਵੀ ਉਪ੍ਰੋਕਤ ਦੋਵੇਂ ਚੰਡੀ ਚਰਿਤ੍ਰ ਤੇ ਚੰਡੀ ਦੀ ਵਾਰ (ਇੰਨ੍ਹਾਂ ਤਿਨਾਂ ਰਚਨਾਵਾਂ) ਤੋਂ ਜੋ ਸ੍ਰੀ ਦਸਮੇਸ਼ ਜੀ ਦੀ ਬਾਣੀ ਅਲਗ ਹੈ ਉਸ ਬਾਣੀ ਵਿਚੋਂ ਜੇਕਰ ਸ੍ਰੀ ਦਸਮੇਸ਼ ਜੀ ਦੀ ਦੇਵੀ ਅੱਗੇ ਪ੍ਰਾਰਥਨਾ ਕੀਤੀ ਹੋਈ ਦਾ ਪ੍ਰਮਾਣ ਮਿਲ ਜਾਵੇ ਤਾਂ ਫਿਰ ਗੁਰਮਤ ਦਰਸ਼ਨ ਦੇ ਕਰਤਾ ਸ੍ਰੀ ਭਾਗ ਮਲ ਜੀ ਦੀ ਉਪ੍ਰੋਕਤ ਲਿਖਤ ਕਿ ਇਹ ਤਿੰਨੇ ਰਚਨਾਵਾਂ ਚੌਦਾਂ ਧਿਆਵਾਂ ਦਾ ਅਨੁਵਾਦ ਹਨ ਇਸ ਲਈ ਸ੍ਰੀ ਦਸਮੇਸ਼ ਜੀ ਇਨ੍ਹਾਂ ਦੇ ਜੁਮੇਵਾਰ ਨਹੀਂ ਆਦਕ ਦੀ ਕੀ ਕੀਮਤ ਰਹਿ ਜਾਵੇਗੀ, ਕਿਉਂਕਿ ਫਿਰ ਤਾਂ ਸ੍ਰੀ ਦਸਮੇਸ਼ ਜੀ ਉਸ ਬਾਣੀ ਦੇ ਜੁਮੇਵਾਰ ਹੋਣਗੇ, ਦੇਖੋ ਇਨ੍ਹਾਂ ਤਿੰਨਾਂ ਰਚਨਾਵਾਂ ਤੋਂ ਬਿਨਾਂ ਦਸਮ ਗੁਰੂ ਗ੍ਰੰਥ ਸਾਹਿਬ ਜੀ ਵਿਚ, ਤ੍ਰਿਯਾ ਚਰਿਤ੍ਰ ੧ ਕਵਿਤਾ ਅੰਕ ੧੬ ।

ਮਇਯਾ ਜਾਨ ਚੇਰੋ ਮਯਾ ਮੋਹਿ ਕੀਜੈ ॥ ਚਹੌਂ ਚਿਤ ਮੈਂ ਜੋ ਵਹੈ ਮੋਹਿ ਦੀਜੈ ॥ ਕਿ ਮਈਆ ਮੈਨੂੰ ਆਪਣਾ ਚੇਲਾ ਜਾਣਕੇ ਮੇਰੇ ਤੇ ਦਯਾ ਕਰੋ ਅਤੇ ਜੋ ਮੈਂ ਚਿਤ ਵਿਚ ਚਾਹਵਾਂ ਉਹ ਮੈਨੂੰ ਦਿਉ, ਇਹ ਸ੍ਰੀ ਦਸਮੇਸ਼ ਜੀ ਨੇ ਮਈਆ = ਸ੍ਰੀ ਦੇਵੀ ਜੀ ਅਗੇ ਹੀ ਪ੍ਰਾਰਥਨਾਂ ਕੀਤੀ ਹੈ।

ਤਥਾ:—ਸ੍ਰੀ ਦਸਮ ਗੁਰੂ ਗ੍ਰੰਥ ਸਾਹਿਬ ਜੀ ਵਿਚ ਤ੍ਰਿਯਾ ਚਰਿਤ੍ਰ ਇਕੀਵੇਂ ਵਿਚ ਨ੍ਰੂਪ ਕੁਅਰਿ ਕੋਲ ਜਾਨ ਵੇਲੇ ਲਿਖਿਆ ਹੈ ਕਿ, ਚਲ੍ਯੋ ਧਾਰਿ ਅਤੀਤ ਕੋ ਭੇਸ ਰਾਈ ॥ ਮਨਾਪਨ ਬਿਖੈ ਸ੍ਰੀ ਭਗੌਤੀ ਮਨਾਈ ॥ ਅਤੇ ਸ੍ਰੀ ਦਸਮ ਗੁਰੂ ਗ੍ਰੰਥ ਸਾਹਿਬ ਜੀ ਵਿਚ ਕ੍ਰਿਸ਼ਨ ਅਵਤਾਰ ਦੇ ਛੰਦਾਂ ਦੇ ਅਰੰਭ ਵਿਚ ਸ੍ਰੀ ਦਸਮੇਸ਼ ਜੀ ਨੇ ਸ੍ਰੀ ਦੇਵੀ ਜੀ ਦਾ ਮੰਗਲ ਵੀ ਕੀਤਾ

Digitized by Panjab Digital Library | www.panjabdigilib.org

ਲਿਖਿਆ ਹੈ।

ਯਥਾ:-ਹੋਇ ਕ੍ਰਿਪਾ ਤੁਮਰੀ ਹਮ ਪੈ ਤੁਸਬੈ ਸਗਨੰ ਗੁਨ ਹੀ ਧਰਿ ਹੋ॥ ਜੀਅ ਧਾਰ ਬਿਚਾਰ ਤਬੈ ਬਰ ਬੁਧਿ ਮਹਾ ਅਗਨੰ ਗੁਨ ਕੋ ਹਰਿ ਹੋ॥ ਬਿਨ ਚੰਡ ਕ੍ਰਿਪਾ ਤੁਮਰੀ ਕਬਹੂੰ ਮੁਖਤੇ ਨਹੀਂ ਅਛਰ ਹਉ ਕਰ ਹੋ॥ ਤੁਮਰੋ ਕਰ ਨਾਮ ਕਿਧੋ ਤੁਲਹਾ ਜਿਮ ਬਾਕ ਸਮੁੰਦਰ ਬਿਖੈ ਤਰਿ ਹੋ॥ ੫ ॥ ਦੋਹਰਾ॥ ਰੇਮਨ ਭਜ ਤੂੰ ਸਾਰਦਾ ਅਨਗਨ ਗੁਨ ਹੈਂ ਜਾਹਿ॥ ਰਚੋਂ ਗ੍ਰੰਥ ਇਹ ਭਾਗਵਤ ਜਉ ਵੈ ਕ੍ਰਿਪਾ ਕਰਾਹਿ ੬ ॥

ਬਲਕਿ ਗੁਰਮਤ ਦਰਸ਼ਨ ਦੇ ਕਰਤਾ ਵਤ ਹੀ ਮੂਲ ਸੰਸਕ੍ਰਿਤ ਤੋਂ ਉਲਥਾ ਹੀ ਕੀਤਾ ਹੈ ਮੰਨਣ ਵਾਲੇ ਸ੍ਰੀ ਮਾਨ ਪੰਡਿਤ ਨਰੈਣ ਸਿੰਘ ਜੀ ਗਿਆਨੀ ਆਪਣੇ ਕੀਤੇ ਦਸਮ ਗੁਰੂ ਗ੍ਰੰਥ ਸਾਹਿਬ ਜੀ ਦੇ ਟੀਕੇ ਭਾਗ ੩ ਦੇ ਸਫਾ ੨ (੯੦੪੬) ਤੇ, ਹੋਇ ਕ੍ਰਿਪਾ ਤੁਮਰੀ ਹਮ ਪੈ॥ ਆਦਕ ਉਪ੍ਰੋਕਤ ਛੰਦ ਦਾ ਅਰਥ ਅਤੇ ਦੋਹਰੇ ਦਾ ਅਰਥ ਲਿਖ ਰਹੇ ਹਨ ਕਿ, ਮੇਰੇ ਉਤੇ ਤੇਰੀ ਕ੍ਰਿਪਾ ਹੋਵੇ ਤਾਂ ਸਾਰੇ ਹੀ ਸ਼ੁਭ ਗੁਣਾਂ ਦੀ ਵਿਚਾਰ ਧਰਾਂਗਾ (ਮੈਂ) ਮੈਂ ਦਿਲ ਵਿਚ ਇਹ ਵੀਚਾਰ ਧਰ ਲਈ ਹੈ (ਕਿ) ਤਦੋਂ ਹੀ ਸ੍ਰੇਸ਼ਟ ਬੁਧੀ (ਪੈਦਾ ਹੋਵੇਗੀ ਤੇ ਤਦੋਂ ਹੀ) ਬਹੁਤੇ ਬੁਰੇ ਗੁਣਾਂ ਦੀ ਵੀਚਾਰ ਨੂੰ ਨਾਸ਼ ਕਰ ਲਵਾਂਗਾ। ਹੇ ਚੰਡਿਕਾ ਤੇਰੀ ਕ੍ਰਿਪਾ ਤੋਂ ਬਿਨਾਂ (ਮੈਂ) ਕਦੇ ਇਕ ਅੱਖਰ ਭੀ ਮੂੰਹੋਂ ਨਹੀਂ ਉਚਾਰ ਸਕਾਂਗਾ, ਤੇਰੇ ਨਾਮ ਨੂੰ ਤੁਲਹਾ ਬਣਾ ਕਰਕੇ ਮੈਂ (ਬਾਕ) ਕਵਿਤਾ ਰੂਪ ਸਮੁੰਦਰ ਤੋਂ ਤਰ ਜਾਵਾਂਗਾ, ਹੇ ਮਨ ਤੂੰ ਸਾਰਦਾ ਦਾ ਸਿਮਰਨ ਕਰ ਜਿਸ ਦੇ ਅਨਗਿਣਤ

Digitized by Panjab Digital Library | www.panjabdigilib.org

ਗੁਣ ਹਨ ਜਦ ਉਹ (ਮੇਰੇ ਉਤੇ) ਕ੍ਰਿਪਾ ਕਰੇਗੀ (ਤਦ ਮੈਂ) ਭਾਗਵਤ ਦਾ (ਉਲਥਾ ਰੂਪ) ਇਹ ਗ੍ਰੰਥ ਬਣਾਵਾਂਗਾ, ਇਸ ਵਿਚ ਇਹ ਵੀ ਨਹੀਂ ਕਹਿ ਸਕਦੇ ਕਿ ਉਪਰੋਕਤ 'ਰੇ ਮਨ ਭਜ ਤੂੰ ਸਾਰਦਾ' ਆਦਕ ਦੋਹਰਾ ਮੂਲ ਭਾਗਵਤ ਦੇ ਕਿਸੇ ਸਲੋਕ ਦਾ ਉਲਥਾ = ਟੀਕਾ ਹੈ। ਇਸ ਲਈ ਸ੍ਰੀ ਦਸਮੇਸ਼ ਜੀ ਇਸ ਮੰਗਲ ਦੇ ਭੀ ਜ਼ੁੰਮੇਵਾਰੀ ਨਹੀਂ, ਕਿਉਂਕਿ ਉਪ੍ਰੋਕਤ ਦੋਹਰੇ ਦੇ ਅਰਥ ਵਿਚ, ਗੁਰਮਤ ਦਰਸ਼ਨ ਦੇ ਕਰਤਾ ਦੇ ਹਮ ਖਿਆਲੀ ਸ੍ਰੀ ਮਾਨ ਪੰਡਤ ਨਰੈਣ ਸਿੰਘ ਜੀ ਗਿਆਨੀ ਲਿਖਦੇ ਹਨ ਕਿ ਜਦ ਉਹ ਮੇਰੇ ਉਤੇ ਕ੍ਰਿਪਾ ਕਰੇਗੀ ਤਦ ਮੈਂ ਭਾਗਵਤ ਦਾ ਉਲਥਾ ਰੂਪ ਇਹ ਗ੍ਰੰਥ ਬਣਾਵਾਂਗਾ, ਤਾਂ ਤੇ ਜਿਨ੍ਹਾਂ ਕ੍ਰਿਸ਼ਨ ਅਵਤਾਰ ਦੇ ਛੰਦਾਂ ਨੂੰ ਸ੍ਰੀ ਮਦ ਭਾਗਵਤ ਦਾ ਉਲਥਾ = ਟੀਕਾ ਹੈ ਉਪਰੋਕਤ ਕਹੇ ਰਹੇ ਹਨ ਉਸ ਭਾਗਵਤ ਦੇ ਟੀਕੇ ਰੂਪ ਕ੍ਰਿਸ਼ਨ ਅਵਤਾਰ ਦੇ ਛੰਦਾਂ ਦਾ ਗ੍ਰੰਥ ਬਣਾਉਣ ਹਿਤ ਸ੍ਰੀ ਦਸਮੇਸ਼ ਜੀ ਦੇਵੀ ਅਗੇ ਪਰਾਰਥਨਾਂ ਕਰ ਰਹੇ ਹਨ। ਇਸ ਲਈ ਇਥੇ ਇਹ ਨਹੀਂ ਕਹਿ ਸਕਦੇ ਕਿ ਇਹ ਕ੍ਰਿਸ਼ਨ ਅਵਤਾਰ ਦੇ ਛੰਦਾਂ ਦੇ ਆਰੰਭ ਵਿਚ ਮੰਗਲ ਭਾਗਵਤ ਦੇ ਕਰਤਾ ਵਲੋਂ ਹੈ ਕਿਉਂਕਿ ਉਪਰੋਕਤ ਮੰਗਲ ਦੇ ਅਰਥ ਵਿਚ ਸ੍ਰੀ ਦਸਮੇਸ਼ ਜੀ ਆਪਣੀ ਵਲੋਂ ਸ੍ਰੀ ਦੇਵੀ ਜੀ ਅਗੇ ਕ੍ਰਿਸ਼ਨ ਅਵਤਾਰ ਦੇ ਛੰਦਾਂ ਰੂਪ ਗ੍ਰੰਥ ਰਚਣ ਹਿਤ ਹੀ ਪਰਾਥਨਾ ਕਰ ਰਹੇ ਹਨ ਤਾਂ ਤੇ ਇਸ ਮੰਗਲ ਦੇ ਜ਼ੁੰਮੇਵਾਰ ਸ੍ਰੀ ਦਸਮੇਸ਼ ਜੀ ਹੀ ਹੋ ਸਕਦੇ ਹਨ।

ਬਾਕੀ ਇਕੀਵੇਂ ਚਰਿਤ੍ਰ ਵਿਚ ਨੂਪ ਕੌਰ ਕੋਲ ਜਾਣ ਵਾਲੇ ਪ੍ਰਸੰਗ ਵਿਚ ਜੇਕਰ ਕਿਹਾ ਜਾਵੇ ਕਿ ਸ੍ਰੀ ਦਸਮੇਸ਼ ਜੀ

Digitized by Panjab Digital Library | www.panjabdigilib.org

ਦਾ ਨਾਮ ਨਹੀਂ, ਕੇਵਲ ਇਤਨਾ ਹੀ ਲਿਖਿਆ ਹੈ ਕਿ, ਮਗਨ ਦਾਸ ਤਾਕੋ ਹੁਤੋ ਸੋ ਤਿਨ ਲਿਯੋ ਬੁਲਾਇ, ਕਛੁਕ ਦਰਬ ਤਾਕੌ ਦਿਯੋ ਐਸੇ ਕਹਯੋ ਬਨਾਇ, ੬ ਤਥਾ:-ਮਗਨ ਲੋਭ ਧਨ ਕੇ ਲਗੇ ਆਨਿ ਰਾਵ ਕੇ ਪਾਸ, ਪਰਿ ਪਾਇਨ ਕਰ ਜੋਰਿ ਕਰਿ ਇਹ ਬਿਧਿ ਕਿਜ ਅਰਦਾਸ ੮ ਚਲਯੋ ਧਾਰਿ ਅਤੀਤ ਕੋ ਭੇਸ ਰਾਈ, ਮਨਾਪਨ ਬਿਖੈ ਸ੍ਰੀ ਭਗੌਤੀ ਮਨਾਈ, ਅਤੇ, ਨੂਪ ਕੁਅਰਿ ਯੌਂ ਕਹੀ ਭੋਗ ਮੋਸੋਂ ਪਿਯ ਕਰਿਯੈ, ੨੭ ਤਥਾ:-ਸੁਧਿ ਜਬਤੇ ਹਮਧਰੀ ਬਚਨ ਗੁਰ ਦਏ ਹਮਾਰੇ, ਪੂਤ ਇਹੈ ਪ੍ਰਨ ਤੋਹਿ ਪ੍ਰਾਨ ਜਬ ਲਗ ਘਟ ਥਾਰੇ, ਨਿਜ ਨਾਰੀ ਕੇ ਸਾਥ ਨੇਹ ਤੁਮ ਨਿਤ ਬਢੈਜਹੁ......,ਇਸ ਲਈ ਇਸ ਵਿਚ ਸ੍ਰੀ ਦਸਮੇਸ਼ ਜੀ ਦਾ ਨਾਮ ਨਹੀਂ, ਤਾਂ ਵੇਖੋ ਪੰਥ ਪ੍ਰਕਾਸ਼, ਰਚਿਤ ਗਿਆਨੀ ਗਿਆਨ ਸਿੰਘ ਜੀ ੧੦੦੦ ਛਪੇ ਚੌਥੀ ਵਾਰ ਦੇ ਬਿਸ੍ਰਾਮ ੨੪ ਵਿਚ ਸਫ਼ਾ ੧੯੭-੧੯੮ ਤੇ ਨੂਪ ਕੌਰ ਕੋਲ ਜਾਣ ਆਦਕ ਇਹੀ ਪ੍ਰਸੰਗ ਲਿਖਿਆ ਹੈ। ਯਥਾ:-ਮਗਨ ਨਾਮ ਗੁਰ ਕੇ ਸੇਵਕ ਕੋ ਐਸਾ ਉਨ ਭਰਮਾਇਉ, ਸੋ ਗੁਰ ਕੋ ਲੈ ਗਯੋ ਤਾਹਿ ਢਿਗ ਇਕ ਦਿਨ ਨਿਸਾ ਮੰਝਾਰੀ, ਕਰ ਸਿੰਗਾਰ ਉਨ ਬਿਨੈ ਕਰੀ ਜਬ ਗੁਰ ਹੋਇ ਇਨਕਾਰੀ, ਹਾਵ ਭਾਵ ਉਨ ਕਰੇ ਬਥੇਰੇ ਲਾਲਚ ਬਹੁ ਦਿਖਰਾਏ, ਧਰਮ ਰਖਨ ਹਿਤ ਸਤਿਗੁਰ ਤਿਸਕੋ ਸ਼ਬਦ ਅਨੇਕ ਸੁਨਾਏ, ਯਥਾ:-ਸੁਧ ਜਬਤੈ ਹਮਧਰੀ ਬਚਨ ਗੁਰ ਦਯੋ ਹਮਾਰੇ, ਪੂਤ ਇਹੈ ਪ੍ਰਣ ਧਰੋ ਪ੍ਰਾਣ ਜਬ ਲੌ ਘਟ ਥਾਰੇ, ਨਿਜ ਨਾਰੀ ਕੇ ਸਾਥ ਨੇਹੁ ਤੁਮ ਨਿਤ ਬਢਯੋ......ਤਥਾ:-ਪੁਰਖ ਚਰਿਤ੍ਰ ਲਿਖਯੋ ਗੁਰੂ ਇਹੁ ਹੈ ਗ੍ਰੰਥ ਦਸਮ ਕੇ ਮਾਹੀ, ਇਸਤੈ ਪਰ ਤੀਯ

Digitized by Panjab Digital Library | www.panjabdigilib.org

ਤਿਆਗ ਜਨਾਯੋ ਸਿਖਨ ਕੋ ਦਿਢ ਆਹੀ (੧੪) ਤਾਂਤੇ ਦਸਮ ਗੁਰੂ ਗ੍ਰੰਥ ਸਾਹਿਬ ਜੀ ਦੇ ਇਕੀਵੇਂ ਚਰਿਤ੍ਰ ਵਿਚ ਨੂਪ ਕੌਰ ਕੋਲ ਜਾਣ ਵੇਲੇ ਸ੍ਰੀ ਦਸਮੇਸ਼ ਜੀ ਵਲੋਂ ਹੀ, ਮਨਾਪਨ ਬਿਖੈ ਸ੍ਰੀ ਭਗੌਤੀ ਮਨਾਈ, ਆਦਕ ਕਥਨ ਸਿਧ ਹੁੰਦਾ ਹੈ, ਇਸ ਲਈ ਇਨ੍ਹਾਂ ਪ੍ਰਮਾਣਾਂ ਦੇ ਜੁਮੇਂਵਾਰ ਸ੍ਰੀ ਦਸਮੇਸ਼ ਜੀ ਮਹਾਰਾਜ ਹੀ ਹਨ ਹੋਰ ਕੋਈ ਕਵੀ ਆਦਕ ਨਹੀਂ ਹੋ ਸਕਦੇ, ਪਰ ਗੁਰਮਤ ਦਰਸ਼ਨ ਦੇ ਕਰਤਾ ਦਾ ਪਤਾ ਨਹੀਂ ਇਸਦੇ ਉਤਰ ਵਿਚ ਕਹਿ ਦੇਣ ਕਿ, ਇਹ ਛੇਵੇਂ ਰਚਨਾਵਾਂ ਮਾਰ ਕੰਡੇ ਪੁਰਾਣ ਵਿਚੋਂ ਹੀ ਟੀਕਾ ਹਨ ਜੇ ਕੋਈ ਸਤਵਾਂ ਪ੍ਰਮਾਣ ਹੋਰ (ਇਨ੍ਹਾਂ ਛਿਆ ਤੋਂ ਬਿਨਾਂ) ਪ੍ਰਗਟ ਕੀਤਾ ਤਾਂ ਫਿਰ ਕਹਿ ਦੇਣ ਕਿ ਇਹ ਸੱਤੇ ਰਚਨਾਵਾਂ ਹੀ ਮਾਰ ਕੰਡੇ ਪੁਰਾਣ ਵਿਚੋਂ ਉਲਥਾ ਹੀ ਹਨ ਕਿਉਂਕਿ ਉਨ੍ਹਾਂ ਕੇੜ੍ਹਾ ਕੁਝ ਖੋਜ ਕਰਕੇ ਲਿਖਣਾ ਏ ਕੇਵਲ, ਲਿਖ ਦੇਣਾ ਹੀ ਉਹ ਪੱਕਾ ਸਬੂਤ ਸਮਝਦੇ ਹਨ।

**(੧੩) ਪ੍ਰਸ਼ਨ**--ਗੁਰਮਤ ਦਰਸ਼ਨ ਸਫਾ ੭੫ ਤੇ ਹੀ ਲਿਖਿਆ ਹੈ ਕਿ, ਇਨ੍ਹਾਂ ਸਤ ਸੌ ਸਲੋਕਾਂ ਵਿਚ ਜੋ ਦੇਵੀ ਉਸਤਤਿ ਆਦਿ ਕੌਤਕ ਅਤੇ ਜੰਗ ਜੁਧ ਹਨ ਉਨ੍ਹਾਂ ਨੂੰ ਮੂਲ ਪਾਠ ਵਿਚ, ਦੇਵੀ ਪੁਸ਼ਪਾਂਜਲੀ, ਦੁਰਗਾ ਸਪਤ ਸਤੀ, ਅਤੇ ਦੁਰਗਾ ਪਾਠ। ਤਥਾ:-ਕੀਲ ਕਵਚ, ਨਾਮਾਂ ਨਾਲ ਪੁਕਾਰਿਆ ਗਿਆ ਹੈ ਜਿਨ੍ਹਾਂ ਦਾ ਟੀਕਾ ਉਤੇ ਦੱਸੀਆਂ ਤਿੰਨਾਂ ਰਚਨਾਵਾਂ ਵਿਚ ਸ੍ਰੀ ਗੁਰੂ ਜੀ ਨੇ ਜੁਧ ਜੰਗ ਦੇ ਸਮੇਂ ਬੀਰ ਰਸ ਦੇ ਚਾ ਲਈ ਕੀਤਾ ਹੈ ਕਿੰਤੂ ਤੁਸੀਂ ਕਹਿ ਰਹੇ ਹੋ ਕਿ ਉਨ੍ਹਾਂ ਕੇੜ੍ਹਾ

Digitized by Panjab Digital Library | www.panjabdigilib.org

ਕੁਝ ਖੋਜ ਕਰਕੇ ਲਿਖਣਾ ਏ, ਇਹ ਖੋਜ ਨਹੀਂ ਤੇ ਹੋਰ ਕੀ ਹੈ।

**ਉਤਰ**--ਕੇਵਲ ਕਿਸੇ ਪੁਸਤਕਾਂ ਦੇ ਨਾਮ ਲਿਖ ਦੇਣੇ ਸੇ ਹੀ ਖੋਜੀ ਨਹੀਂ ਹੋ ਜਾਈਦਾ, ਇਥੇ ਗੁਰਮਤ ਦਰਸ਼ਨ ਦੇ ਕਰਤਾ ਨੂੰ ਚਾਹੀਦਾ ਸੀ ਕਿ ਉਪ੍ਰੋਕਤ ਦੇਵੀ ਪੁਸ਼ਪਾਂਜਲੀ, ਆਦਕ ਜਿਨ੍ਹਾਂ ਗ੍ਰੰਥਾਂ ਦੇ ਨਾਮ ਲਿਖੇ ਹਨ ਉਨ੍ਹਾਂ ਗ੍ਰੰਥਾਂ ਦੇ ਕੁਛ ਨਮੂਨੇ ਮਾਤ੍ਰ ਮੂਲ ਸਲੋਕ ਲਿਖ ਕੇ ਫਿਰ ਉਨ੍ਹਾਂ ਦੇ ਅਰਥ ਲਿਖਕੇ ਤੇ ਸ੍ਰੀ ਦਸਮੇਸ਼ ਜੀ ਦੀ ਰਚਨਾਂ ਚੰਡੀ ਚਰਿਤ੍ਰ ਆਦਕਾਂ ਵਿਚੋਂ ਨੰਬਰ ਵਾਰ ਸਲੋਕ ਲਿਖਕੇ ਤੇ ਫਿਰ ਉਨ੍ਹਾਂ ਦੇ ਅਰਥ ਲਿਖਕੇ ਮਿਲਾ ਕੇ ਦੱਸਦੇ, ਪਰ ਇੰਜ ਕੀਤਾ ਨਹੀਂ।

ਬਾਕੀ ਦਸਮ ਗੁਰੂ ਗ੍ਰੰਥ ਸਾਹਿਬ ਜੀ ਵਿਚ ਇਨ੍ਹਾਂ ਤਿੰਨਾਂ ਰਚਨਾਵਾਂ ਦੇ ਸਲੋਕ ਪੂਰੇ ਸਤ ਸੌ (੭੦੦) ਨਹੀਂ ਕਿਉਂਕਿ ਚੰਡੀ ਚਰਿਤ੍ਰ ੧ ਉਕਤ ਬਿਲਾਸ ਦੇ ੨੩੩ ਤੇ ਚੰਡੀ ਚਰਿਤ੍ਰ ਦੂਜੇ ਦੇ ੨੬੨ ਤੇ ਚੰਡੀ ਦੀ ਵਾਰ ਦੀਆਂ ੫੫ ਪੌੜੀਆਂ ਇਹ ਸਾਰੇ ਪੰਜ ਸੌ ਪੰਜਾਹ (੫੫੦) ਹਨ।

ਤਥਾ ਜੇਕਰ ਉਪਰੋਕਤ ਤਿੰਨਾਂ ਰਚਨਾਵਾਂ ਦਾ ਟੀਕਾ ਸ੍ਰੀ ਗੁਰੂ ਜੀ ਨੇ ਬੀਰ ਰਸ ਦੇ ਚਾ ਲਈ ਕੀਤਾ ਹੈ ਤਾਂ ਫਿਰ ਸ੍ਰੀ ਦਸਮੇਸ਼ ਜੀ ਇਸ ਟੀਕੇ ਦੇ ਜ਼ੁੰਮੇਵਾਰ ਕਿਵੇਂ ਨਹੀਂ ਹੋ ਸਕਦੇ। ਕੀ ਜੇੜ੍ਹੀ ਰਚਨਾਂ ਕਿਸੇ ਚਾ (ਉਤਸ਼ਾਹ) ਤੋਂ ਬਿਨਾਂ ਕੀਤੀ ਜਾਵੇ ਉਸਦੇ ਜ਼ੁੰਮੇਵਾਰ ਮੰਨੇ ਜਾਣੇ ਚਾਹੀਦੇ ਸਨ, ਔਰ ਜੇਕਰ ਸ੍ਰੀ ਗੁਰੂ ਜੀ ਨੂੰ ਬੀਰ ਰਸ ਦਾ ਚਾ ਸੀ ਤਾਂ ਸ੍ਰੀ ਦੇਵੀ ਜੀ ਭੀ ਕਾਇਰ ਨਹੀਂ ਸੀ, ਜੇ ਕਾਇਰ ਨਹੀਂ ਸੀ ਤਾਂ

Digitized by Panjab Digital Library | www.panjabdigilib.org

ਉਸੇ ਸ੍ਰੀ ਦੇਵੀ ਜੀ ਦੇ ਸ੍ਰੀ ਦਸਮੇਸ਼ ਜੀ ਦੇ ਲਿਖੇ ਹੋਇ ਤਿੰਨਾਂ ਰਚਨਾਵਾਂ ਵਿਚ ਬੀਰ ਰਸ ਭਰੇ ਗੁਣ ਕਲਪਤ ਨਹੀਂ ਹੋ ਸਕਦੇ ਉਹ ਸਾਰੇ ਹੀ ਸਤਜ ਹੋਣੇ ਚਾਹੀਦੇ ਹਨ। ਜੇਕਰ ਸਾਰੇ ਉਪ੍ਰੋਕਤ ਕਥਨ ਕੀਤੇ ਹੋਇ ਗੁਣ ਸਤਜ ਹਨ ਤਾਂ ਸਤਜਤਾ ਦੇ ਜ਼ੁੰਮੇਵਾਰ ਸ੍ਰੀ ਦਸਮੇਸ਼ ਜੀ ਕਿਵੇਂ ਨਹੀਂ, ਜੇਕਰ ਇਥੇ ਇਹ ਕਿਹਾ ਜਾਵੇ ਕਿ ਦੇਵੀ ਕਾਇਰ ਸੀ ਬਹਾਦਰ ਨਹੀਂ ਸੀ, ਤਾਂ ਸ੍ਰੀ ਦਸਮੇਸ਼ ਜੀ ਨੇ ਉਸ ਦੇਵੀ ਦੀ ਬਹਾਦਰੀ ਦੇ ਗੁਣ ਉਪਰੋਕਤ ਤਿੰਨਾਂ ਰਚਨਾਵਾਂ ਵਿਚ ਕਿਉਂ ਵਰਨਣ ਕੀਤੇ ਤੇ ਉਨ੍ਹਾਂ ਨੂੰ ਯੁਧ ਜੰਗ ਦੇ ਸਮੇਂ ਬੀਰ ਰਸ ਦੀ ਪੁਸ਼ਟੀ ਕੀ ਪਰਗਟ ਹੋਈ।

**੧੪ ਪ੍ਰਸ਼ਨ**—ਗੁਰਮਤ ਦਰਸ਼ਨ ਸਫਾ ੭੬ ਤੇ ਲਿਖਿਆ ਹੈ ਕਿ, ਟੀਕਾ ਹੋਣ ਦੇ ਸਬੂਤ ਇਹਨਾਂ ਰਚਨਾਵਾਂ ਵਿਚੋਂ ਹੀ ਮਿਲਦੇ ਹਨ ਯਥਾ:

(ੳ) ਭਾਖਾ ਸੁਭ ਸਭ ਕਰਹੋਂ ਧਰਹੋਂ ਕ੍ਰਿਤ ਮੈਂ ॥ ਅਦਭੁਤ ਕਥਾ ਆਪਾਰ ਸਮਝ ਕਰ ਚਿਤ ਮੈਂ ॥ ਚੰਡੀ ਚਰਿਤ੍ਰ ਉਕਤ ਬਿਲਾਸ।

(ਅ) ਇਤਿ ਸ੍ਰੀ ਮਾਰ ਕੰਡੇ ਪੁਰਾਣੇ। ਚੰਡੀ ਚਰਿਤ੍ਰ ਉਕਤ ਬਿਲਾਸ।

(ੲ) ਕੌਤਕ ਹੇਤ ਕਰੀ ਕਵਿ ਨੇ ਸਤਸਜਾ ਕੀ ਕਥਾ ਇਹ।

(ਸ) ਗ੍ਰੰਥ ਸਤਸਜਾ ਕੋ ਕਰਯੋ ॥ ਚੰਡੀ ਚਰਿਤ੍ਰ ਦੂਜ, ਤਾਂਤੇ ਸ੍ਰੀ ਦਸਮੇਸ਼ ਜੀ ਦੀਆਂ ਰਚੀਆਂ ਤਿਨਾਂ ਰਚਨਾਵਾਂ

Digitized by Panjab Digital Library | www.panjabdigilib.org

ਵਿਚੋਂ ਹੀ ਜਦ ਉਪ੍ਰੋਕਤ ਦੁਰਗਾ ਸਪਤ ਸਤੀ ਆਦਕਾਂ ਦੇ ਟੀਕੇ ਹੋਣ ਦੇ ਸਬੂਤ ਮਿਲਦੇ ਹਨ, ਤਾਂ ਸ੍ਰੀ ਦਸਮੇਸ਼ ਜੀ ਇਹਨਾਂ ਤਿੰਨਾਂ ਰਚਨਾਵਾਂ ਦੇ ਜੁਮੇਵਾਰ ਕਿਵੇਂ ਹੋ ਸਕਦੇ ਹਨ।

**ਉਤਰ**--ਪਹਿਲੇ ਤਾਂ ਉਪ੍ਰੋਕਤ ਸਬੂਤ ਤਿੰਨਾਂ ਹੀ ਰਚਨਾਵਾਂ ਵਿਚੋਂ ਨਹੀਂ ਹਨ, ਕੇਵਲ ਚੰਡੀ ਚਰਿਤ੍ਰ ੧ ਉਕਤ ਬਿਲਾਸ ਵਿਚੋਂ ਹੀ ਹਨ, ਕੌਤਕ ਹੇਤ ਕਰੀ ਕਵਿ ਨੇ ਅਤੇ ਗ੍ਰੰਥ ਸਤਸਜਾ ਕੋ ਕਰਯੋ, ਦਾ ਪਤਾ ਚੰਡੀ ਚਰਿਤ੍ਰ ਦੂਜਾ, ਲਿਖਿਆ ਹੈ ਇਹ ਵੀ ਚੰਡੀ ਚਰਿਤ੍ਰ ਪਹਿਲੇ ਦੀ ਸਮਾਪਤੀ ਦੇ ਹੀ ਛੰਦ ਹਨ, ਦੂਜੇ ਦੇ ਨਹੀਂ, ਤਾਂ ਫਿਰ ਇਨ੍ਹਾਂ ਪ੍ਰਮਾਣਾਂ ਦੇ ਸਬੂਤ ਨਾਲ ਚੰਡੀ ਚਰਿਤ੍ਰ ਦੂਜੇ ਅਤੇ ਚੰਡੀ ਦੀ ਵਾਰ ਨੂੰ ਵੀ ਟੀਕਾ ਹੀ ਹੈ ਕਿਵੇਂ ਮੰਨਿਆ ਜਾਵੇਗਾ, ਔਰ ਉਪ੍ਰੋਕਤ ਪ੍ਰਮਾਣਾਂ ਦਾ ਅਰਥ ਜੇਕਰ ਗੁਰਮਤ ਦਰਸ਼ਨ ਦੇ ਕਰਤਾ ਨੇ ਇਹੋ ਸਮਝਿਆ ਹੈ ਕਿ ਮੂਲ ਸੰਸਕ੍ਰਿਤ ਦੁਰਗਾ ਸਪਤ ਸਤੀ ਆਦਕਾਂ ਦਾ ਹੀ ਇਹ ਤਿੰਨੇ ਰਚਨਾਵਾਂ ਟੀਕਾ ਹਨ ਤਾਂ ਪਹਿਲੇ।

(ੳ) ਭਾਖਾ ਸੁਭ ਸਭ ਕਰ ਹੋ ਧਰਹੋਂ ਕ੍ਰਿਤ-ਮੈਂ ॥ ਆਦਕ ਵਿਚ ਮੂਲ ਦੁਰਗਾ ਸਪਤ ਸਤੀ ਆਦਕਾਂ ਦੀ ਭਾਸ਼ਾ ਕਰਨ ਦਾ ਕੋਈ ਜਿਕਰ ਨਹੀਂ ਬਲਕਿ ਇਸਤੋਂ ਪਹਿਲੇ ਸ੍ਰੀ ਦੇਵੀ ਜੀ ਸੇ ਆਗਿਆ ਮੰਗੀ ਹੈ ਕਿ ਜੇਕਰ ਆਪ ਜੀ ਦੀ ਆਗਿਆ ਹੋਵੇ ਤਾਂ ਮੈਂ ਤੁਹਾਡੇ ਵਚਿਤ੍ਰ ਚਰਿਤ੍ਰਾਂ ਰੂਪੀ ਗ੍ਰੰਥ ਰਚਦਾ ਹਾਂ ਸੋ ਗ੍ਰੰਥ ਵੀ ਕਿਸੇ ਫਾਰਸੀ ਆਦਕ ਜਬਾਨ ਵਿਚ ਨਹੀਂ ਕਿੰਤੂ ਸਭ ਸ਼ੁਭ (ਸ੍ਰਿਸ਼ਟ) ਭਾਖਾ = ਹਿੰਦੀ ਭਾਸ਼ਾ

Digitized by Panjab Digital Library | www.panjabdigilib.org

ਵਿਚ ਰਚਨਾਂ ਕਰਕੇ ਧਰਦਾ ਹਾਂ ।

ਯਥਾ:—ਪ੍ਰਮੁਦ ਕਰਨ ਸਭ ਭੈ ਹਰਨ ਨਾਮ ਚੰਡਿਕਾ ਜਾਸ ॥ ਰਚੋਂ ਚਰਿਤ੍ਰ ਬਚਿਤ੍ਰ ਤੁਅ ਕਰੋ ਸਬੁਧ ਪ੍ਰਕਾਸ਼ ॥ ਆਇਸ ਅਬ ਜੋ ਹੋਇ ਗ੍ਰੰਥ ਤਉ ਮੈਂ ਰਚੋਂ ॥ ਰਤਨ ਪ੍ਰਮੁਦ ਕਰ ਬਚਨ ਚੀਨ ਤਾਂ ਮੈਂ ਗਚੌਂ ॥ ਭਾਖਾ ਸੁਭ ਸਭ ਕਰਹੋਂ ਧਰਿਹੋਂ ਕ੍ਰਿਤ ਮੈਂ ॥ ਅਦਭੁਤ ਕਥਾ ਅਪਾਰ ਸਮਝ ਕਰ ਚਿਤ ਮੈਂ, ਤਾਂਤੇ ਇਸ ਵਿਚੋਂ ਇਹ ਅਰਥ ਕੋਈ ਨਹੀਂ ਸਿੱਧ ਹੁੰਦਾ ਕਿ ਮੈਂ ਮੂਲ ਸੰਸਕ੍ਰਿਤ ਦਾ ਉਲਥਾ ਰੂਪ ਭਾਸ਼ਾ ਗ੍ਰੰਥ ਰਚਦਾ ਹਾਂ, ਤਥਾ—ਜੇਕਰ ਹਠ ਹੀ ਕੀਤਾ ਜਾਵੇ ਤਾਂ ਵੀ ਸ੍ਰੀ ਗੁਰੂ ਜੀ ਉਪ੍ਰੋਕਤ ਪ੍ਰਮਾਣ ਵਿਚ ਕਹੈ ਰਹੇ ਹਨ ਕਿ ਆਪ ਕੀ ਅਦਭੁਤ ਅਤੇ ਆਪਾਰ ਕਥਾ ਸਮਝ ਕੇ ਚਿਤ ਵਿਚ ਤਾਂ ਸ਼ੁਭ ਭਾਸ਼ਾ ਵਿਚ ਰਚਨਾਂ ਕਰਕੇ ਗ੍ਰੰਥ ਰਚਦਾ ਹਾਂ ਇਸ ਲਈ ਸ੍ਰੀ ਗੁਰੂ ਜੀ ਕੇਵਲ ਟੀਕਾ ਕਾਰ ਹੀ ਨਹੀਂ ਕਿੰਤੂ ਦੁਰਗਾ ਸਪਤ ਸਤੀ ਆਦਕ ਵਿਚ ਲਿਖੀਆਂ ਸ੍ਰੀ ਦੇਵੀ ਜੀ ਦੀਆਂ ਕਥਾਂ ਨੂੰ ਅਦਭੁਤ ਅਤੇ ਆਪਾਰ ਚਿਤ ਵਿਚ ਸਮਝਕੇ ਸ੍ਰੀ ਗੁਰੂ ਜੀ ਨੇ ਗ੍ਰੰਥ ਦੀ ਰਚਨਾਂ ਕੀਤੀ ਸਿਧ ਹੁੰਦੀ ਹੈ, ਫਿਰ ਸ੍ਰੀ ਗੁਰੂ ਜੀ ਦਸਮ ਗੁਰੂ ਗ੍ਰੰਥ ਸਾਹਿਬ ਜੀ ਵਿਚ ਲਿਖੇ ਚੰਡੀ ਚਰਿਤ੍ਰ ਆਦਕ ਰਚਨਾ ਦੇ ਜ਼ਿੰਮੇਵਾਰ ਕਿਵੇਂ ਨਹੀਂ ਹੋ ਸਕਦੇ, ਅਸੀਂ ਗੁਰਮਤ ਦਰਸ਼ਨ ਦੇ ਕਰਤਾ ਅਗੇ ਸਨਿੰਮਰ ਪ੍ਰਾਰਥਨਾਂ ਕਰਦੇ ਹਾਂ ਕਿ ਜਿਥੇ ਸ੍ਰੀ ਗੁਰੂ ਜੀ ਨੇ ਅਕਾਲ ਪੁਰਖ ਦੀ ਉਪਮਾਂ ਕੀਤੀ ਹੈ ਉਥੇ, ਕੀ ਅਕਾਲ ਪੁਰਖ ਨੂੰ ਅਦਭੁਤ ਅਤੇ ਅਪਾਰ ਚਿਤ ਵਿਚ ਸਮਝ ਕੇ ਉਪਮਾਂ ਨਹੀਂ ਕੀਤੀ ਜਿਸ ਲਈ ਉਸ ਅਕਾਲ ਪੁਰਖ ਦੀ ਉਪਮਾਂ ਵਾਲੀ ਬਾਣੀ ਦੇ ਸ੍ਰੀ ਗੁਰੂ

Digitized by Panjab Digital Library | www.panjabdigilib.org

ਜੀ ਨੂੰ ਜੁਮੇਵਾਰ ਮੰਨਦੇ ਹਨ, ਜੇਕਰ ਕੋਈ ਅਤੀ ਹਠ ਹੀ ਕੀਤਾ ਜਾਵੇ ਕਿ ਇਹ ਤਿੰਨੇ ਰਚਨਾਵਾਂ ਟੀਕਾ ਹਨ ਇਸ ਵਿਚ ਜੋ ਕੁਛ ਵੀ ਲਿਖਿਆ ਹੈ ਉਸਦੇ ਜੁਮੇਵਾਰ ਮੂਲ ਗ੍ਰੰਥ ਦੇ ਕਰਤਾ ਹਨ ਸ੍ਰੀ ਗੁਰੂ ਜੀ ਨਹੀਂ, ਤਾਂ ਉਪ੍ਰੋਕਤ ਪ੍ਰਮਾਣ ਵਿਚ ਸ੍ਰੀ ਗੁਰੂ ਜੀ ਦੇਵੀ ਕੋਲੋਂ ਗ੍ਰੰਥ ਰਚਣ ਦੀ ਆਗਿਆ ਮੰਗ ਰਹੇ ਹਨ ਕੀ ਇਸ ਆਗਿਆ ਮੰਗਣ ਦੇ ਜੁਮੇਵਾਰ ਭੀ ਸ੍ਰੀ ਗੁਰੂ ਜੀ ਨਹੀਂ ਹੋ ਸਕਣਗੇ, ਜੇਕਰ ਨਹੀਂ ਹੋ ਸਕਦੇ ਤਾਂ ਕਿਵੇਂ, ਕਿਉਂਕਿ ਦੁਰਗਾ ਸਪਤਸਤੀ ਆਦਕ ਮੂਲ ਗ੍ਰੰਥ ਦੇ ਕਰਤਾ ਇਸਦੇ ਜੁਮੇਵਾਰ ਨਹੀਂ ਹੋ ਸਕਦੇ ਕਾਰਨ ਇਹ ਕਿ ਮੂਲ ਗ੍ਰੰਥ ਦੇ ਕਰਤਾ ਵਲੋਂ ਭਾਸ਼ਾ ਵਿਚ ਗ੍ਰੰਥ ਰਚਣ ਹਿਤ ਪ੍ਰਾਰਥਨਾਂ ਨਹੀਂ ਹੋ ਸਕਦੀ ਕਿਉਂਕਿ ਉਹ ਮੂਲ ਗ੍ਰੰਥ ਸੰਸਕ੍ਰਿਤ ਵਿਚ ਹਨ ਕਿੰਤੂ ਇਥੇ ਸ੍ਰੀ ਗੁਰੂ ਜੀ ਲਿਖਦੇ ਹਨ ਕਿ, ਭਾਖਾ ਸ਼ੁਭ ਸਭ ਕਰਹੋਂ ਧਰਿਹੋਂ ਕ੍ਰਿਤ ਮੈਂ ॥ ਇਸ ਲਈ ਭਾਸ਼ਾ ਵਿਚ ਗ੍ਰੰਥ ਰਚਣ ਦੀ ਪ੍ਰਾਰਥਨਾਂ ਸ੍ਰੀ ਦਸਮੇਸ਼ ਜੀ ਵਲੋਂ ਹੀ ਸਿਧ ਹੁੰਦੀ ਹੈ, ਤਾਂ ਤੇ ਸ੍ਰੀ ਦਸਮੇਸ਼ ਜੀ ਨੇ ਇਥੇ ਦੇਵੀ ਮਨਾਈ ਹੈ ਅਤੇ ਇਨ੍ਹਾਂ ਪ੍ਰਮਾਣਾਂ ਵਿਚੋਂ ਗੁਰੂ ਮਤ ਦਰਸ਼ਨ ਦੇ ਕਰਤਾ ਕੋਲੋਂ ਬੀਰ ਰਸ ਦੇ ਚਾ ਹਿਤ ਟੀਕਾ ਕੀਤਾ ਵੀ ਸਿਧ ਨਹੀਂ ਹੋ ਸਕਿਆ। ਉਲਟਾ ਇਹ ਸਿਧ ਹੋਇਆ ਹੈ ਕਿ ਅਦਭੁਤ ਅਤੇ ਅਪਾਰ ਕਥਾ ਸਮਝ ਕੇ ਮੈਂ ਇਹ ਗਰੰਥ ਰਚਦਾ ਹਾਂ। ਅਦਭੁਤ ਅਤੇ ਅਪਾਰ ਕਥਾ ਈਸ਼ਵਰ ਸ਼ਕਤੀ ਦੀਆਂ ਹੀ ਹੋ ਸਕਦੀਆਂ ਹਨ, ਕਿਸੇ ਜੀਵ ਸ਼ਕਤੀ ਦੀਆਂ ਨਹੀਂ।

ਬਾਕੀ (ਅ) ਇਤਿ ਸ੍ਰੀ ਮਾਰਕੰਡੇ ਪਰਾਣੇ ॥ ਪਹਿਲੇ

Digitized by Panjab Digital Library | www.panjabdigilib.org

ਚੰਡੀ ਚਰਿਤ੍ਰ ਉਕਤ ਬਿਲਾਸ ਦੇ ਧਿਆਵਾਂ ਦੀ ਸਮਾਪਤੀ ਵਿਚ ਲਿਖਿਆ ਹੈ। ਚੰਡੀ ਚਰਿਤ੍ਰ ਦੂਜੇ ਦੇ ਧਿਆਵਾਂ ਦੀ ਸਮਾਪਤੀ ਵਿਚ ਅਤੇ ਚੰਡੀ ਦੀ ਵਾਰ ਦੀ ਸਮਾਪਤੀ ਵਿਚ ਇਹ ਕਿਤੇ ਵੀ ਨਹੀਂ ਲਿਖਿਆ ਹੋਇਆ। ਤਾਂ ਤੇ ਇਤਿ ਸ੍ਰੀ ਮਾਰਕੰਡੇ ਪੁਰਾਣੇ। ਇਸ ਨਾਲ ਚੰਡੀ ਚਰਿਤ੍ਰ ਦੂਜਾ ਤੇ ਚੰਡੀ ਦੀ ਵਾਰ ਇਹ ਦੋਵੇਂ ਰਚਨਾਂ ਮਾਰਕੰਡੇ ਪੁਰਾਣ ਦਾ ਟੀਕਾ ਨਹੀਂ ਸਿਧ ਹੋ ਸਕਦੀਆਂ, ਬਲਕਿ ਚੰਡੀ ਚਰਿਤ੍ਰ ਦੂਜੇ ਦੇ ਧਿਆਵਾਂ ਦੀ ਸਮਾਪਤੀ ਵਿਚ, ਇਤਿ ਸ੍ਰੀ ਬਚਿਤ੍ਰ ਨਾਟਕੇ ਗ੍ਰੰਥ ਚੰਡੀ ਚਰਿਤ੍ਰ, ਆਦਕ ਲਿਖਿਆ ਹੋਇਆ ਹੈ। ਤਾਂ ਕੀ ਗੁਰਮਤ ਦਰਸ਼ਨ ਦੇ ਕਰਤਾ ਇਥੇ ਬਚਿਤ੍ਰ ਨਾਟਕੇ ਦਾ ਅਰਥ ਵੀ ਮਾਰਕੰਡੇ ਪੁਰਾਣ ਦਾ ਟੀਕਾ ਕੀਤਾ ਹੀ ਕਰਨਗੇ, ਜੇਕਰ ਨਹੀਂ ਕਰਨਗੇ ਤਾਂ ਚੰਡੀ ਚਰਿਤ੍ਰ ਦੂਜਾ ਕਿਸ ਦਾ ਟੀਕਾ ਮੰਨਣਗੇ ਕਿਉਂਕਿ ਉਸ ਦੇ ਧਿਆਵਾਂ ਦੀ ਸਮਾਪਤੀ ਵਿਚ ਬਚਿਤ੍ਰ ਨਾਟਕ ਗ੍ਰੰਥ ਦੀ ਸੂਚਨਾਂ ਦਿਤੀ ਹੋਈ ਹੈ ਬਚਿਤ੍ਰ ਨਾਟਕ ਦਾ ਪਰਮਾਣ ਗੁਰਮਤ ਦਰਸ਼ਨ ਦੇ ਸਫਾ ੭੧ ਉਤੇ—ਸਰਬ ਕਾਲ ਹੈ ਪਿਤਾ ਅਪਾਰਾ। ਆਦਕ ਲਿਖਕੇ ਕੇਵਲ ਅਕਾਲਪੁਰਖ ਦਾ ਹੀ ਵਰਨਨ ਸਿਧ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ ਇਸ ਲਈ ਇਥੇ ਇਹ ਨਹੀਂ ਕਹਿ ਸਕਦੇ ਕਿ ਬਚਿਤ੍ਰ ਨਾਟਕ ਵੀ ਕਿਸੇ ਮੂਲ ਸੰਸਕ੍ਰਿਤ ਗ੍ਰੰਥ ਦਾ ਹੀ ਟੀਕਾ ਹੈ, ਔਰ ਬਚਿਤ੍ਰ ਨਾਟਕ ਵਿਚ ਸ੍ਰੀ ਦਸਮੇਸ਼ ਜੀ ਦੀ ਆਪਣੀ ਜਨਮ ਆਦਿ ਕਥਾ ਹੈ ਤਾਂ ਕੀ ਸਾਰੀ ਬਚਿਤ੍ਰ ਨਾਟਕ ਬਾਣੀ ਨੂੰ ਮਾਰ ਕੰਡੇ ਪੁਰਾਣ ਦਾ ਹੀ ਟੀਕਾ ਹੈ ਮੰਨਣਗੇ ਜੇਕਰ ਇੰਜ ਹੀ ਮੰਨਣ ਤਾਂ ਸ੍ਰੀ ਗੁਰੂ ਜੀ ਫਿਰ ਕਿਸੇ ਬਾਣੀ ਦੇ ਵੀ

Digitized by Panjab Digital Library | www.panjabdigilib.org

ਜੁਮੇਵਾਰ ਨਹੀਂ ਹੋ ਸਕਦੇ।

ਤਥਾ:-ਜੇਕਰ ਕੋਈ ਹਠ ਹੀ ਕੀਤਾ ਜਾਵੇ ਕਿ ਪਹਿਲਾ ਚੰਡੀ ਚਰਿਤ੍ਰ ਮਾਰ ਕੰਡੇ ਪੁਰਾਣ ਦਾ ਹੀ ਟੀਕਾ ਹੈ ਤਾਂ ਵੀ ਪਹਿਲੇ ਚੰਡੀ ਚਰਿਤ੍ਰ ਦੇ ਸਤਵੇਂ ਧਿਆ ਦੀ ਸਮਾਪਤੀ ਤਕ ਹੀ, ਇਤਿ ਸ੍ਰੀ ਮਾਰ ਕੰਡੇ ਪੁਰਾਣੇ, ਲਿਖਿਆ ਹੈ ਸਤਵੇਂ ਧਿਆ ਤੋਂ ਬਾਦ ਨਹੀਂ ਲਿਖਿਆ, ਪ੍ਰੰਤੂ ਸਾਡਾ ਲਿਖਿਆ ਪ੍ਰਮਾਣ, ਦੇਹ ਸਿਵਾ ਵਰ ਮੋਹਿ ਇਹੈ ॥ ਆਦਕ ਸਵਯਾ ਸਤਵੇਂ ਧਿਆ ਤੋਂ ਬਾਦ ਗੁਰੂ ਜੀ ਦੀ ਆਪਣੀ ਸੁਤੰਤ੍ਰ ਰਚਨਾਂ ਵਿਚ ਹੈ ਇਸ ਲਈ ਇਸ ਸਵਯੇ ਵਿਚ ਦੇਵੀ ਕੋਲੋਂ ਵਰ ਮੰਗਨ ਵਾਲੇ ਸ੍ਰੀ ਦਸਮੇਸ਼ ਜੀ ਹਨ ਤਾਂਤੇ ਇਸਦੇ ਜੁਮੇਵਾਰ ਸ੍ਰੀ ਦਸਮੇਸ਼ ਜੀ ਹੀ ਹਨ।

(ਏ) ਕੌਤਕ ਹੇਤ ਕਰੀ ਕਵਿ ਨੇ ਸਤਸਯਾ ਕੀ ਕਥਾ ਇਹ ਪੂਰੀ ਭਈ ਹੈ॥ ਆਦਕ ਪ੍ਰਮਾਣ ਵਿਚ ਵੀ ਸਤਸਯਾ ਕੀ ਕਥਾ ਲਿਖੀ ਹੈ ਉਪ੍ਰੋਕਤ ਗੁਰਮਤ ਦਰਸ਼ਨ ਦੇ ਕਰਤਾ ਸ੍ਰੀ ਭਾਗ ਮਲ ਜੀ ਲਿਖਦੇ ਹਨ ਕਿ ਇਹ ਤਿੰਨੇ ਰਚਨਾਵਾਂ, ਦੇਵੀ ਪੁਸ਼ਪਾਂਜਲੀ, ਦੁਰਗਾ ਸਪਤ ਸਤੀ, ਦੁਰਗਾ ਪਾਠ, ਕੀਲ ਕਵਚ ਆਦਕਾਂ ਦਾ ਟੀਕਾ ਹਨ ਤਾਂਤੇ ਉਪ੍ਰੋਕਤ ਸ੍ਰੀ ਭਾਗ ਮਲ ਜੀ ਨੂੰ ਇਹ ਪ੍ਰਮਾਣ ਕੀ ਸਹਾਇਤਾ ਦੇ ਸਕਦਾ ਹੈ, ਸਹਾਇਤਾ ਤਦ ਦੇ ਸਕਦਾ ਸੀ ਜੇਕਰ ਸ੍ਰੀ ਦਸਮੇਸ਼ ਜੀ ਸਤਸਜਾ ਕੀ ਕਥਾ, ਦੀ ਥਾਂਵੇ, ਦੁਰਗਾ ਪੁਸਪਾਂਜਲੀ ਕੀ ਕਥਾ, ਜਾਂ ਕੀਲ ਕਵਚ ਕੀ ਕਥਾ ਇਹ ਪੂਰੀ ਭਈ ਹੈ ਆਦਕ ਪਾਠ ਲਿਖਦੇ ਪ੍ਰੰਤੂ ਇੰਜ ਪਾਠ ਲਿਖਿਆ ਨਹੀਂ ਇਸ ਲਈ ਉਪ੍ਰੋਕਤ ਸ੍ਰੀ ਭਾਗ ਮਲ ਜੀ ਦੀ ਖੋਜ ਕਿ ਇਹ ਤਿੰਨੇ

Digitized by Panjab Digital Library | www.panjabdigilib.org

ਰਚਨਾਵਾਂ ਚੰਡੀ ਚਰਿਤ੍ਰ ਆਦਕ ਦੁਰਗਾ ਪੁਸ਼ਪਾਂਜਲੀ ਆਦਕਾਂ ਦਾ ਹੀ ਟੀਕਾ ਹਨ ਇਹ ਸਚਾਈ ਤੋਂ ਖਾਲੀ ਹੈ।

ਬਾਕੀ ਸ੍ਰੀ ਭਾਗ ਮਲ ਜੀ ਲਿਖਦੇ ਹਨ ਕਿ ਚੰਡੀ ਚਰਿਤ੍ਰ ਆਦਕ ਤਿੰਨੇ ਰਚਨਾਵਾਂ ਸ੍ਰੀ ਗੁਰੂ ਜੀ ਨੇ ਟੀਕਾ ਜੰਗ ਜੁਧ ਦੇ ਸਮੇਂ ਬੀਰ ਰਸ ਦੇ ਚਾ ਲਈ ਕੀਤਾ ਹੈ ਕਿੰਤੂ ਇਥੇ ਪ੍ਰਮਾਣ ਪ੍ਰਗਟ ਕਰਦੇ ਹਨ ਕਿ, ਕੌਤਕ ਹੇਤ ਕਰੀ ਕਵਿ ਨੇ ਸਤਸਜਾ ਕੀ ਕਥਾ ਇਹ, ਭਾਵ ਸਤਸਯਾ ਕੀ ਇਹ ਕਥਾ ਕਵੀ (ਗੁਰੂ) ਜੀ ਨੇ ਕੌਤਕ = ਬਿਨੋਦ ਵਾਸਤੇ ਕੀਤੀ ਹੈ ਪਤਾ ਨਹੀਂ ਆਪਣੀ ਖੋਜ ਦੀ ਇਨ੍ਹਾਂ ਪ੍ਰਮਾਣਾਂ ਨਾਲ ਪੁਸ਼ਟੀ ਹੋ ਰਹੀ ਕਿਵੇਂ ਸਮਝ ਰਹੇ ਹਨ ਮਲੂਮ ਹੁੰਦਾ ਹੈ ਇਹ ਪ੍ਰਮਾਣ ਇਸ ਲਈ ਪ੍ਰਗਟ ਕੀਤਾ ਗਿਆ ਹੈ ਕਿ ਸ੍ਰੀ ਗੁਰੂ ਜੀ ਨੇ ਚੰਡੀ ਚਰਿਤ੍ਰ ਆਦਕ ਐਵੇਂ ਕੌਤਕ ਵਾਸਤੇ ਹੀ ਲਿਖੇ ਹਨ ਇਸ ਲਈ ਸ੍ਰੀ ਦਸਮੇਸ਼ ਜੀ ਇਨਾਂ ਚੰਡੀ ਚਰਿਤ੍ਰਾਂ ਦੇ ਲੇਖਕ ਹੋਣ ਕਰਕੇ ਵੀ ਜੁਮੇਵਾਰ ਨਹੀਂ, ਪ੍ਰੰਤੂ ਇਥੇ ਸੁਆਲ ਪੈਂਦਾ ਹੁੰਦਾ ਹੈ ਕਿ ਜਿਨ੍ਹਾਂ ਬਾਣੀਆਂ ਦੇ ਸ੍ਰੀ ਗੁਰੂ ਜੀ ਨੂੰ ਜੁਮੇਵਾਰ ਮੰਨਦੇ ਹਨ ਉਹ ਬਾਣੀਆਂ ਕੀ ਸ੍ਰੀ ਗੁਰੂ ਜੀ ਨੇ ਕਿਸੇ ਮਜਬੂਰੀ ਵਿਚ ਆਕੇ ਲਿਖੀਆਂ ਸੀ ਜੇਕਰ ਸ੍ਰੀ ਗੁਰੂ ਜੀ ਨੇ ਸੰਸਾਰ ਵਿਚ ਆਕੇ ਸਾਰੇ ਕੰਮ ਹੀ ਕੌਤਕ ਮਾਤ੍ਰ ਕੀਤੇ ਹਨ ਕੋਈ ਵੀ ਕਿਸੇ ਦੀ ਮਜਬੂਰੀ ਵਿਚ ਆਕੇ ਕੰਮ ਨਹੀਂ ਕੀਤਾ ਕਿਉਂਕਿ ਸੁਮਥਾ ਵਾਨ ਮਹਾਂ ਪੁਰਸ਼ਾਂ ਦੇ ਸਾਰੇ ਕੰਮ ਹੀ ਕੌਤਕ ਮਾਤ੍ਰ ਹੁੰਦੇ ਹਨ ਇਸੇ ਲਈ ਸ੍ਰੀ ਗੁਰੂ ਸਾਹਿਬਾਂ ਨੂੰ ਚੋਜੀ ਪਿਤਾ ਵੀ ਕਿਹਾ ਜਾਂਦਾ ਹੈ ਚੋਜ ਅਤੇ ਕਉਤਕ ਦਾ ਇਕੋ ਅਰਥ ਹੈ, ਤਾਂ ਚੰਡੀ ਚਰਿਤ੍ਰ ਜੇਕਰ ਕੌਤਕ ਵਾਸਤੇ ਲਿਖਿਆ ਹੈ ਤਾਂ ਸ੍ਰੀ ਗੁਰੂ ਜੀ ਦੀ

Digitized by Panjab Digital Library | www.panjabdigilib.org

ਜੁਮੇਵਾਰੀ ਕ੍ਰਿਵੇਂ ਟੁਟ ਸਕਦੀ ਹੈ ਜੇਕਰ ਕੋਈ ਕੰਮ ਕਿਸੇ ਦੀ ਮਜਬੂਰੀ ਵਿਚ ਆਕੇ ਕੀਤੇ ਮੰਨੇ ਜਾਣ ਤਾਂ ਸ੍ਰੀ ਗੁਰੂ ਜੀ ਦੀ ਸੁਤੰਤ੍ਰਤਾ ਅਤੇ ਸਮਰਥਾ ਵਿਚ ਫਰਕ ਪੈਂਦਾ ਹੈ ਤਥਾ ਸ੍ਰੀ ਗੁਰੂ ਰਾਮ ਦਾਸ ਜੀ ਨੂੰ ਪ੍ਰਮਾਤਮਾਂ ਰੂਪ ਸਮਝ ਕੇ ਭੱਟ ਕਹੇ ਰਹੇ ਹਨ ਕਿ, ਕੀਆ ਖੇਲੁ ਬਡ ਮੇਲੁ ਤਮਾਸਾ ਵਾਹਿਗੁਰੂ ਤੇਰੀ ਸਭ ਰਚਨਾਂ, ਕਿ ਹੇ ਧੰਨ ਗੁਰੂ ਇਹ ਸਭ ਖੇਲ ਹੀ ਕੀਤਾ ਹੈ ਆਪ ਨੇ ਜੋ ਤਤਾਂ ਨੂੰ ਮੇਲ ਕੇ ਬਡਾ ਤਮਾਸ਼ਾ ਤੇਰੀ ਜਗਤ ਰਚਨਾਂ ਹੈ।

ਤਥਾ:-ਜੇਕਰ ਹਠ ਹੀ ਕੀਤਾ ਜਾਵੇ ਕਿ ਇਸ ਪ੍ਰਮਾਣ ਦੁਆਰਾ ਗੁਰੂ ਜੀ ਨੇ ਕੇਵਲ ਕੌਤਕ ਮਾਤ੍ਰ ਟੀਕਾ ਹੀ ਕੀਤਾ ਹੈ ਇਸ ਲਈ ਇਸ (ਚੰਡੀ ਚਰਿਤ੍ਰ) ਆਪਣੀ ਰਚਨਾਂ ਦੇ ਜੁਮੇਵਾਰ ਨਹੀਂ, ਤਾਂ ਇਸ ਤੁਕ ਤੋਂ ਅਗਲੀ ਤੁਕ ਵਿਚ ਸ੍ਰੀ ਗੁਰੂ ਜੀ ਇਸ ਚੰਡੀ ਚਰਿਤ੍ਰ ਕਥਾ ਨੂੰ ਜਿਸ ਕਾਰਨ ਕੋਈ ਪੜੈ ਜਾਂ ਸੁਣੇਗਾ ਉਸਨੂੰ ਨਿਸਚੇ ਕਰਕੇ ਓਹੋ ਦੇਵੇਗੀ, ਵੀ ਲਿਖਿਆ ਹੈ ਯਥਾ:-ਜਾਹਿ ਨਮਿਤ ਪੜੈ ਸੁਨ ਹੈ ਨਰ ਸੋ ਨਿਸਚੈ ਕਰ ਤਾਹਿ ਦਈ ਹੈ, ਸ੍ਰੀ ਗੁਰੂ ਜੀ ਦਾ ਇਹ ਮਹਾਤਮ ਲਿਖਣਾ ਹੀ ਸ੍ਰੀ ਗੁਰੂ ਜੀ ਨੂੰ ਇਸ ਕਥਾ ਦੇ ਜੁਮੇਵਾਰ ਸਿਧ ਕਰਦਾ ਹੈ, ਜੇਕਰ ਇਥੇ ਕਿਹਾ ਜਾਵੇ ਕਿ ਇਹ ਮਹਾਤਮ ਮੂਲ ਸੰਸਕ੍ਰਿਤ ਪਾਠ ਵਿਚ ਵਰਨਨ ਹੈ ਉਸ ਦਾ ਇਹ ਸ੍ਰੀ ਗੁਰੂ ਜੀ ਨੇ ਟੀਕਾ ਹੀ ਕੀਤਾ ਹੈ ਇਸ ਲਈ ਇਹ ਮਹਾਤਮ ਗੁਰੂ ਜੀ ਵਲੋਂ ਨਹੀਂ ਤਾਂ ਇੰਜ ਫਿਰ ਇਸ ਤੋਂ ਪਹਿਲੀ ਤੁਕ, ਕੌਤਕ ਹੇਤ ਕਰੀ ਕਵਿ ਨੇ ਸਤਸਯਾ ਕੀ ਕਥਾ ਇਹ ਪੂਰੀ ਭਈ ਹੈ, ਵੀ ਸ੍ਰੀ ਗੁਰੂ ਜੀ ਵਲੋਂ ਕਥਨ ਕੀਤੀ ਹੋਈ ਸਾਬਤ ਨਹੀਂ ਹੋ ਸਕਦੀ

Digitized by Panjab Digital Library | www.panjabdigilib.org

ਇਹ ਵੀ ਫਿਰ ਮੂਲ ਪਾਠ ਦਾ ਟੀਕਾ ਹੀ ਸਿਧ ਹੋਵੇਗੀ ਤਾਂ ਫਿਰ ਇਸ ਤੁਕ ਨਾਲ ਇਹ ਕਿਵੇਂ ਸਾਬਤ ਕੀਤਾ ਜਾ ਸਕੇਗਾ ਕਿ ਗੁਰੂ ਜੀ ਨੇ ਕੌਤਕ ਵਾਸਤੇ ਹੀ ਇਹ ਕਥਾ ਲਿਖੀ ਹੈ ਤੇ ਟੀਕਾ ਕੀਤਾ ਹੈ, ਕਿਉਂਕਿ ਜਦ ਇਹ ਤੁਕ ਹੀ ਮੂਲ ਸੰਸਕ੍ਰਿਤ ਗ੍ਰੰਥ ਦੇ ਕਰਤਾ ਵਲੋਂ ਹੈ ਤਾਂ ਇਸਦੇ ਜੁਮੇਵਾਰ ਸ੍ਰੀ ਗੁਰੂ ਜੀ ਕਿਵੇਂ ਹੋ ਸਕਣਗੇ, ਤਾਂਤੇ ਸਾਫ ਸਿਧੀ ਗਲ ਹੈ ਕਿ ਇਸ ਤੁਕ ਔਰ ਇਸ ਤੋਂ ਅਗਲੀ ਤੁਕ ਮਹਾਤਮ ਕਥਨ ਦੇ ਸ੍ਰੀ ਗੁਰੂ ਜੀ ਹੀ ਜੁਮੇਵਾਰ ਹਨ।

(ਸ) ਗ੍ਰੰਥ ਸਤਸਜਾ ਕੋ ਕਰਯੋ ॥ ਤੁਕ ਵੀ ਉਪ੍ਰੋਕਤ, ਜਾਹਿ ਨਮਿਤ ਪੜ੍ਹੈ ਸੁਨ ਹੈ ਨਰ ਸੋ ਨਿਸਚੈ ਕਰ ਤਾਹਿ ਦਈ ਹੈ ॥ ਤੁਕ ਤੋ ਅਗਲੀ ਹੀ ਤੁਕ ਹੈ ਇਹ ਵੀ ਚੰਡੀ ਚਰਿਤ੍ਰ ਪਹਿਲੇ ਦੀ ਸਮਾਪਤੀ ਦਾ ਹੀ ਦੋਹਰਾ ਹੈ ਦੂਜੇ ਚੰਡੀ ਚਰਿਤ੍ਰ ਦਾ ਨਹੀਂ, ਇਸਦਾ ਉਤ੍ਰ ਉਪ੍ਰੋਕਤ (ੲ) ਦੇ ਉਤਰ ਵਿਚ ਆ ਚੁਕਾ ਹੈ ਕਿ ਗ੍ਰੰਥ ਸਤਸਜਾ ਪਾਠ ਦੀ ਥਾਂਵੇ ਜੇਕਰ ਦੁਰਗਾ ਪੁਸ਼ਪਾਂਜਲੀ ਜਾਂ ਕੀਲ ਕਵਚ ਆਦਕ ਹੁੰਦਾ ਤਾਂ ਗੁਰਮਤ ਦਰਸ਼ਨ ਦੇ ਕਰਤਾ ਦੀ ਕੁਝ ਖੋਜ ਸਚੀ ਮੰਨੀ ਵੀ ਜਾਂਦੀ, ਜੇਕਰ ਇਥੇ ਇਹ ਕਿਹਾ ਜਾਵੇ ਕਿ ਸਤਸਜਾ ਗ੍ਰੰਥ ਮੂਲ ਸੰਸਕ੍ਰਿਤ ਵਿਚ ਹੈ ਉਸਦਾ ਟੀਕਾ ਕੀਤਾ ਗੁਰੂ ਜੀ ਇਥੇ ਕਹਿ ਰਹੇ ਹਨ ਤਾਂ ਇਹ ਗਲ ਵੀ ਨਹੀਂ ਜਚਦੀ ਕਿਉਂਕਿ ਸ੍ਰੀ ਗੁਰੂ ਜੀ ਕਹਿ ਰਹੇ ਹਨ ਕਿ, ਗ੍ਰੰਥ ਸਤਸਜਾ ਕੋ ਕਰਯੋ ਜਾਸਮ ਅਵਰ ਨ ਕੋਇ ॥ ਜਿਹ ਨਮਿਤ ਕਵਿ ਨੇ ਕਹਿਯੋ ਸੁ ਦੇਹ ਚੰਡਿਕਾ ਸੋਇ ॥ ਕਿ ਸਤਸਜਾ ਗ੍ਰੰਥ ਨੂੰ (ਕਰਯੋ) ਕੀਤਾ ਹੈ ਜਿਸਦੇ ਸਮਾਨ ਹੋਰ ਕੋਈ ਗ੍ਰੰਥ ਨਹੀਂ ਅਤੇ ਜਿਸ

Digitized by Panjab Digital Library | www.panjabdigilib.org

ਨਮਿਤ = ਕਾਰਨ ਕਵੀ (ਗੁਰੂ) ਜੀ ਨੇ ਇਹ ਗ੍ਰੰਥ ਕਹਿਯੋ = ਕਥਨ ਕੀਤਾ ਹੈ ਸੋ ਚੰਡਿਕਾ ਦੇਵੀ ਓਹੋ ਮੈਨੂੰ ਦੇਹ, ਇਸਤੋਂ ਸਿਧ ਹੁੰਦਾ ਹੈ ਕਿ ਇਥੇ ਲਿਖਿਆ ਸਤਸਜਾ ਗ੍ਰੰਥ ਮੂਲ ਸੰਸਕ੍ਰਿਤ ਵਿਚ ਨਹੀਂ ਇਹ ਗੁਰੂ ਜੀ ਦੇ ਕਥਨ ਕੀਤੇ ਹੋਇ ਇਸੇ ਹੀ ਗ੍ਰੰਥ ਦਾ ਦੂਜਾ ਨਾਮ ਹੈ ਜਿਸਦੀ ਗੁਰੂ ਜੀ ਉਪਮਾਂ ਕਰਦੇ ਹਨ, ਕਿ ਇਸਦੇ ਸਮਾਨ ਹੋਰ ਕੋਈ ਨਹੀਂ ਅਤੇ ਜਿਸ ਨਮਿਤ ਨੂੰ ਲੈਕੇ ਕਵੀ (ਗੁਰੂ) ਜੀ ਨੇ ਇਹ ਕਥਨ ਕੀਤਾ ਹੈ ਹੇ ਚੰਡਿਕਾ ਓਹੋ ਦੇਹ, ਇਹ ਦੇਵੀ ਕੋਲੋਂ ਆਪਣੇ ਵਾਸਤੇ ਵਰ ਮੰਗ ਰਹੇ ਹਨ ਤਾਂ ਇਹ ਕਿਵੇਂ ਮੰਨਿਆ ਜਾਵੇ ਕਿ ਸਤਸਜਾ ਗ੍ਰੰਥ ਮੂਲ ਸੰਸਕ੍ਰਿਤ ਵਿਚ ਹੈ, ਉਸ ਦਾਂ ਇਥੇ ਜ਼ਿਕਰ ਕਰ ਰਹੇ ਹਨ, ਜੇਕਰ ਕਿਹਾ ਜਾਵੇ ਕਿ, ਜਿਹ ਨਮਿਤ ਕਵਿ ਨੇ ਕਹਿਯੋ ਸੁ ਦੇਹ ਚੰਡਿਕਾ ਸੋਇ ॥ ਇਹ ਤੁਕ ਮੂਲ ਸੰਸਕ੍ਰਿਤ ਦੇ ਗ੍ਰੰਥ ਕਰਤਾ ਵਲੋਂ ਵਰ ਮੰਗਿਆ ਹੋਇਆ ਹੈ। ਸ੍ਰੀ ਗੁਰੂ ਜੀ ਇਸ ਦੇ ਜ਼ੁੰਮੇਵਾਰ ਨਹੀਂ ਤਾਂ ਇਸ ਤੋਂ ਪਹਿਲੀ ਤੁਕ—ਗ੍ਰੰਥ ਸਤਸਜਾ ਕੋ ਕਰਯੋ ਜਾ ਸਮ ਅਵਰ ਨ ਕੋਇ ॥ ਇਹ ਸ੍ਰੀ ਗੁਰੂ ਜੀ ਵਲੋਂ ਕਿਵੇਂ ਮੰਨੀ ਜਾਵੇਗੀ। ਫਿਰ ਤਾਂ ਇਹ ਵੀ ਮੂਲ ਸੰਸਕ੍ਰਿਤ ਗ੍ਰੰਥ ਦੇ ਕਰਤਾ ਵਲੋਂ ਹੀ ਕਥਨ ਕੀਤੀ ਗਈ ਸਿਧ ਹੋ ਗਈ, ਤਾਂ ਫਿਰ ਇਸ ਤੁਕ ਨਾਲ ਗੁਰੂ ਜੀ ਕਹਿੰਦੇ ਹਨ ਕਿ ਇਹ ਸਤਸਜਾ ਗਰੰਥ ਦਾ ਟੀਕਾ ਕੀਤਾ ਹੈ ਇਹ ਗਲ ਸਿਧ ਕਿਵੇਂ ਹੋ ਸਕੇਗੀ ਕਿਉਂਕਿ ਜਦ ਇਨ੍ਹਾਂ ਤੁਕਾਂ ਦੇ ਗੁਰੂ ਜੀ ਕਰਤਾ ਹੀ ਨਹੀਂ ਮੰਨੇ ਜਾਣਗੇ ਤਾਂ ਗੁਰੂ ਜੀ ਵਲੋਂ ਟੀਕੇ ਦੀ ਸੂਚਨਾਂ ਦਿਤੀ ਗਈ ਕਿਵੇਂ ਮੰਨੀ ਜਾ ਸਕਦੀ ਹੈ ਤਾਂ ਤੇ ਨਿਰਪਖ

Digitized by Panjab Digital Library | www.panjabdigilib.org

ਦ੍ਰਿਸ਼ਟੀ ਨਾਲ ਵੇਖਿਆ ਜਾਵੇ ਤਾਂ ਇਹਨਾਂ ਤੁਕਾਂ ਦੇ ਕਰਤਾ ਸ੍ਰੀ ਗੁਰੂ ਜੀ ਹੀ ਹਨ। ਜਿਨ੍ਹਾਂ ਵਿਚ ਸ੍ਰੀ ਦੇਵੀ ਜੀ ਕੋਲੋਂ ਸਪਸ਼ਟ ਵਰ ਮੰਗਿਆ ਸਿਧ ਹੋ ਰਿਹਾ ਹੈ ਇਸ ਲਈ ਸ੍ਰੀ ਗੁਰੂ ਜੀ ਦੇ ਆਪਣੇ ਲਿਖੇ ਵਾਕਾਂ ਵਿਚੋਂ ਹੀ ਸ੍ਰੀ ਦੇਵੀ ਮਨਾਈ ਹੈ, ਸਿਧ ਹੁੰਦੀ ਹੈ।

**੧੫ ਪ੍ਰਸ਼ਨ**—ਉਸੇ ਗੁਰਮਤ ਦਰਸ਼ਨ ਦੇ ਸਫ਼ਾ ੭੬ ਤੇ ਹੀ ਲਿਖਿਆ ਹੈ ਕਿ, ਤਾਂ ਤੇ ਇਹ ਉਸਤਤੀ ਕਰਨ ਵਾਲੇ ਅਤੇ ਦੇਵੀ ਕੋਲੋਂ ਵਰ ਮੰਗਣ ਵਾਲੇ ਮੂਲ ਪਾਠ ਦੇ ਪ੍ਰਕਰਨ ਅਨੁਸਾਰ ਇੰਦ੍ਰਾਦਿਕ ਦੇਵਤੇ ਹਨ। ਸ੍ਰੀ ਗੁਰੂ ਜੀ ਤਾਂ ਉਸ ਮੂਲ ਪਾਠ ਦਾ ਕੇਵਲ ਉਲਥਾ ਕਰ ਰਹੇ ਹਨ, ਤਾਂ ਸ੍ਰੀ ਗੁਰੂ ਜੀ ਵਲੋਂ ਇਹ ਦੇਵੀ ਜੀ ਦੀ ਉਸਤਤੀ ਅਤੇ ਵਰ ਮੰਗਣਾ ਕਿਵੇਂ ਮੰਨਿਆ ਜਾ ਸਕੇਗਾ।

**ਉੱਤਰ**--ਗੁਰਮਤ ਦਰਸ਼ਨ ਦੇ ਕਰਤਾ ਸ੍ਰੀ ਭਾਗ ਮਲ ਜੀ ਦੇ ਲਿਖੇ ਹੋਇ ਨਿਯਮਾਂ ਮੁਤਾਬਕ ਵੀ ਇਸ, ਦੇਹ ਸ਼ਿਵਾ ਵਰ ਮੋਹਿ ਇਹੈ ਸ਼ੁਭ ਕਰਮਨ ਤੇ ਕਬਹੂੰ ਨ ਟਰੋਂ; ਆਦਕ ਸਵਯੇ ਵਿਚ ਸ੍ਰੀ ਦੇਵੀ ਜੀ ਕੋਲੋਂ ਵਰ ਮੰਗਣ ਵਾਲੇ ਇੰਦ੍ਰਾਦਿਕ ਦੇਵਤੇ ਸਿਧ ਨਹੀਂ ਹੁੰਦੇ ਕਿਉਂਕਿ, ਦੇਹ ਸ਼ਿਵਾ ਵਰ ਮੋਹਿ ਇਹੈ, ਆਦਕ ਸਵਯਾ ਸ੍ਰੀ ਗੁਰੂ ਜੀ ਨੇ ਸਤਵੇਂ ਧਿਆ ਦੀ ਸਮਾਪਤੀ ਇਤਿ ਸ੍ਰੀ ਮਾਰ ਕੰਡੇ ਪੁਰਾਣੇ, ਆਦਕ ਲਿਖਣ ਤੋਂ ਬਾਦ ਆਪਣੀ ਸੁਤੰਤ੍ਰ ਰਚਨਾਂ ਅਠਵੇਂ ਧਿਆ ਵਿਚ ਲਿਖਿਆ ਹੈ, ਪ੍ਰੰਤੂ ਇਤਿ ਸ੍ਰੀ ਮਾਰਕੰਡੇ ਪੁਰਾਣੇ, ਆਦਕ ਇਸ ਚੰਡੀ ਚਰਿਤ੍ਰ (੧) ਦੇ ਅਠਵੇਂ ਧਿਆ ਦੀ ਸਮਾਪਤੀ ਵਿਚ ਨਹੀਂ

Digitized by Panjab Digital Library | www.panjabdigilib.org

ਲਿਖਿਆ ਹੋਇਆ ਕੇਵਲ ਸਤਵੇਂ ਧਿਆ ਦੀ ਸਮਾਪਤੀ ਤਕ ਹੀ ਹਰ ਇਕ ਧਿਆਦੀ ਸਮਾਪਤੀ ਵਿਚ ਲਿਖਿਆ ਹੈ ਇਸ ਲਈ ਇਸ ਚੰਡੀ ਚਰਿਤ੍ਰ ਦਾ ਅਠਵਾਂ ਧਿਆ ਸ੍ਰੀ ਗੁਰੂ ਜੀ ਦੀ ਸੁਤੰਤ੍ਰ ਰਚਨਾਂ ਸਿਧ ਹੁੰਦੀ ਹੈ, ਤਾਂਤੇ ਇਹ ਉਪ੍ਰੋਕਤ ਸਵਯਾ ਮਾਰਕੰਡੇ ਪੁਰਾਣ ਦਾ ਟੀਕਾ ਨਹੀਂ ਮੰਨਿਆ ਜਾ ਸਕਦਾ, ਜਦ ਸ੍ਰੀ ਭਾਗ ਮਲ ਜੀ ਦੇ ਇਤਿ ਸ੍ਰੀ ਮਾਰ ਕੰਡੇ ਪੁਰਾਣੇ, ਨਿਯਮ ਅਨੁਸਾਰ ਸਤਵੇਂ ਧਿਆ ਤਕ ਮੂਲ ਪਾਠ ਮਾਰ ਕੰਡੇ ਪੁਰਾਣ ਦਾ ਸਮਾਪਤ ਹੋ ਜਾਂਦਾ ਹੈ ਤਾਂ ਉਸ ਮੂਲ ਪਾਠ ਦੇ ਪ੍ਰਕਰਨ ਅਨੁਸਾਰ ਇਸ ਸਵਯੇ ਵਿਚ ਵਰ ਮੰਗਨ ਵਾਲੇ ਇੰਦ੍ਰਾਦਕ ਦੇਵਤੇ ਕਿਵੇਂ ਸਿਧ ਹੋ ਸਕਦੇ ਹਨ।

ਬਾਕੀ ਇਸ ਸਵਯੇ ਵਿਚ ਵਰ ਮੰਗਣ ਵਾਲੇ ਬਹੁਤ ਸਾਰੇ ਦੇਵਤਾ ਸਿਧ ਹੀ ਨਹੀਂ ਹੁੰਦੇ, ਕਿਉਂਕਿ ਪਾਠ ਇੰਜ ਹੈ, ਦੇਹ ਸਿਵਾ ਵਰ ਮੋਹਿ ਇਹੈ ਸੁਭ ਕਰਮਨ ਤੇ ਕਬਹੂੰ ਨ ਟਰੋਂ, ਇਸ ਵਿਚ, ਮੋਹਿ ਅਤੇ ਟਰੋਂ, ਪਦ ਕੇਵਲ ਇਕ ਵਿਅਕਤੀ ਨੂੰ ਹੀ ਸਿਧ ਕਰਦੇ ਹਨ ਕਿਉਂਕਿ ਇਹ ਬਹੁ ਵਚਨ ਨਹੀਂ ਹਨ ਔਰ ਇਸ ਸਵਯੇ ਦੀ ਦੂਜੀ ਤੁਕ ਵਿਚ ਵੀ ਪਾਠ ਹੈ, ਨਾ ਡਰੋ ਅਰਿਸੋਂ ਜਬ ਜਾਇ ਲਰੋਂ ਨਿਸਚੈ ਕਰ ਆਪਨੀ ਜੀਤ ਕਰੋਂ ॥ ਇਸ ਵਿਚ ਵੀ ਜੇਕਰ ਡਰੋਂ, ਲਰੋਂ, ਕਰੋਂ, ਪਦਾਂ ਦੀ ਥਾਂਵੇ ਡਰੀਏ, ਲਰੀਏ, ਕਰੀਏ, ਪਦ ਹੁੰਦੇ ਤਾਂ ਬਹੁਵਚਨ ਹੋਣੇ ਸੇ ਬਹੁਤ ਸਾਰੇ ਇੰਦ੍ਰਾਦਕ ਦੇਵਤੇ ਵਰ ਮੰਗਨ ਵਾਲੇ ਹਨ ਅਰਥ ਕੀਤਾ ਜਾ ਸਕਦਾ ਪ੍ਰੰਤੂ ਇਥੇ ਸਾਰੇ ਪਦ ਹੀ ਇਕ ਵਚਨ ਹਨ ਇਸ ਲਈ ਇਥੇ ਬਹੁਤ ਸਾਰੇ ਦੇਵਤੇ ਅਰਥ ਨਹੀਂ ਕੀਤਾ ਜਾ ਸਕਦਾ ਕਿੰਤੂ ਇਕ

Digitized by Panjab Digital Library | www.panjabdigilib.org

ਸ੍ਰੀ ਦਸਮੇਸ਼ ਜੀ ਹੀ ਵਰ ਮੰਗਨ ਵਾਲੇ ਸਿਧ ਹੁੰਦੇ ਹਨ, ਅਤੇ ਇਸ ਤੁਕ ਵਿਚ,ਨਿਸਚੈਕਰ ਆਪਨੀ ਜੀਤ ਕਰੋਂ ॥ ਲਿਖਿਆ ਹੈ, ਚੰਡੀ ਚਰਿਤ੍ਰ (੧) ਧਿਆ ਸਤਵੇਂ ਤਕ ਜਦ ਇੰਦ੍ਰਾਦਿਕਾਂ ਦੀ ਰਾਖਸ਼ਸ਼ ਮਾਰੇ ਜਾਣ ਕਰਕੇ ਜੀਤ ਹੋ ਚੁਕੀ ਸੀ ਤਾਂ ਫਿਰ ਉਨ੍ਹਾਂ ਇਹ ਅਠਵੇਂ ਧਿਆ ਵਿਚ ਹੋਰ ਆਪਣੀ ਦੇਵੀ ਕੋਲੋਂ ਕੇੜ੍ਹੀ ਜੀਤ ਮੰਗਣੀ ਸੀ ਤੇ ਕੇੜ੍ਹਾ ਜੁਧ ਕਰਨਾ ਉਨ੍ਹਾਂ ਦੇ ਸਾਹਮਣੇ ਸੀ ਜਿਸ ਲਈ ਉਨ੍ਹਾਂ ਕਿਹਾ, ਨਾ ਡਰੋਂ ਅਰਿ ਸੋਂ ਜਬ ਜਾਇ ਲਰੋਂ ॥ ਆਦਕ ਅਰਥ ਕੀਤਾ ਜਾਵੇ ॥

**(੧੬) ਪ੍ਰਸ਼ਨ**—ਦੁਰਗਾ ਸਪਤ ਸਤੀ ਮੂਲ ਸੰਸਕ੍ਰਿਤ ਹਿੰਦੀ ਭਾਸ਼ਾ ਸਹਿਤ ਟੀਕਾ ਪੰਡਿਤ ਰਾਮੇਸ਼ਵਰ ਭਟ ਕ੍ਰਿਤਿ ਲਿਆ ਕੇ ਪੜ੍ਹੀ ਹੈ ਉਸਦੇ ਧਿਆ ੧੧ ਸਲੋਕ ੩੪ ਵਿਚ ਲਿਖਿਆ ਹੈ ਇੰਦ੍ਰਾਦਕ ਦੇਵਤੇ ਦੇਵੀ ਨੂੰ ਕਹਿੰਦੇ ਹਨ ਕਿ ਹੇ ਦੇਵੀ ਤੁਮ ਪ੍ਰਸੰਨ ਹੋਵੋ ਔਰ ਜਿਸ ਪ੍ਰਕਾਰ ਅਸੁਰੋਂ ਕੇ ਮਾਰਨੇ ਸੇ ਅਬੀ ਸਦਜ ਰਖਿਆ ਕੀ ਹੈ ਉਸੀ ਪ੍ਰਕਾਰ ਸ਼ਤ੍ਰੂ ਕੇ ਭਜ ਸੇ ਸਰਵਦਾ ਹਮਾਰੀ ਰਖਿਆ ਕਰੋ ਔਰ ਸੰਪੂਰਣ ੋ ਜਗਤ ਕੇ ਪਾਪੋ ਕੋ ਔਰ ਉਤਪਾਤੋਂ ਕੇ ਹੋਨੇ ਸੇ ਉਠੇ ਹੂਏ ਜੋ ਜੋ ਮਹਾਂ ਮਾਰੀ ਆਦਿ ਉਪਦ੍ਰਵ ਹੈ ਉਨਕੋ ਸ਼ੀਘਰ ਸ਼ਾਤ ਕਰਦੋ ਤਾਂ ਉਪ੍ਰੋਕਤ ਦੇਵਤਿਆਂ ਵਲੋਂ ਇਸ ਸਵਯੇ ਵਿਚ ਵਰ ਮੰਗਣਾ ਆਦਕ ਕਿਵੇਂ ਨਹੀਂ ।

**ਉਤਰ**—ਦੁਰਗਾ ਸਪਤ ਸਤੀ ਦਾ ਧਿਆ ੧੧ ਹੈ ਇਹ ਸਵਯਾ ਚੰਡੀ ਚਰਿਤ੍ਰ (੧) ਦੇ ਧਿਆ ਸਤਵੇਂ ਤੋਂ ਬਾਦ ਅਠਵੇਂ ਧਿਆ ਦੇ ਅਖੀਰ ਤੇ ਹੈ, ਬਾਕੀ

Digitized by Panjab Digital Library | www.panjabdigilib.org

ਦੁਰਗਾ ਸਪਤ ਸਤੀ ਦੇ ਉਪ੍ਰੋਕਤ ਧਿਆ ੧੧ ਵਿਚ ਦੇਵਤੇ ਇਹ ਤਾਂ ਵਰ ਹੀ ਨਹੀਂ ਮੰਗ ਰਹੇ ਕਿ ਅਸੀਂ ਜੰਗ ਵਿਚ ਜਾ ਕੇ ਲੜੀਏ ਤੇ ਨਾਂ ਡਰੀਏ ਤੇ ਆਪਨੀ ਜੀਤ ਕਰੀਏ, ਕਿੰਤੂ ਉਹ ਤਾਂ ਕਹਿੰਦੇ ਹਨ ਕਿ ਜਿਵੇਂ ਆਪ ਨੇ ਆ ਕੇ ਅਸੁਰਾਂ ਦਾ ਬਧ ਕਰਕੇ ਸਾਡੀ ਸਹਾਇਤਾ ਕੀਤੀ ਹੈ ਤਿਵੇਂ ਸਾਡੀ ਆਪ ਹਮੇਸ਼ਾ ਆ ਕੇ ਰਖਿਆ ਕਰੋ, ਤਾਂ ਉਪਰੋਕਤ ਸਵਯੇ ਵਿਚ ਦੇਵਤਿਆਂ ਵਲੋਂ ਵਰ ਮੰਗਿਆ ਹੋਯਾ ਇਹ ਟੀਕਾ ਕਿਵੇਂ ਮੰਨਿਆਂ ਜਾ ਸਕਦਾ ਹੈ।

ਤਥਾ ਸ੍ਰੀ ਗੁਰੂ ਜੀ ਇਸ ਸਵਯੇ ਦੀ ਅੰਤਲੀ ਤੁਕ ਵਿਚ, ਅਤ ਹੀ ਰਣ ਮੈ ਤਬ ਜੂਝ ਮਰੋ' ਆਦਕ ਵਾਕ ਦੁਆਰਾ ਜੁਧ ਵਿੱਚ ਲੜ ਕੇ ਹੀ ਮਰਾਂ ਆਦਕ ਵਰ ਮੰਗ ਰਹੇ ਹਨ, ਔਰ ਦੁਰਗਾ ਸਪਸਤੀ ਦੇ ਧਿ: ੧੧ ਵਿੱਚ ਉਪਰੋਕਤ ਦੇਵਤੇ ਕਹਿੰਦੇ ਹਨ ਕਿ ਜਿਵੇਂ ਰਾਖਸ਼ਾਂ ਨੂੰ ਮਾਰ ਕੇ ਸਾਡੀ ਪਾਲਨਾ ਕੀਤੀ ਹੈ ਤਿਵੇਂ ਸਾਡੀ ਹਮੇਸ਼ਾ ਹੀ ਸ਼ਤਰੂ ਭੈ ਸੇ ਰਖਿਆ ਕਰੋ, ਤਾਂ ਇਸ ਸਵਯੇ ਵਿਚ ਉਪਰੋਕਤ ਦੇਵਤਿਆਂ ਦਾ ਵਰ ਮੰਗਿਆ ਹੋਇਆ ਹੈ ਅਰਥ ਕਿਵੇਂ ਸਿਧ ਹੋ ਗਿਆ, ਔਰ ਇਸ ਸਵਯੇ ਦੀ ਤੀਜੀ ਤੁਕ—ਅਰੁ ਸਿਖ ਹੌਂ ਆਪਨੇ ਹੀ ਮਨ ਕੋ ਇਹ ਲਾਲਚ ਹਉ ਗੁਨ ਤਉ ਉਚਰੋਂ ॥ ਦਾ ਅਰਥ ਉਪਰੋਕਤ ਸ੍ਰੀ ਭਾਗ ਮਲ ਜੀ ਨੇ ਗੁਰਮਤ ਦਰਸ਼ਨ ਦੇ ਸਫਾ ੮੩ ਤੇ ਗਰਬ ਗੰਜਨੀ, ਦੇ ਪ੍ਰਮਾਣਾਂ ਵਿਚ ਲਿਖਿਆ ਹੈ ਕਿ 'ਮਨ ਨਾਮ ਗੁਰ ਕੋ ਹੈ' ਇਸ ਅਰਥ ਅਨੁਸਾਰ ਸ੍ਰੀ ਭਾਗ ਮਲ ਜੀ ਦਾ ਇਹ ਕਥਨ ਕਿ ਦੇਵੀ ਉਸਤਤੀ ਕਰਨ ਵਾਲੇ ਅਤੇ ਦੇਵੀ ਕੋਲੋਂ ਵਰ ਮੰਗਣ ਵਾਲੇ ਇੰਦ੍ਰਾਦਿਕ ਦੇਵਤੇ ਹਨ

Digitized by Panjab Digital Library | www.panjabdigilib.org

ਖੰਡਨ ਹੋ ਜਾਂਦਾ ਹੈ। ਕਿਉਂਕਿ ਜਦ ਉਪਰੋਕਤ ਮੰਨਦੇ ਹਨ ਕਿ, ਮਨ ਨਾਮ ਗੁਰੂ ਕਾ ਹੈ ਭਾਵ ਸ੍ਰੀ ਦਸਮੇਸ਼ ਜੀ ਕਹਿੰਦੇ ਹਨ ਕਿ, ਮੈਂ ਆਪਣੇ (ਮਨ) ਗੁਰੂ ਦਾ ਹੀ ਸਿਖ ਹਾਂ। ਹੋਰ ਕਿਸੇ ਦੇਵੀ ਦੇਵਤਿਆਂ ਦਾ ਨਹੀਂ ਤਾਂ ਇਸ ਸਵਯੇ ਵਿਚ ਕਥਨ ਇੰਦ੍ਰਾਦਿਕ ਦੇਵਤਿਆਂ ਵਲੋਂ ਕਿਵੇਂ ਬਣ ਸਕਦਾ ਹੈ, ਫਿਰ ਤਾਂ ਇਸ ਸਵਯੇ ਵਿਚ ਕਥਨ ਸ੍ਰੀ ਦਸਮੇਸ਼ ਜੀ ਵਲੋਂ ਹੀ ਸਿਧ ਹੋ ਗਿਆ।

ਬਾਕੀ ਇਥੇ, ਮਨ ਦਾ ਅਰਥ ਗੁਰੂ ਕਰਨਾ ਪ੍ਰਕਰਨ ਦੇ ਵਿਰੁਧ ਹੈ ਕਿਉਂਕਿ ਇਸ ਤੁਕ ਵਿਚ ਲਿਖਿਆ ਹੈ ਕਿ, ਇਹ ਲਾਲਚ ਹਉ ਗੁਨ ਤਉ ਉਚਰੋਂ ॥ ਕਿ ਇਸ ਲਾਲਸਾ ਕਰਕੇ ਮੈਂ ਤੁਹਾਡੇ ਗੁਣ ਉਚਾਰ ਰਿਹਾ ਹਾਂ, ਜੇਕਰ ਇਸ ਚੰਡੀ ਚਰਿਤ੍ਰ (੧) ਵਿਚ ਨੌ ਗੁਰੂ ਸਾਹਿਬਾਂ ਵਿਚੋਂ ਕਿਸੇ ਗੁਰੂ ਦੇ ਗੁਣ ਗਾਏ ਹੋਏ ਹੁੰਦੇ ਜਾਂ ਇਸ ਚੰਡੀ ਚਰਿਤ੍ਰ ਤੋਂ ਪਿਛੋਂ ਚੰਡੀ ਚਰਿਤ੍ਰ (੨) ਵਿਚ ਕਿਸੇ ਗੁਰੂ ਸਾਹਿਬਾਂ ਦੇ ਗੁਨ ਗਾਏ ਹੋਇ ਮਿਲਦੇ ਤਾਂ ਇਹ ਅਰਥ ਪ੍ਰਕਰਨ ਅਨੁਸਾਰ ਹੋ ਸਕਦਾ ਸੀ ਕਿ ਮੈਂ ਆਪਣੇ ਗੁਰੂ ਦਾ ਸਿਖ ਹਾਂ ਇਸ ਲਾਲਸਾ ਕਰਕੇ ਹੀ ਮੈਂ ਹੇ ਗੁਰੂ ਜੀ ਤੁਹਾਡੇ ਗੁਣ (ਇਨ੍ਹਾਂ ਚੰਡੀ ਚਰਿਤ੍ਰਾਂ ਵਿਚ) ਉਚਾਰ ਰਿਹਾ ਹਾਂ ਪ੍ਰੰਤੂ ਇਹ ਸਵਯਾ ਹੈ ਚੰਡੀ ਚਰਿਤ੍ਰ (੧) ਧਿਆ ੮ ਵਿਚ ਔਰ ਚੰਡੀ ਚਰਿਤ੍ਰ (੧) ਵਿਚ ਵੀ ਗੁਣ ਸਾਰੇ ਦੇਵੀ ਦੇ ਹੀ ਕਥਨ ਕੀਤੇ ਹੋਇ ਹਨ ਤੇ ਚੰਡੀ ਚਰਿਤ੍ਰ (੨) ਵਿਚ ਵੀ ਗੁਣ ਦੇਵੀ ਦੇ ਹੀ ਵਰਨਨ ਕੀਤੇ ਹੋਇ ਮਿਲਦੇ ਹਨ ਤਾਂ ਫਿਰ ਅਗਲੇ ਪਿਛਲੇ ਪ੍ਰਕਰਨ ਵਿਰੁਧ ਇਥੇ ਅਰਥ ਕਿਵੇਂ ਕੀਤਾ ਜਾਵੇ ਕਿ ਮੈਂ ਸਿਖ ਆਪਣੇ ਗੁਰੂ ਦਾ ਹਾਂ,

Digitized by Panjab Digital Library | www.panjabdigilib.org

ਪ੍ਰਕਰਨ ਅਨੁਸਾਰ ਅਰਥ ਇਥੇ ਇਹ ਹੋ ਸਕਦਾ ਕਿ, ਮੈਂ ਆਪਣੇ ਮਨ ਕਰਕੇ ਹੀ ਹੇ ਦੇਵੀ ਤੇਰਾ ਸਿਖ (ਸੇਵਕ) ਹਾਂ ਇਸ ਲਾਲਸਾ ਕਰਕੇ ਹੀ ਮੈਂ ਤੁਹਾਡੇ ਗੁਣ (ਪਹਿਲੇ ਚੰਡੀ ਚਰਿਤ੍ਰ ਅਤੇ ਦੂਜੇ ਚੰਡੀ ਚਰਿਤ੍ਰ ਵਿਚ) ਉਚਾਰ ਰਿਹਾ ਹਾਂ ਤਥਾ ਜੇਕਰ ਮਨ, ਦਾ ਅਰਥ ਇਥੇ ਗੁਰੂ ਕੀਤਾ ਜਾਵੇ ਤਾਂ ਇਸ ਸਵਯੇ ਦੀ ਪਹਿਲੀ ਤੁਕ ਵਿਚ, ਦੇਹ ਸਿਵਾ ਵਰ ਮੋਹਿ ਇਹੈ, ਵਿਚੋਂ ਸਿਵਾ ਦਾ ਅਰਥ ਕੀ ਕੀਤਾ ਜਾ ਸਕੇਗਾ ਕਿਉਂਕਿ ਸ੍ਰੀ ਦਸਮੇਸ਼ ਜੀ ਜੇਕਰ ਦੇਵੀ ਦੇ ਸਿਖ ਨਹੀਂ ਆਪਣੇ ਗੁਰੂ ਜੀ ਦੇ ਸਿਖ ਹਨ ਇਥੇ ਅਰਥ ਕਰੀਏ ਤਾਂ, ਦੇਹ ਸਿਵਾ ਵਰ ਮੋਹਿ ਇਹੈ, ਵਾਕ ਵਿਚੋਂ, ਸਿਵਾ, ਦਾ ਅਰਥ ਵੀ ਦੇਵੀ ਨਹੀਂ ਕੀਤਾ ਜਾ ਸਕਦਾ ਫਿਰ ਸਿਵਾ ਦਾ ਅਰਥ ਵੀ ਗੁਰੂ ਹੀ ਕਰਨਾ ਚਾਹੀਦਾ ਹੈ, ਪਰ ਹੋ ਨਹੀਂ ਸਕਦਾ, ਕਿਉਂਕਿ ਸ਼ਿਵਾ, ਸ਼ਿਵਜੀ ਦੇ ਘਰ ਵਾਲੀ ਨੂੰ ਕਿਹਾ ਜਾਂਦਾ ਹੈ ਜਿਵੇਂ, ਬਸੇ ਸ਼ਿਵਾ ਵਾਮੇ ਅੰਗ, ਵੈਰਾਗ ਸ਼ਤਕ ਧਿਆ ੧੩ ਅਤੇ ਇਕ ਪਾਸੇ ਸ੍ਰੀ ਭਾਗ ਮਲ ਜੀ ਇਹ ਅਰਥ ਕਰਦੇ ਹਨ ਕਿ ਇਸ ਸਵਯੇ ਵਿਚ ਦੇਵੀ ਕੋਲੋਂ ਵਰ ਮੰਗਨ ਵਾਲੇ ਦੇਵਤੇ ਹਨ ਜੇਕਰ ਸਿਵਾ ਦਾ ਅਰਥ ਗੁਰੂ ਕਰੀਏ ਤਾਂ ਦੇਵੀ ਕੋਲੋਂ ਇੰਦ੍ਰਾਦਕ ਦੇਵਤੇ ਵਰ ਮੰਗ ਰਹੈ ਹਨ ਅਰਥ ਕਿਵੇਂ ਹੋ ਸਕੇਗਾ।

ਜੇਕਰ ਇਥੇ ਇਹ ਕਿਹਾ ਜਾਵੇ ਕਿ ਸਿਖ ਪੰਥ ਵਿਚ ਇਸ ਸਵਯੇ ਦਾ ਅਰਥ ਇਹੋ ਕੀਤਾ ਜਾਂਦਾ ਹੈ ਕਿ ਸ੍ਰੀ ਦਸਮੇਸ਼ ਜੀ, ਅਰੁ ਸਿਖ ਹੋ ਆਪਨੇ ਹੀ ਮਨ ਕੋ, ਸਿਖ ਆਪਣੇ ਗੁਰੂ ਦੇ ਹਨ ਤੇ ਸਿਵਾ = ਦੇਵੀ ਦੀ ਉਸਤਤੀ ਕਰਨ

Digitized by Panjab Digital Library | www.panjabdigilib.org

ਵਾਲੇ ਤੇ ਵਰ ਮੰਗਣ ਵਾਲੇ ਮੂਲ ਸੰਸਕ੍ਰਿਤ ਗ੍ਰੰਥ ਵਿਚੋਂ ਇੰਦ੍ਰਾਦਕ ਦੇਵਤੇ ਹਨ, ਸ੍ਰੀ ਗੁਰੂ ਜੀ ਦੇਵੀ ਕੋਲੋਂ ਵਰ ਮੰਗਣ ਵਾਲੇ ਨਹੀਂ, ਕੇਵਲ ਟੀਕਾ ਕਾਰ ਹਨ ਇਸ ਲਈ ਜੁਮੇਵਾਰ ਨਹੀਂ ਹਨ ਤਾਂ ਸਿਖ ਪੰਥ ਦੇ ਪੰਡਤ ਗਿਆਨੀ ਨਰੈਣ ਸਿੰਘ ਜੀ ਅਤੇ ਖਾਲਸਾ ਕਾਲਜ ਅੰਮ੍ਰਿਤਸਰ ਦੇ ਗਿਆਨੀ ਬਿਸ਼ਨ ਸਿੰਘ ਜੀ ਇਸ ਸਵਯੇ ਦੇ ਅਰਥ ਵਿਚ ਚਾਹੇ ਸ੍ਰੀ ਗੁਰੂ ਜੀ ਨੂੰ ਸ੍ਰੀ ਦੇਵੀ ਕੋਲੋਂ ਵਰ ਮੰਗਨ ਵਾਲੇ ਸਿਧ ਨਹੀਂ ਕਰ ਰਹੇ ਪ੍ਰੰਤੂ ਇਸ ਸਵਯੇ ਦੇ ਅਰਥ ਵਿਚ ਦੇਵੀ ਕੋਲੋਂ ਇੰਦ੍ਰਾਦਕ ਦੇਵਤੇ ਵਰ ਮੰਗਨ ਵਾਲੇ ਹਨ ਇਹ ਅਰਥ ਵੀ ਉਨ੍ਹਾਂ ਨਹੀਂ ਲਿਖਿਆ ਬਲਕਿ ਇਸ ਸਵਯੇ ਦੇ ਅਰਥ ਵਿਚ ਸ੍ਰੀ ਪੰਡਤ ਗਿਆਨੀ ਨਰੈਣ ਸਿੰਘ ਜੀ ਆਪਣੇ ਦਸਮ ਗੁਰੂ ਗ੍ਰੰਥ ਸਾਹਿਬ ਸਟੀਕ ਭਾਗ ੨ ਵਿਚ ਲਿਖਦੇ ਹਨ ਕਿ, ਹੇ ਸ਼ਕਤੀ ਮੈਨੂੰ ਇਹੋ ਵਰ ਦੇਹੁ (ਜੋ) ਨੇਕ ਕੰਮਾਂ ਤੋਂ (ਮੈਂ) ਕਦੇ ਭੀ ਪਿਛੇ ਨਾ ਹਟਾਂ ਅਤੇ ਸ੍ਰੀ ਮਾਨ ਗਿਆਨੀ ਬਿਸ਼ਨ ਸਿੰਘ ਜੀ ਨੇ ਆਪਣੇ ਰਚੇ ਦਸਮ ਗੁਰੂ ਗ੍ਰੰਥ ਸਾਹਿਬ ਜੀ ਦੇ ਟੀਕੇ ਦੀ ਪੋਥੀ ਦੂਜੀ ਸੰ: ਬਿ: ੧੯੯੮ ਦੀ ਛਪੀ ਦੇ ਸਫਾ ੬੮ ਤੇ ਇਸ ਸਵਯੇ ਦੇ ਅਰਥ ਵਿਚ ਲਿਖਿਆ ਹੈ ਕਿ ਹੇ ਪ੍ਰਮੇਸ਼ਰ ਦੀ ਸ਼ਕਤੀ ਮੈਨੂੰ ਇਹ ਵਰ ਦੇਹ ਜੋ ਮੈਂ ਚੰਗਿਆਂ ਕੰਮਾਂ ਤੋਂ ਕਦੀਂ ਨਾ ਟਲਾਂ, ਤਾਂਤੇ ਸਿਖ ਪੰਥ ਦੇ ਇਨ੍ਹਾਂ ਦੋਂਹ ਗਿਆਨੀਆਂ ਦੇ ਕੀਤੇ ਅਰਥਾਂ ਵਿਚੋਂ ਸਿਧ ਹੁੰਦਾ ਹੈ ਕਿ ਇਸ ਸਵਯੇ ਵਿਚ ਸ੍ਰੀ ਦਸਮੇਸ਼ ਜੀ ਹੀ ਪ੍ਰਮਾਤਮਾਂ ਦੀ ਸ਼ਕਤੀ ਕੋਲੋਂ ਵਰ ਮੰਗ ਰਹੇ ਹਨ, ਕੋਈ ਇੰਦ੍ਰਾਦਿਕ ਦੇਵਤੇ ਨਹੀਂ।

ਅਤੇ ਇਸ ਅਰਥ ਅਨੁਸਾਰ ਸ੍ਰੀ ਗੁਰੂ ਜੀ ਇਸ

Digitized by Panjab Digital Library | www.panjabdigilib.org

ਸਵਯੇ ਦੀ ਤੀਜੀ ਤੁਕ ਵਿਚ ਸਿਖ ਉਸੇ ਪ੍ਰਮਾਤਮਾਂ ਦੀ ਸ਼ਕਤੀ ਦੇ ਹੀ ਹਨ ਅਰਥ ਹੋਣਾ ਚਾਹੀਦਾ ਹੈ ਜਿਸ ਲਾਲਸਾ ਕਰਕੇ ਗੁਣ ਉਚਾਰਨ ਦਾ ਸੰਕੇਤ ਕਰ ਰਹੇ ਹਨ ਔਰ ਗੁਣ ਇਸ ਸਵਯੇ ਤੋਂ ਪਹਿਲ਼ੇ ਚੰਡੀ ਚਰਿਤ੍ਰ ਵਿਚ ਸ੍ਰੀ ਦੇਵੀ ਦੇ ਹੀ ਵਰਨਨ ਕੀਤੇ ਮਿਲਦੇ ਹਨ ਤੇ ਪਿਛੋਂ ਦੂਜੇ ਚੰਡੀ ਚਰਿਤ੍ਰ ਵਿਚ ਵੀ ਸ੍ਰੀ ਦੇਵੀ ਜੀ ਦੀ ਹੀ ਮਹਿਮਾਂ ਕੀਤੀ ਹੋਈ ਮਿਲਦੀ ਹੈ, ਤਾਂ ਫਿਰ ਅਰਥ ਇਹ ਸਿਧ ਹੁੰਦਾ ਹੈ ਕਿ ਸ੍ਰੀ ਦੇਵੀ ਜੀ ਨੂੰ ਹੀ ਸ੍ਰੀ ਦਸਮੇਸ਼ ਜੀ ਪ੍ਰਮਾਤਮਾਂ ਦੀ ਸ਼ਕਤੀ ਮੰਨਦੇ ਸਨ ਜਿਸ ਕੋਲੋਂ ਉਪ੍ਰੋਕਤ ਵਰ ਮੰਗ ਰਹੇ ਹਨ ਤਾਂਤੇ ਸ੍ਰੀ ਭਾਗ ਮਲ ਜੀ ਦਾ ਅਰਥ ਕਿਸੇ ਵੀ ਤਰੀਕੇ ਸੇ ਠੀਕ ਨਹੀਂ ਜਚਦਾ।

ਤਥਾ:—ਸ੍ਰੀ ਭਾਲ ਜੀ ਦਾ ਇਹ ਹਠ ਕਿ ਸ੍ਰੀ ਗੁਰੂ ਜੀ ਨੇ ਟੀਕਾ ਹੀ ਕੀਤਾ ਹੈ ਇਸ ਲਈ ਜੁਮੇਵਾਰ ਨਹੀਂ ਹਨ, ਜੇ ਕਦੀ ਇੰਜ ਵੀ ਇਕ ਮਿੰਟ ਮੰਨ ਲਈਏ ਤਾਂ ਵੀ ਟੀਕਾ ਕਾਰ ਜੋ ਹੁੰਦੇ ਹਨ ਉਹ ਆਪਣੇ ਖਿਆਲਾਂ ਦੇ ਮੁਤਾਬਕ ਹੀ ਟੀਕਾ ਕਰਦੇ ਹਨ ਜਿਵੇਂ ਕਿਸੇ ਆਰਯਾ ਸਮਾਜੀ ਦੇ ਕੀਤੇ ਸ੍ਰੀ ਗੀਤਾ ਜੀ ਦੇ ਟੀਕੇ ਵਿਚ ਸਿਧਾਂਤ ਆਰਯਾ ਸਮਾਜ ਨਾਲ ਮਿਲਦੇ, ਤੇ ਕਿਸੇ ਸਨਾਤਨੀ ਦੇ ਕੀਤੇ ਗੀਤਾ ਦੇ ਟੀਕੇ ਵਿਚੋਂ ਸਿਧਾਂਤ ਸਨਾਤਨ ਨਾਲ ਮਿਲਦੇ ਅਤੇ ਕਿਸੇ ਮੁਸਲਮਾਨ ਦੇ ਕੀਤੇ ਟੀਕੇ ਵਿਚੋਂ ਸਿਧਾਂਤ ਮੁਸਲਮਾਨਾਂ ਨਾਲ ਮਿਲਦੇ ਪਰ੍ਹਨ ਵਿਚ ਆਉਂਦੇ ਹਨ ਇਸ ਲਈ ਟੀਕੇ ਵਿਚ ਵਰਨਨ ਕੀਤੇ ਹੋਇ ਸਿਧਾਂਤਾਂ ਦੀ ਜੁਮੇਵਾਰੀ ਟੀਕਾ ਕਾਰ ਦੀ ਹੀ ਸਿਧ ਹੋ ਜਾਂਦੀ ਹੈ ਤਾਂਤੇ ਸ੍ਰੀ ਗੁਰੂ ਜੀ ਜੁਮੇਵਾਰ ਕਿਵੇਂ ਨਹੀਂ ਹੋ ਸਕਦੇ।

Digitized by Panjab Digital Library | www.panjabdigilib.org

ਅਤੇ ਚੰਡੀ ਚਰਿਤ੍ਰ ਦੂਜੇ ਦੇ ਕਿਸੇ ਧਿਆ ਦੀ ਸ਼ਮਾਪਤੀ ਵਿਚ ਇਤਿ ਸ੍ਰੀ ਮਾਰਕੰਡੇ ਪੁਰਾਣੇ ਆਦਕ ਨਹੀਂ ਲਿਖਿਆ ਇਸ ਲਈ ਉਹ ਮਾਰਕੰਡੇ ਪੁਰਾਣ ਵਿਚੋਂ ਟੀਕਾ ਨਹੀਂ ਸਿਧ ਹੁੰਦਾ ਕਿੰਤੂ ਉਸੇ ਦੇ ਧਿਆ ੭ ਵਿਚ ਸ੍ਰੀ ਦਸਮੇਸ਼ ਜੀ ਨੇ ਅਨੇਕ ਵਾਕਾਂ ਦੁਆਰਾ ਸ੍ਰੀ ਦੇਵੀ ਨੂੰ ਨਮਸਕਾਰ ਕੀਤੀ ਹੈ। ਯਥਾ: ਨਮੋ ਜੋਗ ਜਵਾਲੰ ਧਰਯੰ ਜੁਆਲੰ। ਨਮੋ ਸੁੰਭ ਹੰਤੀ ਨਮੋ ਕਰੂਰ ਕਾਲੰ। ਨਮੋ ਸਰੋਣ ਬੀਰ ਜਾਰ ਦਰਨੀ ਧੂਮਰ ਹੰਤੀ। ਨਮੋ ਕਾਲਕਾ ਰੂਪ ਜੁਆਲਾ ਜਯੰਤੀ। ਛੰਦ ੪ ਕਵਿਤਾ ਅੰਕ ੨੨੩।

ਤਥਾ ਇਸੇ ਚੰਡੀ ਚਰਿਤ੍ਰ ਦੂਜੇ ਦੇ ਧਿਆ ੮ ਦੀ ਸਮਾਪਤੀ ਵਿਚ ਸ਼ਿਰੀ ਦੇਵੀ ਬਾਬਤ ਲਿਖਿਆ ਹੈ ਕਿ— ਜੇ ਜੇ ਤੁਮਰੇ ਧਿਆਨ ਕੋ ਨਿਤ ਉਠਿ ਧਿਐਹੈਂ ਸੰਤ। ਅੰਤ ਲਹੈਗੇ ਮੁਕਤਿ ਫਲੁ ਪਾਵਹਿਗੇ ਭਗਵੰਤ। ਔਰ ਦਸਮ ਗੁਰੂ ਗਰੰਥ ਸਾਹਿਬ ਜੀ ਵਿਚ ਕ੍ਰਿਸ਼ਨ ਅਵਤਾਰ ਦੇ ਛੰਦ ੪੨੧ ਤੋਂ ਲੈ ਕੇ ੪੪੦ ਤਕ ਵੀਹ ਛੰਦਾਂ ਵਿਚ ਸਿਰੀ ਦੇਵੀ ਜੀ ਦੀ ਉਸਤਤੀ ਲਿਖੀ ਹੋਈ ਹੈ ਕਿੰਤੂ ਕ੍ਰਿਸ਼ਨ ਅਵਤਾਰ ਦੇ ਛੰਦਾਂ ਨੂੰ ਦੁਰਗਾ ਪੁਸ਼ਪਾਂਜਲੀ, ਦੁਰਗਾ ਸਪਤ ਸਤੀ ਆਦਕ ਦਾ ਟੀਕਾ ਹੈ, ਨਹੀਂ ਕਹਿ ਸਕਦੇ।

ਤਥਾ ਦਸਮ ਗੁਰੂ ਗਰੰਥ ਸਾਹਿਬ ਜੀ ਵਿਚ ਵਾਰ ਸ੍ਰੀ ਭਗਉਤੀ ਜੀ ਕੀ ਪਾਤਸ਼ਾਹੀ ੧੦ ਪ੍ਰਿਥਮ ਭਗੌਤੀ ਸਿਮਰ ਕੈ ਗੁਰ ਨਾਨਕ ਲਈ ਧਿਆਇ। ਆਦਕ ਇਸ ਪਹਿਲੀ ਪੌੜੀ ਵਿਚ ਵੀ ਸ੍ਰੀ ਦਸਮੇਸ਼ ਜੀ ਫੁਰਮਾ ਰਹੇ ਹਨ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਨੌ ਗੁਰੂ ਸਾਹਿਬਾਂ ਪ੍ਰਯੰਤ ਸ੍ਰੀ

Digitized by Panjab Digital Library | www.panjabdigilib.org

ਭਗਵਤੀ ਦੇਵੀ ਨੂੰ ਸਿਮਰਿਆ ਹੈ ਕਿੰਤੂ ਇਸ ਪੌੜੀ ਨੂੰ ਸ੍ਰੀ ਭਾਗ ਮਲ ਜੀ ਕਿਸੇ ਵੀ ਮੂਲ ਸੰਸਕ੍ਰਿਤ ਗਰੰਥ ਦਾ ਟੀਕਾ ਨਹੀਂ ਕਹਿ ਸਕਦੇ, ਬਲਕਿ ਦਸਮ ਗੁਰੂ ਗਰੰਥ ਸਾਹਿਬ ਜੀ ਵਿਚ ਸ੍ਰੀ ਅਕਾਲ ਉਸਤਤਿ ਵਿੱਚ ਸ੍ਰੀ ਦਸਮੇਸ਼ ਜੀ ਅਠਾਂ ਭੁਜਾਂ ਵਾਲੀ ਕੀ ਜੈ ਹੋਵੇ ਇੰਜ ਕਰਕੇ ਦੇਵੀ ਦੀ ਉਪਮਾਂ ਲਿਖ ਰਹੇ ਹਨ, ਯਥਾ:–ਕਰਮ ਪ੍ਰਣਾਸਨ ਚੰਦ ਪ੍ਰਕਾਸਨ ਸੂਰਜ ਪ੍ਰਤੇਜਨ ਅਸਟ ਭੁਜੇ, ਜੈ ਜੈ ਹੋਸੀ ਮਹਖਾਸੁਰ ਮਰਦਨ ਭਰਮ ਬਿਨਾਸਨ ਧਰਮ ਧੁਜੇ, ਛੰਦ ੭ ਕਵਿਤਾ ਅੰਕ ੨੧੭ ।

**(੧੭) ਪ੍ਰਸ਼ਨ**--ਗੁਰਮਤ ਦਰਸ਼ਨ ਦੇ ਸਫਾ ੧੫-੧੬ ਤੇ ਲਿਖਿਆ ਹੈ ਕਿ ਉਪ੍ਰੋਕਤ ਕ੍ਰਿਸ਼ਨ ਅਵਤਾਰ ਦੇ ਛੰਦ ੪੨੧ ਜੋ ਚਾਰ ਸੌ ਇਕੀਵੇਂ ਛੰਦ ਦੇ ਆਦਿ ਵਿਚ, ਅਥ ਦੇਵੀ ਜੂ ਕੀ ਉਸਤਤਿ ਕਥਨੰ, ਵਾਲਾ ਸਿਰ ਲੇਖ ਹੈ ਇਹ ਦੋ ਸੌ ਬਿਆਸੀਵੇਂ ਛੰਦ ਦੇ ਆਦਿ ਵਿਚ ਹੋਣਾ ਚਾਹੀਦਾ ਸੀ, ਜੇੜ੍ਹਾ ਦੋ ਸੌ ਚੁਰਾਸੀਵੇਂ ਛੰਦ ਦਾ, ਦੈਤਨ ਕੀ ਮ੍ਰਿਤ ਸਾਧ, ਆਦਿ ਪਾਠ ਹੈ ਇਥੋਂ ਚਾਰ ਸੌ ਇਕੀਵੇਂ ਛੰਦ ਵਾਲਾ, ਤੂਹੀ ਅਸਤ੍ਰਣੀ ਸ਼ਸਤ੍ਰਣੀ ਆਦਕ ਪਾਠ ਅਰੰਭ ਹੋਕੇ ਚਾਰ ਸੌ ਬਤੀਵੇਂ ਛੰਦ, ਤੁਮ ਹੀ ਰਾਮ ਹ੍ਵੈ ਕੇ ਦਸਾ ਗ੍ਰੀਵ ਖੰਡਯੋ ਵਾਲੇ ਪਾਠ ਤਕ ਇਹ ਬਾਰਾਂ ਛੰਦ ਇਥੇ ਲਿਖੇ ਜਾਣੇ ਸਨ, ਦੋ ਸੌ ਸਤਾਸੀਵੇਂ ਛੰਦ ਵਿਚ ਜਿਥੇ, ਤੋਹੀ ਕੋ ਸੁਨੈ ਹੈ ਜਾਪ ਆਦਿ ਪਾਠ ਹੈ ਇਸ ਤੋਂ ਅਗੋ ਇਤਿ ਸ੍ਰੀ ਦੇਵੀ ਜੂ ਕੀ ਉਸਤਤਿ ਸਮਾਪਤਿ, ਲਿਖੀ ਜਾਣੀ ਸੀ–ਅਗੇ ਗੁਰਮਤ ਦਰਸ਼ਨ ਸਫਾ ੨੧ ਤੇ ਲਿਖਿਆ ਹੈ ਕਿ ਤਾਂਤੇ ਦਸਮ ਗ੍ਰੰਥ ਵਿਚ ਕ੍ਰਿਸ਼ਨ

Digitized by Panjab Digital Library | www.panjabdigilib.org

ਅਵਤਾਰ ਦੀ ਕਥਾ ਉਤੇ ਦੱਸੇ ਅਨੁਸਾਰ ਸਿਰੀ ਮਦ ਭਾਗਵਤ ਦੇ ਦਸਵੇਂ ਸਕੰਧ ਦਾ ਟੀਕਾ ਹੈ ਇਸ ਲਈ ਕ੍ਰਿਸ਼ਨਾਵਤਾਰੇ ਛੰਦਾਂ ਵਿਚ, ਤੁਹੀ ਅਸਤ੍ਰਣੀ ਸ਼ਸ਼ਤ੍ਰਣੀ, ਆਦਕ ਜੋ ਦੇਵੀ ਉਸਤਤੀ ਹੈ ਉਹ ਮੂਲ ਪਾਠ ਦੇ ਪ੍ਰਕਰਣ ਅਨੁਸਾਰ ਕ੍ਰਿਸ਼ਨ ਜੀ ਨੂੰ ਪਤੀ ਬਣਾਨ ਲਈ ਦੇਵੀ ਕੋਲੋਂ ਵਰ ਮੰਗਣ ਵੇਲੇ ਗੋਪੀਆਂ ਵਲੋਂ ਹੈ, ਸ੍ਰੀ ਗੁਰੂ ਜੀ ਤਾਂ ਉਸ ਮੂਲ ਪਾਠ ਦਾ ਟੀਕਾ ਕਰ ਰਹੇ ਹਨ ਜਿਸ ਕਰਕੇ ਦੇਵੀ ਉਸਤਤੀ ਦੀ ਜਿਮੇਵਾਰੀ ਗੋਪੀਆਂ ਜਾ ਭਾਗਵਤ ਦੇ ਕਰਤਾ ਦੀ ਹੈ।

**ਉਤਰ**--ਇਸਦਾ ਵਿਸ਼ੇਸ਼ ਰੂਪ ਕਰਕੇ ਉਤਰ ਅਗੇ ਗੁਰਮਤ ਵਿਚਾਰ ਸੂਰਜ ਦੇ ਸਫ਼ਾ ੩੬ ਤੋਂ ੪੮ ਸਫੇ ਤਕ ਦਿਤਾ ਜਾ ਚੁਕਾ ਹੋਇਆ ਹੈ, ਪਰ ਤਾਂ ਵੀ ਇਥੇ ਪ੍ਰਸ਼ਨ ਹੁੰਦਾ ਹੈ ਕਿ ਉਪ੍ਰੋਕਤ ਗੁਰਮਤ ਦਰਸ਼ਨ ਦੇ ਕਰਤਾ ਸ੍ਰੀ ਭਾਗ ਮਲ ਜੀ ਨੇ ਦਸਮ ਗੁਰੂ ਗ੍ਰੰਥ ਸਾਹਿਬ ਜੀ ਦੀ ਕੇੜ੍ਹੀ ਬੀੜ ਵਿਚੋਂ ਨੋਟ ਕਰਕੇ ਇਹ ਵੇਰਵਾ ਲਿਖਿਆ ਹੈ ਕਿ ਇਹ ਸਿਰ ਲੇਖ ਦੋ ਸੌ ਬਿਅਸੀਵੇਂ ਛੰਦ ਦੇ ਆਦਿ ਵਿਚ ਹੋਣਾ ਚਾਹੀਦਾ ਸੀ ਤੇ ਇਹ ਛੰਦ ਫਲਾਨੀ ਥਾਂ ਤੇ ਲਿਖੇ ਜਾਣੇ ਚਾਹੀਦੇ ਸਨ ਆਦਕ ਕਿਉਂਕਿ ਦਸਮ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਮੁਖ ਬੀੜਾਂ ਸ੍ਰੀ ਮਾਨ ਭਾਈ ਮਨੀ ਸਿੰਘ ਜੀ ਵਾਲੀ ਅਤੇ ਸ੍ਰੀ ਮਾਨ ਬਾਬਾ ਦੀਪ ਸਿੰਘ ਜੀ ਵਾਲੀ, ਆਦਕ ਹੀ ਮੰਨੀਆਂ ਜਾਂਦੀਆਂ ਹਨ ਉਨ੍ਹਾਂ ਵਿਚ ਉਪ੍ਰੋਕਤ ਸ੍ਰੀ ਭਾਗ ਮਲ ਜੀ ਦੇ ਲਿਖੇ ਅਨੁਸਾਰ ਪਾਠ ਨਹੀਂ ਲਿਖਿਆ ਹੋਇਆ ਤਾਂ ਸ੍ਰੀ ਭਾਗ ਮਲ ਜੀ ਨੇ

Digitized by Panjab Digital Library | www.panjabdigilib.org

ਕੇੜ੍ਹੀ ਬੀੜ ਵਿਚੋਂ ਇਹ ਵੇਰਵਾ ਨੋਟ ਕਰਕੇ ਇਥੇ ਲਿਖਿਆ ਹੈ।

ਬਲਕਿ ਇਕ ਛੋਟੇ ਸਾਈਜ਼ ਦੀਬੀੜ ਦਸਮ ਗ੍ਰੁਰੂ ਗ੍ਰੰਥ ਸਾਹਿਬ ਜੀ ਦੇ ਦਰਸ਼ਨ ਕੀਤੇ ਹਨ ਉਸਦੇ ਟਾਈਟਲ ਤੇ ਲਿਖਿਆ ਹੈ ਕਿ, ਸੋਧਕ ਕਮੇਟੀ ਵਲੋਂ ਬਹੁਤ ਸਾਰੇ ਗੁਣੀ ਗਯਾਨੀ ਅਤੇ ੩੨ ਪ੍ਰਾਚੀਨ, ਦਸਮ ਗ੍ਰੰਥ ਖੋਲ੍ਹ ਕੇ ਸੰ: ੧੯੫੨ ਵਿਖੇ ਬਹੁਤ ਮੇਹਨਤ ਨਾਲ ਸੋਧ ਕੇ ਛਾਪੇ ਗਏ, ਪ੍ਰੰਤੂ ਇਸ ਬੀੜ ਵਿਚ ਵੀ ਕ੍ਰਿਸ਼ਨ ਅਵਤਾਰ ਦੇ ਛੰਦ ੪੨੧ ਦੇ ਆਦਿ ਵਿਚ, ਅਥ ਦੇਵੀ ਜੂਕੀ ਉਸਤਤਿ ਕਥਨੰ, ਸਿਰ ਲੇਖ ਲਿਖਿਆ ਹੈ ਤੇ ਛੰਦ ੪੨੧ ਵਿਚ ਹੀ, ਤੂਹੀ ਅਸਤ੍ਰਣੀ ਸ਼ਸ਼ਤ੍ਰਣੀ ਆਪ ਰੂਪਾ, ਆਦਕ ਪਾਠ ਦੇਵੀ ਉਸਤਤੀ ਸ਼ੁਰੂ ਹੋ ਜਾਂਦੀ ਹੈ ਪਰ ਸ੍ਰੀ ਭਾਗ ਮਲ ਜੀ ਆਪਣੇ ਮਨ ਦੇ ਕਿਆਸ ਨਾਲ ਹੀ ਲਿਖੀ ਜਾਂਦੇ ਹਨ ਕਿ ਇਹ ਸਿਰ ਲੇਖ ਦੋ ਸੌ ਬਿਆਸੀਵੇਂ ਛੰਦ ਦੇ ਆਦਿ ਵਿਚ ਹੋਣਾ ਚਾਹੀਦਾ ਸੀ ਆਦਕ ਪਰ ਇੰਜ ਛੁਟਕਾਰਾ ਨਹੀਂ ਹੋ ਸਕਦਾ, ਸ੍ਰੀ ਦਸਮੇਸ਼ ਜੀ ਨੇ ਹੋਰ ਕਈ ਥਾਂਈ, ਸਿਰੀ ਦੇਵੀ ਜੀ ਅੱਗੇ ਪ੍ਰਾਰਥਨਾਂ ਅਤੇ ਉਸਤਤੀ ਕੀਤੀ ਲਿਖੀ ਹੈ ਫਿਰ ਉਥੇ ਕੀ ਕੀਤਾ ਜਾਵੇਗਾ।

ਬਾਕੀ ਸਿਰੀ ਮਾਨ ਭਾਈ ਮਨੀ ਸਿੰਘ ਜੀ ਸ੍ਰੀ ਦਸਮੇਸ਼ ਜੀ ਦੇ ਹਜ਼ੂਰੀਏ ਸਿਖ ਸਨ ਅਤੇ ਬਾਬਾ ਦੀਪ ਸਿੰਘ ਜੀ ਭੀ ਸਿਖ ਪੰਥ ਵਿਚ ਬੜੇ ਆਦਰਨੀਯ ਮੰਨੇ ਜਾਂਦੇ ਹਨ। ਉਨ੍ਹਾਂ ਦੀਆਂ ਕਾਇਮ ਕੀਤੀਆਂ ਬੀੜਾਂ ਦੇ ਉਪਰੋਕਤ ਸਿਰਲੇਖ ਤੇ ਪਾਠ ਚਾਰ ਸੌ ਇਕੀਵੇਂ ਛੰਦ ਤੋਂ ਕਟ ਕੇ ਦੋ ਸੌ ਬਿਆਸੀਵੇਂ

Digitized by Panjab Digital Library | www.panjabdigilib.org

ਆਦਕ ਛੰਦਾਂ ਵਿਚ ਲਿਖੇ ਜਾਣੇ ਸੇ ਅਸੀਂ ਸਿਰੀ ਭਾਗ ਮਲ ਜੀ ਨੂੰ ਸਿਰੀ ਮਾਨ ਭਾਈ ਮਨੀ ਸਿੰਘ ਤੇ ਬਾਬਾ ਦੀਪ ਸਿੰਘ ਜੀ ਆਦਕਾਂ ਨਾਲੋਂ ਵਡਾ ਸਮਝਦਾਰ ਨਹੀਂ ਮੰਨਦੇ ਅਤੇ ਜੇਕਰ ਕਿਹਾ ਜਾਵੇ ਕਿ ਗੁਰਮਤ ਦਰਸ਼ਨ ਦੇ ਸਫ਼ਾ ੮੭ ਤੇ ਸਿਰੀ ਭਾਗ ਮਲ ਜੀ ਨੇ ਲਿਖਿਆ ਹੈ ਕਿ, ਅਸਲ ਵਿਚ ਦੇਵੀ ਦੇ ਚੀਫ ਏਜੰਟ ਭਾਈ ਸੁਖਾ ਸਿੰਘ ਪਟਨੇ ਸਾਹਿਬ ਦੇ ਗਰੰਥੀ ਹਨ ਜਿਨ੍ਹਾਂ ਸਭ ਤੋਂ ਪਹਿਲਾਂ ਸੰਮਤ ੧੮੩੨ ਨੂੰ ਦਸਮ ਗਰੰਥ ਦੀ ਬੀੜ ਵਿਚ ਆਪਣੀ ਵਲੋਂ ਦੇਵੀ ਦੇ ਛਕੇ ਰਖੇ ਅਤੇ ਅੰਕਪਲੀ ਦੇ ਸਿਲਸਲੇ ਨੂੰ ਭੀ ਅਜੋੜ ਕੀਤਾ: ਯਬਾ: ਸੁਖਾ ਸਿੰਘ ਗ੍ਰੰਥੀ ਅਉਰ......ਪੰਥ ਪ੍ਰਕਾਸ਼। ਤਾਂ ਸ੍ਰੀ ਭਾਗ ਮਲ ਜੀ ਨੂੰ ਸਨਿਮਰ ਪਰਾਰਥਨਾ ਸੇ ਪੁਛਦੇ ਹਾਂ ਕਿ ਜਿਨ੍ਹਾਂ ਦਸਮ ਗੁਰੂ ਗਰੰਥ ਸਾਹਿਬ ਜੀ ਦੀਆਂ ਬੀੜਾਂ ਵਿਚ ਅਜ ਉਪਰੋਕਤ ਦੇਵੀ ਵਾਲੇ ਛੱਕੇ ਨਹੀਂ ਹਨ ਉਹ ਬੀੜਾਂ ਤਾਂ ਭਾਈ ਸੁਖਾ ਸਿੰਘ ਵਾਲੀਆਂ ਨਹੀਂ ਕਹੀਆਂ ਜਾ ਸਕਦੀਆਂ ਤਾਂ ਤੇ ਉਨ੍ਹਾਂ ਬੀੜਾਂ ਦੇ ਅੰਕਪਲੀ ਦੇ ਸਿਲਸਿਲੇ ਨੂੰ ਭਾਈ ਸੁਖਾ ਸਿੰਘ ਜੀ ਨੇ ਅਜੋੜ ਨਹੀਂ ਕੀਤਾ ਕਿੰਤੂ ਉਨ੍ਹਾਂ ਬੀੜਾਂ ਵਿਚ ਵੀ ਕ੍ਰਿਸ਼ਨ ਅਵਤਾਰ ਦੇ ਛੰਦਾ ੪੨੧ ਤੋਂ ਲੈ ਕੇ ਛੰਦ ੪੪੦ ਤਕ ਵੀਹ ਛੰਦਾਂ ਵਿਚ ਦੇਵੀ ਦੀ ਉਸਤਤੀ ਲਿਖੀ ਹੋਈ ਹੈ, ਜੇਕਰ ਇਥੇ ਕਿਹਾ ਜਾਵੇ ਕਿ ਉਨ੍ਹਾਂ ਬੀੜਾਂ ਵਿਚੋਂ ਦੇਵੀ ਵਾਲੇ ਛੱਕੇ ਕਿਸੇ ਸਮੇਂ ਪੰਥ ਦੇ ਆਗੂਆਂ ਨੇ ਕਢ ਦਿਤੇ ਹੋਣਗੇ, ਤਾਂ ਉਨ੍ਹਾਂ ਪੰਥ ਦੇ ਆਗੂਆਂ ਨੇ ਉਨ੍ਹਾਂ ਬੀੜਾਂ ਵਿਚ ਅੰਕਪਲੀ ਦੇ ਸਿਲਸਲੇ ਨੂੰ ਕਿਵੇਂ ਅਜੋੜ ਰਹਿਣ ਦਿਤਾ ਮੰਨਿਆਂ ਜਾ ਸਕਦਾ ਹੈ? ਇਸ ਲਈ ਭਾਈ ਸੁਖਾ ਸਿੰਘ ਵਾਲਾ ਬਹਾਨਾ

Digitized by Panjab Digital Library | www.panjabdigilib.org

ਵੀ ਕੋਈ ਅਰਥ ਨਹੀਂ ਰਖਦਾ, ਕਿਉਂਕਿ ਜਿਹੜੀ ਬੀੜ ਵਿਚ ਦੇਵੀ ਵਾਲੇ ਛੱਕੇ ਨਹੀਂ ਹਨ ਅਤੇ ਸਿਰੀ ਮਾਨ ਭਾਈ ਮਨੀ ਸਿੰਘ ਜੀ ਵਾਲੀ ਬੀੜ ਮੰਨੀ ਜਾਂਦੀ ਹੈ ਉਸ ਵਿਚ ਵੀ ਕ੍ਰਿਸ਼ਨ ਅਵਤਾਰ ਛੰਦ ੪੨੧ ਤੋਂ ਲੈ ਕੇ ਛੰਦ ੪੪੦ ਤਕ ਵੀਹਾਂ ਛੰਦਾਂ ਵਿਚ ਇਥੇ ਇਹੋ ਦੇਵੀ ਉਸਤਤੀ ਹੀ ਲਿਖੀ ਹੋਈ ਮਿਲਦੀ ਹੈ ਕਿੰਤੂ ਸਿਰੀ ਭਾਗ ਮਲ ਜੀ ਨੂੰ ਚਾਹੀਦਾ ਸੀ ਕਿ ਜਿਸ ਬੀੜ ਵਿਚ ਕ੍ਰਿਸ਼ਨ ਅਵਤਾਰ ਦੇ ਛੰਦ ੪੨੧ ਦੇ ਆਦਿ ਵਿਚ ਲਿਖਿਆ, ਅਥ ਦੇਵੀ ਜੂਕੀ ਉਸਤਤਿ ਕਥਨੰ, ਸਿਰ ਲੇਖ, ਦੋ ਸੌ ਬਿਆਸੀਂ ਛੰਦ ਦੇ ਆਦਿ ਵਿਚ ਲਿਖਿਆ ਹੋਇਆ ਸੀ ਉਸ ਬੀੜ ਦਾ ਪੂਰਾ ਪਤਾ ਲਿਖਦੇ ਕਿ ਅਸਾਂ ਉਸ ਬੀੜ ਤੋਂ ਇਹ ਨੋਟ ਕੀਤਾ ਹੈ ਪਰ ਲਿਖਦੇ ਵੀ ਕਿਵੇਂ ਅਜਿਹੀ ਬੀੜ ਕੋਈ ਅਜ ਤਕ ਦੇਖਣ ਵਿਚ ਹੀ ਨਹੀਂ ਆਈ।

ਔਰ ਸਿਖ ਪੰਥ ਵਿਚ ਅਜ ਤਕ ਦਸਮ ਗੁਰੂ ਗ੍ਰੰਥ ਸਾਹਿਬ ਜੀ ਦੇ ਦੋ ਟੀਕੇ ਹੋ ਚੁਕੇ ਦ੍ਰਿਸ਼ਟੀ ਵਿਚ ਆਏ ਹਨ ਇਕ ਸ੍ਰੀ ਮਾਨ ਗਿਆਨੀ ਬਿਸ਼ਨ ਸਿੰਘ ਜੀ ਵਾਲਾ ਤੇ ਦੂਜਾ ਪੰਡਿਤ ਗਿਆਨੀ ਨਰੈਣ ਸਿੰਘ ਜੀ ਵਾਲਾ ਇਨ੍ਹਾਂ ਦੋਂਹ ਟੀਕਾ ਕਾਰਾਂ ਨੇ ਵੀ ਕ੍ਰਿਸ਼ਨ ਅਵਤਾਰ ਦੇ ਛੰਦ ੪੨੧ ਦੇ ਅਰੰਭ ਤੋਂ ਪਹਿਲੇ, ਅਥ ਦੇਵੀ ਜੂਕੀ ਉਸਤਤਿ ਕਥਨੰ, ਸਿਰ ਲੇਖ ਦੀ ਟਿਪਣੀ ਵਿਚ ਨਹੀਂ ਲਿਖਿਆ ਕਿ ਇਹ ਸਿਰ ਲੇਖ ਦੋ ਸੌ ਬਿਆਸੀਵੇਂ ਛੰਦ ਦੇ ਆਦਿ ਵਿਚ ਹੋਣਾ ਚਾਹੀਦਾ ਸੀ ਆਦਕ ਬਲਕਿ ਖਾਲਸਾ ਕਾਲਜ ਅੰਮ੍ਰਿਤਸਰ ਦੇ ਗਿਆਨੀ ਸ੍ਰੀ ਮਾਨ ਬਿਸ਼ਨ ਸਿੰਘ ਜੀ ਨੇ

Digitized by Panjab Digital Library | www.panjabdigilib.org

ਆਪਣੀ ਦਸਮ ਗੁਰੂ ਗ੍ਰੰਥ ਸਾਹਿਬ ਜੀ ਦੀ ਛਾਪੀ ਪੋਥੀ ਤੀਜੀ ੧ ਵੈਸਾਖ ੧੯੯੮ ਦੀ ਛਪੀ ਦੇ ਸਫਾ ੪੫ ਤੇ ਕ੍ਰਿਸ਼ਨ ਅਵਤਾਰ ਦੇ ਛੰਦ ੪੨੧ ਦੇ ਆਦਿ ਵਾਲੇ, ਅਥ ਦੇਵੀ ਜੂਕੀ ਉਸਤਤਿ ਕਥਨੰ, ਸਿਰ ਲੇਖ ਦੀ ਟਿਪਣੀ ਵਿਚ ਲਿਖਿਆ ਹੈ ਕਿ, ਸ਼ਾਮ ਕਵੀ ਜੋ ਦੁਰਗਾ ਦਾ ਭਗਤ ਹੈ ਅਰ ਸਿਰੀ ਹਜ਼ੂਰ ਕਲਗੀਧਰ ਜੀ ਦਾ ਨੌਕਰ ਹੈ ਇਹ ਉਹ ਦੇਵੀ ਦੀ ਉਸਤਤਿ ਕਰਦਾ ਹੈ, ਅਤੇ ਪੰਡਿਤ ਗਿਆਨੀ ਨਰੈਣ ਸਿੰਘ ਜੀ ਨੇ ਕ੍ਰਿਸ਼ਨ ਅਵਤਾਰ ਦੇ ਛੰਦ ੪੨੧ ਦੇ ਅਰੰਭ ਤੋਂ ਅਰਥ ਕਰਦਿਆਂ ਕਿਤੇ ਨਹੀਂ ਜਣਾਇਆ ਕਿ ਇਹ ਛੰਦ ਫਲਾਨੀ ਥਾਂ ਤੇ ਹੋਣੇ ਚਾਹੀਦੇ ਸਨ ਜਾਂ ਇਹ ਫਲਾਨੇ ਮੂਲ ਦਾ ਟੀਕਾ ਹਨ ਕਿੰਤੂ, ਤੂੰ ਹੀ ਅਸਤ੍ਰਾਂ ਵਾਲੀ ਹੈਂ ਤੂੰ ਹੀ ਸ਼ਸਤਰਾਂ ਵਾਲੀ ਹੈਂ, ਆਦਕ ਹੀ ਸ਼ੁਰੂ ਵਿਚ ਅਰਥ ਕੀਤਾ ਹੈ, ਜਦ ਸਿਖ ਪੰਥ ਦੇ ਵਿਦਵਾਨਾਂ ਵਿਚ ਵੀ ਅਜ ਤਕ ਇਹ ਸ਼ੰਕਾ ਨਹੀਂ ਪੈਦਾ ਹੋਈ ਕਿ ਇਹ ਸਿਰ ਲੇਖ ਤੇ ਇਹ ਛੰਦ ਫਲਾਨੀ ਥਾਂ ਤੇ ਹੋਣੇ ਚਾਹੀਦੇ ਸਨ ਤਾਂ ਕੇਵਲ ਉਪ੍ਰੋਕਤ ਸਿਰੀ ਭਾਗ ਮਲ ਜੀ ਦੀ ਘੜੀ ਘਾੜਤ ਨੂੰ ਕਿਵੇਂ ਮੰਨਿਆ ਜਾਵੇ, ਸਿਰੀ ਭਾਗ ਮਲ ਜੀ ਨੇ ਇਹ ਘਾੜਤ ਇਸ ਲਈ ਘੜੀ ਮਾਲੂਮ ਹੁੰਦੀ ਹੈ ਕਿ, ਦੋ ਸੌ ਬਿਆਸੀਵੇਂ ਛੰਦ ਵਿਚ ਗੋਪੀਆਂ ਵਲੋਂ ਸਿਰੀ ਦੇਵੀ ਜੀ ਦੀ ਉਸਤਤੀ ਹੈ ਜੇਕਰ ਇਹ ਚਾਰ ਸੌ ਇਕੀਵੇਂ ਛੰਦ ਤੋਂ ਆਦਿ ਵਾਲਾ ਸਿਰ ਲੇਖ ਤੇ ਇਹ ਛੰਦ ਦੋ ਸੌ ਬਿਆਸੀਵੇਂ ਛੰਦਾਂ ਨਾਲ ਮੇਲ ਦਿਤੇ ਜਾਣ ਤਾਂ ਇਹ ਦੇਵੀ ਉਸਤਤੀ ਗੋਪੀਆਂ ਵਲੋਂ ਸਮਝੀ ਜਾਵੇ ਫਿਰ ਸਿਰੀ ਦਸਮੇਸ਼ ਜੀ ਦੇਵੀ ਉਸਤਤੀ ਦੇ ਜੁਮੇਵਾਰ ਨਹੀਂ

Digitized by Panjab Digital Library | www.panjabdigilib.org

ਰਹਿਣਗੇ, ਔਰ ਸਿਰੀ ਮਾਨ ਗਿਆਨੀ ਬਿਸ਼ਨ ਸਿੰਘ ਜੀ ਨੇ ਵੀ ਇਸੇ ਲਈ ਲਿਖਿਆ ਹੈ ਕਿ, ਸ਼ਾਮ ਕਵੀ ਦੁਰਗਾ ਦਾ ਭਗਤ ਹੈ ਉਹ ਦੇਵੀ ਦੀ ਉਸਤਤੀ ਕਰਦਾ ਹੈ ਤਾਂਕਿ ਸ੍ਰੀ ਦਸਮੇਸ਼ ਜੀ ਇਸ ਦੇਵੀ ਉਸਤਤੀ ਦੇ ਜੁਮੇਵਾਰ ਨਾ ਮੰਨੇ ਜਾਣ ਪਰ ਉਪ੍ਰੋਕਤ ਸੱਜਣਾਂ ਨੂੰ ਇਹ ਪਤਾ ਨਹੀਂ ਕਿ ਜਦ ਕ੍ਰਿਸ਼ਨ ਅਵਤਾਰ ਦੇ ਛੰਦ ਸ੍ਰੀ ਦਸਮੇਸ਼ ਜੀ ਲਿਖ ਰਹੇ ਹਨ ਤਾਂ ਵਿਚ ਸ਼ਾਮ ਕਵੀ ਨੌਕਰ ਦੀ ਕਵਿਤਾ ਕਿਵੇਂ ਆ ਗਈ, ਕੀ ਕ੍ਰਿਸ਼ਨ ਅਵਤਾਰ ਦੇ ਸਾਰੇ ਛੰਦ ਰੂਪ ਕਵਿਤਾ ਸ਼ਾਮ ਕਵੀ ਜੀ ਦੀ ਹੈ, ਜੇਕਰ ਇੰਜ ਹੋਵੇ ਤਾਂ ਸ੍ਰੀ ਭਾਗ ਮਲ ਜੀ ਲਿਖਦੇ ਹਨ ਕਿ ਸ੍ਰੀ ਦਸਮੇਸ਼ ਜੀ ਨੇ ਕ੍ਰਿਸ਼ਨ ਅਵਤਾਰ ਦੇ ਛੰਦਾਂ ਰੂਪ ਭਾਗਵਤ ਦਾ ਟੀਕਾ ਕੀਤਾ ਹੈ ਇਸ ਤੋਂ ਕ੍ਰਿਸ਼ਨ ਅਵਤਾਰ ਦੇ ਛੰਦਾਂ ਰੂਪ ਕਵਿਤਾ ਸ੍ਰੀ ਦਸਮੇਸ਼ ਜੀ ਦੀ ਰਚਨਾਂ ਸਾਬਤ ਹੁੰਦੀ ਹੈ, ਕੀ ਸੱਚ ਮੰਨਿਆ ਜਾਵੇ ਕਿ ਇਹ ਕ੍ਰਿਸ਼ਨ ਅਵਤਾਰ ਦੇ ਛੰਦਾਂ ਰੂਪ ਕਵਿਤਾ ਸ਼ਾਮ ਕਵੀ ਦੀ ਹੈ ਕਿ ਸ੍ਰੀ ਦਸਮੇਸ਼ ਜੀ ਦੀ ਹੈ, ਪਰ ਉਪ੍ਰੋਕਤ ਦੇਵੀ ਵਿਰੋਧੀ ਸੱਜਣ ਇਹ ਨਹੀਂ ਦੇਖਦੇ ਕਿ ਇਨ੍ਹਾਂ ਕ੍ਰਿਸ਼ਨ ਅਵਤਾਰ ਦੇ ਛੰਦਾਂ ਦੇ ਅਰੰਭ ਵਿਚ ਸ੍ਰੀ ਦਸਮੇਸ਼ ਜੀ ਜਦ ਸ੍ਰੀ ਦੇਵੀ ਜੀ ਦਾ ਮੰਗਲ ਕਰ ਰਹੇ ਹਨ ਕਿ, ਬਿਨ ਚੰਡਿ ਕ੍ਰਿਪਾ ਤੁਮਰੀ ਕਬਹੂ ਮੁਖਤੇ ਨਹੀ ਅਛਰ ਹਉ ਕਰ ਹੋ, ਆਦਕ ਤਾਂ ਇਥੇ ਚਾਰ ਸੌ ਇਕੀਵੇਂ ਛੰਦ ਤੋਂ ਸ੍ਰੀ ਦਸਮੇਸ਼ ਜੀ ਜੇਕਰ ਸ੍ਰੀ ਦੇਵੀ ਜੀ ਦੀ ਉਸਤਤੀ ਲਿਖ ਕੇ ਛੰਦ ੪੪੦ ਵਿਚ ਕ੍ਰਿਸ਼ਨ ਜੀ ਦੇ ਚਰਿਤ੍ਰ ਰਚਨਾਂ ਹਿਤ, ਕ੍ਰਿਸਨ ਜਥਾ ਮਤਿ ਚਰਿਤ੍ਰ ਉਚਾਰੋ, ਚੂਕ ਹੋਇ ਕਬਿ ਲੇਹੁ ਸੁਧਾਰੋ, ਆਦਕ ਪ੍ਰਾਰਥਨਾਂ ਕਰਦੇ

Digitized by Panjab Digital Library | www.panjabdigilib.org

ਹਨ ਤਾਂ ਕੀ, ਅਸਚਰਜ ਸੀ, ਜਿਸ ਲਈ ਇਨ੍ਹਾਂ ਵੀਹਾਂ ਛੰਦਾਂ ਬਾਬਤ ਕਈ ਅੱਡ ਅੱਡ ਘਾੜਤਾਂ ਘੜੀਆਂ ਹਨ।

ਬਾਕੀ ਪਿਛੇ ਵੀ ਦਸਿਆ ਹੈ ਕਿ ਕ੍ਰਿਸ਼ਨ ਅਵਤਾਰ ਦੇ ਛੰਦ ਭਾਗਵਤ ਦਾ ਟੀਕਾ ਨਹੀਂ ਹਨ ਕਿਉਂਕਿ ਵਿਚ ਖੜਕ ਸਿੰਘ ਆਦਕਾਂ ਦਾ ਜੰਗ ਵਰਨਨ ਹੈ ਜੋ ਮੂਲ ਭਾਗਵਤ ਵਿਚ ਕਿਤੇ ਵੀ ਨਹੀਂ ਤਾਂ ਪਤਾ ਨਹੀਂ ਟੀਕਾ ਹੈ, ਇਹ ਥਾਂ ਥਾਂ ਤੇ ਕਿਸ ਸਚਾਈ ਨੂੰ ਮੁਖ ਰਖ ਕੇ ਕਹੀ ਜਾਂਦੇ ਹਨ? ਚਾਹੀਦਾ ਇਹ ਸੀ ਕਿ ਭਾਗਵਤ ਦੇ ਦਸਵੇਂ ਸਕੰਧ ਦੇ ਸਲੋਕਾਂ ਦੇ ਅਰਥਾਂ ਨਾਲ ਨੰਬਰਵਾਰ ਇਸ ਟੀਕੇ ਨੂੰ ਮਿਲਾ ਕੇ ਦਸਦੇ ਪਰ ਇੰਜ ਕੀਤਾ ਨਹੀਂ ਕੇਵਲ ਕਹਿਣਾ ਹੀ ਪੱਕਾ ਪਰਮਾਣ ਸਮਝਦੇ ਹਨ ਅਤੇ ਜੇਕਰ ਟੀਕਾਕਾਰ ਦੇ ਮੂਲ ਗਰੰਥ ਵ੍ਰਿਧ ਹੋਵੇ ਤਾਂ ਟੀਕਾਕਾਰ ਦਾ ਫਰਜ਼ ਹੁੰਦਾ ਹੈ ਕਿ ਉਹ ਟੀਕੇ ਦੇ ਆਰੰਭ ਵਿਚ ਇਹ ਸੂਚਨਾਂ ਦੇਵੇ ਕਿ ਮੈਂ ਇਸ ਦੇ ਵਿਰੁਧ ਹਾਂ, ਪਰ ਕਿਸੇ ਕਾਰਨ ਕੇਵਲ ਟੀਕਾ ਹੀ ਕਰਦਾ ਹਾਂ। ਪਰੰਤੂ ਸ੍ਰੀ ਭਾਗ ਮਲ ਜੀ ਦੇ ਖਿਆਲ ਅਨੁਸਾਰ ਕ੍ਰਿਸ਼ਨ ਅਵਤਾਰ ਦੇ ਛੰਦਾਂ ਨੂੰ ਟੀਕਾ ਹੀ ਮੰਨਿਆ ਜਾਵੇ ਤਾਂ ਸ੍ਰੀ ਦਸਮੇਸ਼ ਜੀ ਇਸ ਕ੍ਰਿਸ਼ਨ ਅਵਤਾਰ ਰੂਪ ਟੀਕੇ ਦੇ ਅਰੰਭ ਵਿਚ ਉਲਟਾ ਸ੍ਰੀ ਦੇਵੀ ਜੀ ਦਾ ਮੰਗਲ ਕਰ ਰਹੇ ਹਨ ਤਾਂ ਸ੍ਰੀ ਗੁਰੂ ਜੀ (ਟੀਕਾਕਾਰ) ਨੂੰ ਵਿਚ ਲਿਖੀ ਦੇਵੀ ਉਸਤਤਿ ਦੇ ਜ਼ੁੰਮੇਵਾਰ ਕਿਵੇਂ ਨਾ ਸਮਝਿਆ ਜਾਵੇ?

**੧੮ ਪ੍ਰਸ਼ਨ**--ਉਪਰੋਕਤ ਸ੍ਰੀ ਮਾਨ ਗਿਆਨੀ ਬਿਸ਼ਨ ਸਿੰਘ ਜੀ ਨੇ ਜੋ ਸ਼ਾਮ ਕਵੀ ਦੇਵੀ ਦੀ ਉਸਤਤੀ ਕਰਦਾ

Digitized by Panjab Digital Library | www.panjabdigilib.org

ਲਿਖਿਆ ਹੈ ਇਹ ਠੀਕ ਹੀ ਜਚਦਾ ਹੈ ਕਿਉਂਕਿ ਦਸਮ ਗੁਰੂ ਗ੍ਰੰਥ ਸਾਹਿਬ ਜੀ ਵਿਚ ਕਈ ਥਾਂਈਂ ਕਵਿਤਾ ਵਿਚ ਸ਼ਾਮ ਕਵੀ ਦਾ ਨਾਮ ਆਉਂਦਾ ਹੈ ਇਸ ਲਈ ਸ਼ਾਮ ਨਾਮ ਦੀ ਛਾਪ ਵਾਲੀ ਬਾਣੀ ਸ਼ਾਮ ਕਵੀ ਦੀ ਹੀ ਭਾਸਦੀ ਹੈ, ਬਲਕਿ ਕਈ ਥਾਂਈਂ 'ਕਵਿਯੋ ਵਾਚ' ਲਿਖਿਆ ਮਿਲਦਾ ਹੈ ਇਸ ਤੋਂ ਸਾਬਤ ਹੁੰਦਾ ਹੈ ਕਿ ਕਿਸੇ ਕਵੀ ਦੀ ਬਾਣੀ ਹੈ ਤਾਂਤੇ ਦਸਮ ਗੁਰੂ ਗ੍ਰੰਥ ਸਾਹਿਬ ਜੀ ਵਿਚ ਸ੍ਰੀ ਦਸਮੇਸ਼ ਜੀ ਦੀ ਬਾਣੀ ਉਹ ਮੰਨੀ ਜਾਣੀ ਚਾਹੀਦੀ ਹੈ ਜਿਸ ਉਤੇ ਸ੍ਰੀ ਮੁਖਵਾਕ ਪਾਤਸ਼ਾਹੀ ੧੦ ਲਿਖਿਆ ਹੋਇਆ ਹੋਵੇ, ਇਸ ਲਈ ਸ਼ਾਮ ਨਾਮ ਵਾਲੀ ਬਾਣੀ ਦੇ ਜੁਮੇਵਾਰ ਸ੍ਰੀ ਦਸਮੇਸ਼ ਜੀ ਕਿਵੇਂ ਹੋ ਸਕਦੇ ਹਨ।

**ਉੱਤਰ**—ਉਪ੍ਰੋਕਤ ਚਾਰ ਸੌ ਇਕੀਵੇਂ ਛੰਦ ਤੋਂ ਲੈ ਕੇ ਵੀਹਾਂ ਛੰਦਾਂ ਵਿਚ ਜੋ ਦੇਵੀ ਉਸਤਤੀ ਹੈ ਉਸ ਵਿਚ ਸ਼ਾਮ ਨਾਮ ਕਿਤੇ ਨਹੀਂ ਆਇਆ, ਐਂਵੇ ਸ਼ਾਮ ਕਵੀ ਦੀ ਬਾਣੀ ਹੈ ਕਲਪਨਾ ਕਰ ਲੈਣੀ ਕੋਈ ਬੁਧੀ ਮਤਾ ਨਹੀਂ, ਬਾਕੀ ਦਸਮ ਗੁਰੂ ਗ੍ਰੰਥ ਸਾਹਿਬ ਜੀ ਵਿਚ ਸਿਆਮ, ਨਾਮ ਅਤੇ ਕਵਿਯੋ ਵਾਚ, ਨਾਮ ਵਾਲੀ ਬਾਣੀ ਵੀ ਸ੍ਰੀ ਦਸਮੇਸ਼ ਜੀ ਦੀ ਆਪਣੀ ਹੀ ਰਚਨਾਂ ਹੈ ਕਿਉਂਕਿ ਸ਼ਿਆਮ ਨਾਮ ਸ੍ਰੀ ਦਸਮੇਸ਼ ਜੀ ਦਾ ਉਪ ਨਾਮ (ਤਖਲਸ) ਸੀ, ਜਿਵੇਂ ਸੌ ਸਾਖੀ ਦੀ ਸਾਖੀ ੮੨ ਵਿਚ ਲਿਖਿਆ ਹੈ ਕਿ, ਬੋਲਾ ਸਿਖ ਭੁਜੰਗੀ ਨਾਮ, ਮੇਰੇ ਕੋ ਸਮਝਾਵੋ ਸਿਆਮ, ਹਸ ਬੋਲੇ ਹੋਇ ਆਪ ਦਇਆਲ, ਉਦੇ ਸਿੰਘ ਕੀ ਕਰਣੀ ਭਾਲ, ਇਸ ਵਿਚ ਇਥੇ ਸ੍ਰੀ ਦਸਮੇਸ਼ ਜੀ ਨੂੰ ਸਿਆਮ, ਨਾਮ ਸੇ ਕਿਹਾ ਗਿਆ ਹੈ ਕਿ ਮੇਰੇ ਕੋ

Digitized by Panjab Digital Library | www.panjabdigilib.org

ਸਮਝਾਵੇ ਸਿਆਮ, ਤਾਂਤੇ ਸ੍ਰੀ ਦਸਮੇਸ਼ ਜੀ ਦਾ ਸਿਆਮ ਨਾਮ ਪ੍ਰਸਿਧ ਸੀ।

ਔਰ ਜੇਕਰ ਦਸਮ ਗੁਰੂ ਗ੍ਰੰਥ ਸਾਹਿਬ ਜੀ ਵਿਚ ਸਿਆਮ, ਨਾਮ ਵਾਲੀ ਬਾਣੀ ਨੂੰ ਸਿਆਮ ਕਵੀ ਦੀ ਬਾਣੀ ਮੰਨੀਏ ਤਾਂ ਇੰਜ ਦਸਮ ਗੁਰੂ ਗ੍ਰੰਥ ਸਾਹਿਬ ਜੀ ਵਿਚ, ਚਉਬੀਸ ਅਵਤਾਰ ਛੰਦ ੧ ਉਤੇ, ਪਾਤਸ਼ਾਹੀ ੧੦ ਲਿਖਿਆ ਹੋਇਆ ਹੈ ਤੇ ਉਸੇ ਛੰਦ ਦੀ ਚੌਥੀ ਤੁਕ ਵਿਚ ਸਿਆਮ, ਨਾਮ ਲਿਖਿਆ ਹੋਇਆ ਹੈ, ਯਥਾ:-ਅਬ ਚੌਬੀਸ ਉਚਰੋਂ ਅਵਤਾਰਾ, ਜਿਹ ਬਿਧ ਤਿਨਕਾ ਲਖਾ ਅਖਾਰਾ, ਸੁਨੀਜਹੁ ਸੰਤ ਸਭੈ ਚਿਤ ਲਾਈ, ਬਰਨਤ ਸਿਆਮ ਜਥਾ ਮਤਿ ਭਾਈ, ਤਾਂ ਇਥੇ ਚੌਬੀਸ ਅਵਤਾਰ ਵਾਲੀ ਬਾਣੀ ਸਿਆਮ ਕਵੀ ਦੀ ਰਚਨਾਂ ਮੰਨੀ ਜਾਵੇਗੀ ਜਾਂ ਕਿ ਸ੍ਰੀ ਦਸਮੇਸ਼ ਜੀ ਦੀ ਰਚਨਾਂ ਮੰਨੀ ਜਾਵੇਗੀ, ਜੇਕਰ ਸਿਆਮ ਕਵੀ ਦੀ ਰਚਨਾਂ ਮੰਨੀ ਜਾਵੇ ਤਾਂ ਪਹਿਲੇ ਛੰਦ ਉਤੇ, ਪਾਤਸ਼ਾਹੀ ੧੦ ਲਿਖੇ ਹੋਇ ਦਾ ਅਰਥ ਕੀ ਕੀਤਾ ਜਾਵੇਗਾ, ਜੇਕਰ ਇਥੇ ਇਹ ਅਰਥ ਕੀਤਾ ਜਾਵੇ ਕਿ ਸ੍ਰੀ ਦਸਮੇਸ਼ ਜੀ ਇਥੇ ਆਪ ਸਿਆਮ ਕਵੀ ਜੀ ਦੀ ਬਾਣੀ ਦਰਜ ਕਰਦੇ ਹਨ ਤਾਂ ਫਿਰ ਵੀ ਇਸ ਦੇ ਜ਼ੁੰਮੇਵਾਰ ਸ੍ਰੀ ਦਸਮੇਸ਼ ਜੀ ਹੀ ਸਿਧ ਹੋ ਗਏ, ਅਤੇ ਜੇਕਰ ਇੰਜ ਹੀ ਮੰਨਿਆ ਗਿਆ ਤਾਂ ਰਾਮ ਅਵਤਾਰ ਦੇ ੮੬੪ ਛੰਦ ਅਤੇ ਕ੍ਰਿਸ਼ਨ ਅਵਤਾਰ ਦੇ ਸਾਰੇ ੨੪੯੨ ਛੰਦ ਵੀ ਇਸੇ ਚੌਬੀਸ ਅਵਤਾਰ ਦੀ ਬਾਣੀ ਵਿਚ ਹੀ ਹਨ ਕਿਉਂਕਿ ਰਾਮ ਅਤੇ ਕ੍ਰਿਸ਼ਨ ਅਵਤਾਰ ਭੀ ਉਪਰੋਕਤ ਚਵੀਆਂ ਅਵਤਾਰਾਂ ਵਿਚ ਹੀ ਸ਼ਾਮਲ ਹਨ, ਬਾਹਰ ਨਹੀਂ,

Digitized by Panjab Digital Library | www.panjabdigilib.org

ਤਾਂ ਫਿਰ ਜਿਹੜੇ ਗਿਆਨੀ ਜਾਂ ਸ੍ਰੀ ਭਾਗ ਮਲ ਜੀ ਇਹ ਲਿਖਦੇ ਹਨ ਕਿ ਸ੍ਰੀ ਦਸਮੇਸ਼ ਜੀ ਨੇ ਕ੍ਰਿਸ਼ਨ ਅਵਤਾਰ ਦੇ ਛੰਦਾਂ ਰੂਪ ਭਾਗਵਤ ਦੇ ਦਸਵੇਂ ਸਕੰਧ ਦਾ ਟੀਕਾ ਹੀ ਕੀਤਾ ਹੈ ਇਸ ਲਈ ਸ੍ਰੀ ਗੁਰੂ ਜੀ ਜ਼ੁੰਮੇਵਾਰ ਨਹੀਂ। ਉਨ੍ਹਾਂ ਦਾ ਇਹ ਕਥਨ ਵੀ ਗਲਤ ਸਾਬਤ ਹੋ ਜਾਂਦਾ ਹੈ, ਕਾਰਨ ਇਹ ਕਿ ਜਦ ਚੌਬੀਸ ਅਵਤਾਰ ਦੇ ਪਹਿਲੇ ਛੰਦ ਵਿਚ ਹੀ ਮੰਨ ਲਈਏ ਕਿ, 'ਬਰਨਤ ਸਿਆਮ ਜਥਾ ਮਤਿ ਭਾਈ' ਸਿਆਮ ਕਵੀ ਚੱਵੀਆਂ ਅਵਤਾਰਾਂ ਦੇ ਪਰਸੰਗ ਨੂੰ ਵਰਨਨ ਕਰਦਾ ਹੈ ਤਾਂ ਫਿਰ ਸ੍ਰੀ ਦਸਮੇਸ਼ ਜੀ ਟੀਕਾਕਾਰ ਕਿਵੇਂ ਹੋ ਸਕਦੇ ਹਨ ? ਤਾਂ ਤੇ ਇਥੇ ਸਾਫ ਅਰਥ ਇਹ ਮੰਨਣਾ ਪਵੇਗਾ ਕਿ ਸਿਆਮ ਨਾਮ ਸ੍ਰੀ ਦਸਮੇਸ਼ ਜੀ ਦਾ ਉਪਨਾਮ ਹੈ। ਇਸ ਲਈ ਸਿਆਮ (ਦਸਮੇਸ਼ ਗੁਰੂ ਜੀ) ਚੌਬੀਸ ਅਵਤਾਰਾਂ ਦੇ ਪਰਸੰਗ ਨੂੰ ਪਹਿਲੇ ਛੰਦ ਵਿਚ ਅਗੇ ਵਰਨਣ ਕਰਨ ਦੀ ਪ੍ਰਤੱਗਿਆ ਕਰਦੇ ਹਨ। ਇਸ ਲਈ ਦਸਮ ਗੁਰੂ ਗਰੰਥ ਸਾਹਿਬ ਜੀ ਵਿਚ ਸਿਆਮ ਨਾਮ ਵਾਲੀ ਬਾਣੀ ਸ੍ਰੀ ਦਸਮੇਸ਼ ਜੀ ਦੀ ਰਚਨਾਂ ਹੀ ਸਿਧ ਹੁੰਦੀ ਹੈ ਕਿਸੇ ਸਿਆਮ ਕਵੀ ਨੌਕਰ ਦੀ ਨਹੀਂ।

ਅਤੇ ਕਬਿਯੋ ਵਾਚ ਵਾਲੀ ਬਾਣੀ ਭੀ ਸ੍ਰੀ ਦਸਮੇਸ਼ ਜੀ ਦੀ ਰਚਨਾਂ ਹੀ ਸਿਧ ਹੁੰਦੀ ਹੈ ਕਿਸੇ ਹੋਰ ਕਵੀ ਦੀ ਨਹੀਂ ਕਿਉਂਕਿ ਬਚਿਤ੍ਰ ਨਾਟਕ ਵਿਚ ਜਿਥੇ ਸ੍ਰੀ ਦਸਮੇਸ਼ ਜੀ ਦੇ ਅਕਾਲਪੁਰਖ ਨਾਲ ਉੱਤਰ ਪ੍ਰਸ਼ਨ ਹੁੰਦੇ ਹਨ ਉਥੇ ਪਹਿਲੇ ਲਿਖਿਆ ਹੈ ਕਿ, ਅਕਾਲ ਪੁਰਖ ਬਾਚ, ਮੈਂ ਆਪਨਾ ਸੁਤ ਤੋਹਿ ਨਿਵਾਜਾ ॥ ਪੰਥ ਪ੍ਰਚੁਰ ਕਰਬੇ ਕਹੁ ਸਾਜਾ ॥ ਜਾਹਿ ਤਹਾਂ ਤੈ ਧਰਮ ਚਲਾਇ ॥ ਕਬੁਧਿ ਕਰਨ ਤੇ ਲੋਕ ਹਟਾਇ ॥ ੨੯ ਇਸ

Digitized by Panjab Digital Library | www.panjabdigilib.org

ਅਕਾਲ ਪੁਰਖ ਦੀ ਬਾਣੀ ਨੂੰ ਸੁਣ ਕੇ ਗੁਰੂ ਜੀ ਨੇ ਉਤਰ ਦਿਤਾ ਕਿ, ਕਬਿ ਬਾਚ ॥ ਦੋਹਰਾ ॥ ਠਾਡ ਭਯੋ ਮੈਂ ਜੋਰਿ ਕਰਿ ਬਚਨ ਕਹਾ ਸਿਰ ਨਿਯਾਇ ॥ ਪੰਥ ਚਲੈ ਤਬ ਜਗਤ ਮੈਂ ਜਬ ਤੁਮ ਕਰਹੁ ਸਹਾਇ ॥ ੩੦ ਇਹ ਕਾਰਨਿ ਪ੍ਰਭ ਮੋਹਿ ਪਠਾਯੋ ॥ ਤਬ ਮੈਂ ਜਗਤ ਜਨਮੁ ਧਰਿ ਆਯੋ ॥ ਧਿਆ ੬ ਛੰਦ ੨੯–੩੦–੩੧ ਇਸ ਵਿਚ ਇਥੇ ਉਤੇ, ਕਬਿ ਬਾਚ, ਲਿਖਿਆ ਹੈ ਪਰ ਇਥੇ ਸ੍ਰੀ ਦਸਮੇਸ਼ ਜੀ ਤੋਂ ਬਿਨਾਂ ਹੋਰ ਕੋਈ ਕਵੀ ਅਰਥ ਨਹੀਂ ਹੋ ਸਕਦਾ ਕਿਉਂਕਿ ਅਕਾਲ ਪੁਰਖ ਦੀ ਬਾਣੀ ਸੁਣ ਕੇ ਸ੍ਰੀ ਦਸਮੇਸ਼ ਜੀ ਤੋਂ ਬਿਨਾਂ ਹੋਰ ਕੇੜ੍ਹਾ ਕਵੀ ਹੈ ਜੋ, ਠਾਡ ਭਯੋ ਮੈਂ ਜੋਰ ਕਰ ॥ ਖੜਾ ਹੋ ਗਿਆ ਮੈਂ ਹਥ ਜੋੜ ਕੇ ਤੇ ਅਕਾਲ ਪੁਰਖ ਨੂੰ ਬਚਨ ਕਿਹਾ ਸਿਰ ਨਿਵਾ ਕੇ, ਆਦਕ ਕਹਿ ਰਿਹਾ ਹੋਵੇ ਕਾਰਨ ਇਹ ਕਿ ਜਦ ਪ੍ਰਸ਼ਨ ਉਤਰ ਸ੍ਰੀ ਦਸਮੇਸ਼ ਜੀ ਨਾਲ ਹੋ ਰਹੇ ਹਨ ਤਾਂ ਸ੍ਰੀ ਦਸਮੇਸ਼ ਜੀ ਦੀ ਥਾਂ ਤੇ ਹੋਰ ਕੇੜ੍ਹਾ ਕਵੀ ਇਥੇ ਕਲਪਨਾ ਕੀਤਾ ਜਾ ਸਕਦਾ ਹੈ, ਜੋ ਅਕਾਲ ਪੁਰਖ ਦੇ ਅਗੇ ਹਥ ਜੋੜ ਕੇ ਖੜਾ ਹੋ ਗਿਆ ਤੇ ਉਹ ਕਹਿ ਰਿਹਾ ਹੋਵੇ ਕਿ ਮੈਂ ਅਕਾਲ ਪੁਰਖ ਨੂੰ ਸਿਰ ਨਿਵਾ ਕੇ ਬਚਨ ਕਿਹਾ ਤੇ ਫਿਰ ਇਹ ਵੀ ਕਿਹਾ ਕਿ ਇਸ ਕਾਰਨ ਮੈਨੂੰ ਪ੍ਰਭੂ ਨੇ ਇਥੇ ਭੇਜਿਆ ਹੈ ਤਾਂਤੇ ਸਾਫ ਸਪਸ਼ਟ ਹੈ ਕਿ ਸ੍ਰੀ ਦਸਮੇਸ਼ ਜੀ ਹੀ ਅਕਾਲ ਪੁਰਖ ਦੀ ਬਾਣੀ ਸੁਣ ਕੇ ਉਠ ਕੇ ਖੜੇ ਹੋ ਕੇ ਕਹਿ ਰਹੇ ਹਨ ਕਿ, ਠਾਡ ਮੈਂ ਭਯੋ ਮੈਂ ਜੋਰਿ ਕਰਿ ਬਚਨ ਕਹਾ ਸਿਰ ਨਿਯਾਇ ॥ ਆਦਕ ਜੇਕਰ ਕਿਸੇ ਕਵੀ ਦੀ ਰਚਨਾਂ ਹੁੰਦੀ ਤਾਂ, ਠਾਡ ਭਯੋ ਗੁਰੂ ਜੋਰਿ ਕਰਿ, ਪਾਠ ਹੁੰਦਾ ਫਿਰ, ਮੈਂ ਜੋਰਿ ਕਰਿ, ਪਾਠ ਨਹੀਂ

Digitized by Panjab Digital Library | www.panjabdigilib.org

ਲਿਖ ਸਕਦਾ ਸੀ ਇਸ ਲਈ ਕਬਿਯੋ ਬਾਚ ਵਾਲੀ ਬਾਣੀ ਭੀ ਸ੍ਰੀ ਦਸਮੇਸ਼ ਜੀ ਦੀ ਹੀ ਰਚਨਾਂ ਹੈ ਹੋਰ ਕਿਸੇ ਕਵੀ ਦੀ ਨਹੀਂ।

ਤਥਾ:-ਇਸੇ ਬਚਿਤ੍ਰ ਨਾਟਕ ਧਿਆ ੭ ਵਿਚ ਉਪ੍ਰੋਕਤ ਕਵੀ ਜੀ ਦਾ ਜਨਮ ਵੀ ਲਿਖਿਆ ਹੈ ਯਥਾ:-ਅਥ ਕਵਿ ਜਨਮ ਕਥਨੰ, ਮੁਰ ਪਿਤ ਪੂਰਬ ਕੀਯਸ ਪਿਆਨਾ, ਭਾਂਤਿ ਭਾਂਤਿ ਕੇ ਤੀਰਥ ਨਾਨਾ, ਜਬ ਹੀ ਜਾਤ ਤ੍ਰਿਬੈਣੀ ਭਏ, ਪੁੰਨ ਦਾਨ ਦਿਨ ਕਰਤ ਬਿਤਏ, ਤਹੀ ਪ੍ਰਕਾਸ਼ ਹਮਾਰਾ ਭਯੋ, ਪਟਨੇ ਸ਼ਹਰ ਬਿਖੈ ਭਵ ਲਯੋ, ਇਸ ਵਿਚੋਂ ਪੱਟਨੇ ਸ਼ੈਹਰ ਵਿਚ ਜਨਮ ਲੈਣ ਵਾਲੇ ਕਵੀ ਸ੍ਰੀ ਦਸਮੇਸ਼ ਜੀ ਹੀ ਸਿਧ ਹੋ ਰਹੇ ਹਨ ਤਾਂ ਕਿਵੇਂ ਮੰਨਿਆ ਜਾਵੇ ਕਿ ਦਸਮ ਗੁਰੂ ਗ੍ਰੰਥ ਸਾਹਿਬ ਜੀ ਵਿਚ ਕਬਿਯੋ ਬਾਚ ਵਾਲੀ ਬਾਣੀ ਕਿਸੇ ਹੋਰ ਕਵੀਆਂ ਦੀ ਹੈ ਇਹ ਤਾਂ ਜੋਹੜੇ ਰਾਮ ਅਤੇ ਕ੍ਰਿਸ਼ਨ ਤਥਾ ਸ੍ਰੀ ਦੇਵੀ ਜੀ ਦੀ ਵਿਰੁਧ ਪਾਰਟੀ ਦੇ ਪ੍ਰੇਮੀ ਹਨ ਓਹੋ ਹੀ ਜਿਥੇ ਸ੍ਰੀ ਦੇਵੀ ਜੀ ਦੀ ਅਤੇ ਰਾਮ ਕ੍ਰਿਸ਼ਨ ਜੀ ਦੀ ਮਹਿਮਾਂ ਆ ਜਾਵੇ ਓਥੇ ਹੀ ਕਹਿ ਦਿੰਦੇ ਹਨ ਕਿ, ਇਹ ਸਿਆਮ ਕਵੀ ਜੀ ਦੀ ਬਾਣੀ ਹੈ ਜਾਂ ਇਹ ਕਿਸੇ ਕਵੀ ਜੀ ਦੀ ਬਾਣੀ ਹੈ ਇਸ ਲਈ ਗੁਰੂ ਜੀ ਇਸ ਉਸਤਤੀ, ਮਹਿਮਾਂ ਦੇ ਜੁਮੇਵਾਰ ਨਹੀਂ ਹਨ ਕਿੰਤੂ ਸਚਾਈ ਨੂੰ ਮੁਖ ਰਖਿਆ ਜਾਵੇ ਤਾਂ ਕਵੀ ਔਰ ਸਿਆਮ ਨਾਮ ਵਾਲੀ ਸਾਰੀ ਬਾਣੀ ਦਸਮ ਗੁਰੂ ਗ੍ਰੰਥ ਸਾਹਿਬ ਜੀ ਵਿਚ ਸ੍ਰੀ ਦਸਮੇਸ਼ ਜੀ ਦੀ ਹੀ ਰਚਨਾਂ ਹੈ ਹੋਰ ਕਿਸੇ ਦੀ ਨਹੀਂ ਸਾਬਤ ਹੁੰਦੀ।

Digitized by Panjab Digital Library | www.panjabdigilib.org

**(੧੯) ਪ੍ਰਸ਼ਨ**—ਗੁਰਮਤ ਦਰਸ਼ਨ ਸਫਾ ੯੦—੯੧ ਤੇ ਲਿਖਿਆ ਹੈ ਕਿ ਸਿਆਮ ਅਤੇ ਰਾਮ ਗੁਰੂ ਕਲਗੀ ਧਰ ਜੀ ਦੇ ਉਪਨਾਮ ਦੱਸਣ ਦਾ ਬ੍ਰਿਥਾ ਹਠ ਕੀਤਾ ਹੈ ਹਾਲਾਂ ਕਿ ਸ੍ਰੀ ਦਸਮੇਸ਼ ਜੀ ਦੇ ਹਜ਼ੂਰੀ ੫੨ ਕਵੀਆਂ ਵਿਚੋਂ ਸਿਆਮ ਅਤੇ ਰਾਮ ਦੋਵੇਂ ਮਸ਼ਹੂਰ ਕਵੀ ਹੋਏ ਹਨ......ਇਹ ਮੰਨਿਆ ਕਿ ਕਈ ਥਾਂਈ ਗੁਰੂ ਕਲਗੀ ਧਰ ਜੀ ਨੇ ਵੀ ਆਪਣੇ ਉਪਨਾਮ ਨੂੰ ਸਿਆਮ, ਰਾਮ ਕਰਕੇ ਵਰਨਿਆ ਹੈ ਪ੍ਰੰਤੂ ਉਹ ਨਾਮ ਪੁਰਾਣੇ ਗ੍ਰੰਥਾਂ ਦੇ ਟੀਕਿਆਂ ਵਿਚ ਵਰਤੇ ਹਨ ਜਿਨ੍ਹਾਂ ਦਾ ਪਾਠ ਕਰਨ ਤੋਂ ਸੁਤੇ ਹੀ ਨਿਰਣਾ ਹੋ ਜਾਂਦਾ ਹੈ।

**ਉੱਤਰ**--ਗੁਰਮਤ ਦਰਸ਼ਨ ਦੇ ਕਰਤਾ ਨੇ ਜਿਥੇ ਕਿਥੇ ਬੇਸੁਰੇ ਗੀਤ ਗਾਏ ਹੋਇ ਹਨ, ਇਕ ਪਾਸੇ ਤਾਂ ਮੰਨ ਰਹੇ ਹਨ ਕਿ ਸ੍ਰੀ ਦਸਮੇਸ਼ ਜੀ ਨੇ ਆਪਣੇ ਉਪਨਾਮ ਨੂੰ ਸਿਆਮ, ਰਾਮ ਕਰਕੇ ਵਰਨਿਆ ਹੈ ਤੇ ਦੂਜੇ ਪਾਸੇ ਕਹਿ ਰਹੇ ਹਨ ਕਿ, ਸ਼ਿਆਮ, ਰਾਮ, ਗੁਰੂ ਕਲਗੀ ਧਰ ਜੀ ਦੇ ਉਪਨਾਮ ਦੱਸਣ ਦਾ ਬ੍ਰਿਥਾ ਹਠ ਕੀਤਾ ਹੈ, ਜਦ ਆਪ ਵੀ ਉਪ੍ਰੋਕਤ ਮੰਨ ਰਹੇ ਹਨ ਤਾਂ ਬ੍ਰਿਥਾ ਹਠ ਕਿਵੇਂ ਕੀਤਾ ਹੈ, ਬਾਕੀ ਰਹੀ ਗਲ ਕਿ ਸ੍ਰੀ ਕਲਗੀ ਧਰ ਜੀ ਦੀ ਹਜ਼ੂਰੀ ਵਿਚ ੫੨ ਕਵੀ ਰਹਿੰਦੇ ਸਨ ਜਿੰਨ੍ਹਾਂ ਵਿਚੋਂ ਸਿਆਮ, ਰਾਮ, ਕਵੀ ਵੀ ਰਹਿੰਦੇ ਸਨ, ਇਹ ਦਲੀਲ ਇਥੇ ਕੁਛ ਵੀ ਵੱਜਨ ਨਹੀਂ ਰਖਦੀ ਕਿਉਂਕਿ ਕਵੀ ਚਾਹੇ ਕਿੰਨੇ ਵੀ ਸ੍ਰੀ ਗੁਰੂ ਜੀ ਦੀ ਹਜ਼ੂਰੀ ਵਿਚ ਰਹਿੰਦੇ ਹੋਣ ਉਨ੍ਹਾਂ ਕਵੀਆਂ ਦੀ ਕਵਿਤਾ ਸ੍ਰੀ ਗੁਰੂ ਜੀ ਦੀ ਕਵਿਤਾ ਵਿਚ ਜਬਰ ਦਸਤੀ ਆ ਕੇ ਨਹੀਂ

Digitized by Panjab Digital Library | www.panjabdigilib.org

ਮਿਲ ਸਕਦੀ, ਔਰ ਜੇਕਰ ਕਿਸੇ ਕਵੀ ਦੀ ਕਵਿਤਾ ਸ੍ਰੀ ਗੁਰੂ ਜੀ ਨੇ ਆਪਣੀ ਮਰਜੀ ਅਨੁਸਾਰ ਆਪਣੀ ਕਵਿਤਾ ਵਿਚ ਕਿਤੇ ਮਿਲਾਈ ਹੋਵੇ ਤਾਂ ਉਸਦੇ ਵੀ ਜੁਮੇਵਾਰ ਸ੍ਰੀ ਗੁਰੂ ਜੀ ਹੀ ਹਨ ਉਹ ਕਵੀ ਜੁਮੇਵਾਰ ਨਹੀਂ, ਜੇਕਰ ਇਥੇ ਇਹ ਕਿਹਾ ਜਾਵੇ ਕਿ ਉਨ੍ਹਾਂ ਕਵੀਆਂ ਨੇ ਸ੍ਰੀ ਦਸਮੇਸ਼ ਜੀ ਦੀ ਕਵਿਤਾ ਵਿਚ ਆਪਣੀ ਕਵਿਤਾ ਮਿਲਾ ਦਿਤੀ ਹੋਈ ਹੈ, ਤਾਂ ਜਦ ਭਾਈ ਮਨੀ ਸਿੰਘ ਜੀ ਆਦਿ ਮਹਾਨ ਗੁਰ ਸਿੱਖਾਂ ਨੇ ਦਸਮ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਬੱਧੀ ਤਾਂ ਉਹ ਕਿਵੇਂ ਉਨ੍ਹਾਂ ਕਵੀਆਂ ਦੀ ਕਵਿਤਾ ਵਿਚੇ ਮਿਲੀ ਹੋਈ ਦੀ ਬੀੜ ਬੰਨ੍ਹ ਸਕਦੇ ਸਨ ਤੇ ਉਸ ਬੀੜ ਦਾ ਨਾਮ ਦਸਮ ਗੁਰੂ ਗ੍ਰੰਥ ਸਾਹਿਬ ਕਹਿ ਸਕਦੇ ਸਨ।

ਔਰ ਜਦ ਗੁਰਮਤ ਦਰਸ਼ਨ ਦੇ ਕਰਤਾ ਇਹ ਮੰਨ ਰਹੇ ਹਨ ਕਿ ਸ੍ਰੀ ਦਸਮੇਸ਼ ਜੀ ਨੇ ਆਪਣੇ ਉਪਨਾਮ ਨੂੰ ਸਿਆਮ, ਰਾਮ ਕਰਕੇ ਵਰਨਿਆ ਹੈ ਤਾਂ ਇਥੇ ਪ੍ਰਸ਼ਨ ਹੁੰਦਾ ਹੈ ਕਿ ਉਹ ਕੇੜ੍ਹੀ ਬਾਣੀ ਵਿਚ ਵਰਨਿਆ ਹੈ ਇਸ ਦਾ ਉਤਰ ਵੀ ਉਤੇ ਸ੍ਰੀ ਭਾਗ ਮਲ ਜੀ ਦੇ ਰਹੇ ਹਨ ਕਿ ਉਹ ਨਾਮ ਪੁਰਾਣੇ ਗ੍ਰੰਥਾਂ ਦੇ ਟੀਕਿਆਂ ਵਿਚ ਵਰਤੇ ਹਨ, ਇਥੇ ਫਿਰ ਇਹ ਪ੍ਰਸ਼ਨ ਪੈਦਾ ਹੁੰਦਾ ਹੈ ਕਿ ਉਹ ਪੁਰਾਣੇ ਗ੍ਰੰਥਾਂ ਦੇ ਟੀਕੇ ਇਸੇ ਦਸਮ ਗੁਰੂ ਗ੍ਰੰਥ ਸਾਹਿਬ ਜੀ ਵਿਚ ਹੀ ਹਨ ਕਿ ਕਿਤੇ ਬਾਹਰ ਹਨ ਜੇਕਰ ਬਾਹਰ ਹਨ ਤਾਂ ਅਸੀਂ ਇਥੇ ਜ਼ਿਕਰ ਦਸਮ ਗੁਰੂ ਗ੍ਰੰਥ ਸਾਹਿਬ ਜੀ ਦਾ ਕਰ ਰਹੇ ਹਾਂ ਅਤੇ ਸਿਆਮ, ਨਾਮ ਤੇ ਕਬਿਯੋ ਬਾਚ ਵਾਲੀ ਬਾਣੀ ਸ੍ਰੀ ਦਸਮੇਸ਼ ਜੀ ਦੀ ਹੀ ਹੈ,

Digitized by Panjab Digital Library | www.panjabdigilib.org

ਇਹ ਸਿੱਧ ਕਰਨ ਵਾਸਤੇ ਪਿਛੇ ਪ੍ਰਮਾਣ ਵੀ ਦਸਮ ਗੁਰੂ ਗ੍ਰੰਥ ਸਾਹਿਬ ਜੀ ਦੇ ਹੀ ਪ੍ਰਗਟ ਕਰ ਆਏ ਹਾਂ, ਤਾਂਤੇ ਬਾਹਰਲੀ ਬਾਣੀ ਦਾ ਹਾਲਾਂ ਇਥੇ ਜ਼ਿਕਰ ਨਹੀਂ, ਔਰ ਜੇਕਰ ਦਸਮ ਗੁਰੂ ਗ੍ਰੰਥ ਸਾਹਿਬ ਜੀ ਵਿਚ ਹੀ ਉਹ ਪੁਰਾਣੇ ਗ੍ਰੰਥਾਂ ਦੇ ਟੀਕੇ ਹਨ ਤਾਂ ਫਿਰ ਉਹ ਕੇੜ੍ਹੀ ਬਾਣੀ ਹੈ, ਕੀ ਕ੍ਰਿਸ਼ਨ ਅਵਤਾਰ ਦੇ ਛੰਦ ਜਾਂ ਤਿੰਨੇ ਚੰਡੀ ਚਰਿਤ੍ਰ ਜਾਂ ਕੋਈ ਹੋਰ,ਜੇਕਰ ਕ੍ਰਿਸ਼ਨ ਅਵਤਾਰ ਦੇ ਛੰਦਾਂ ਨੂੰ ਹੀ ਮੰਨਣ ਤਾਂ ਫਿਰ ਸ੍ਰੀ ਗੁਰੂ ਜੀ ਨੇ ਕਿਤੇ ਆਪਣਾ ਉਪਨਾਮ ਕ੍ਰਿਸ਼ਨ ਅਵਤਾਰ ਦੇ ਛੰਦਾਂ ਵਿਚ ਵਰਤਿਆ ਹੈ ਤਾਂ ਉਹ ਸਿਆਮ ਕਵੀ ਦੀ ਬਾਣੀ ਮੰਨ ਕੇ ਕਿਹਾ ਜਾਵੇ ਕਿ ਇਸ ਬਾਣੀ ਦੇ ਸ੍ਰੀ ਦਸਮੇਸ਼ ਜੀ ਕਰਤਾ ਹੀ ਨਹੀਂ, ਇਹ ਕੀ ਸਚਾਈ ਹੈ, ਬਾਕੀ ਸ੍ਰੀ ਭਾਗ ਮਲ ਜੀ ਨੇ ਜੋ ਕਿਹਾ ਹੈ ਕਿ, ਪਾਠ ਕਰਨ ਤੋਂ ਸੁਤੇ ਹੀ ਨਿਰਣਾ ਹੋ ਜਾਂਦਾ ਹੈ, ਇਹ ਸਮਝ ਨਹੀਂ ਆਈ ਕਿ ਕਿਵੇਂ ਹੋ ਜਾਂਦਾ ਹੈ ਕਿਉਂਕਿ ਜਦ ਉਨ੍ਹਾਂ ਦਾ ਖਿਆਲ ਹੈ ਕਿ ਸਿਆਮ, ਰਾਮ ਸ੍ਰੀ ਦਸਮੇਸ਼ ਜੀ ਦੇ ਉਪਨਾਮ ਅਤੇ ਸਿਆਮ, ਰਾਮ ਇਨ੍ਹਾਂ ਦੋਂਹ ਕਵੀਆਂ ਦੇ ਸਿਆਮ, ਰਾਮ ਨਾਮ ਵੀ ਵਿਚੇ ਹੀ ਸ਼ਾਮਲ ਹਨ ਤਾਂ ਪਾਠ ਕਰਨ ਮਾਤ੍ਰ ਤੋਂ ਕਿਵੇਂ ਪਤਾ ਲਗ ਜਾਂਦਾ ਹੈ ਕਿ ਇਹ ਸਿਆਮ, ਰਾਮ ਨਾਮ ਕਵੀਆਂ ਦੇ ਹਨ ਤੇ ਇਹ ਸਿਆਮ, ਰਾਮ, ਨਾਮ ਸ੍ਰੀ ਦਸਮੇਸ਼ ਜੀ ਦੇ ਹਨ, ਮਲੂਮ ਹੁੰਦਾ ਹੈ ਇਹ ਗਲ ਵੀ ਇਸ ਲਈ ਲਿਖੀ ਗਈ ਹੈ ਕਿ ਜਿਥੇ ਕਿਤੇ ਰਾਮ ਕ੍ਰਿਸ਼ਨ ਆਦਕ ਕਿਸੇ ਅਵਤਾਰਾਂ ਦੀ ਮਹਿਮਾਂ ਜਾਂ ਕਿਤੇ ਸ੍ਰੀ ਦੇਵੀ ਜੀ ਦੀ ਮਹਿਮਾਂ (ਉਸਤਤੀ) ਹੋਈ ਅਥਵਾ ਕੋਈ ਹੋਰ ਹਿੰਦੂ ਧਰਮ ਦਾ ਸਿਧਾਂਤ

Digitized by Panjab Digital Library | www.panjabdigilib.org

ਸਿਧ ਹੁੰਦਾ ਦੇਖਿਆ ਤਾਂ ਓਥੇ ਕਹਿ ਦਿਤਾ ਕਿ ਇਹ ਸਿਆਮ, ਰਾਮ ਕਵੀਆਂ ਦੀ ਬਾਣੀ ਹੈ। ਇਸ ਦੇ ਜ਼ੁੰਮੇਵਾਰ ਸ੍ਰੀ ਦਸਮੇਸ਼ ਜੀ ਨਹੀਂ ਹਨ ਅਤੇ ਜਿਥੇ ਕੋਈ ਹਿੰਦੂ ਧਰਮ ਦੇ ਸਿਧਾਂਤ ਦੀ ਪੁਸ਼ਟੀ ਨਹੀਂ ਹੁੰਦੀ ਓਥੇ ਕਹਿ ਦਿਤਾ ਕਿ ਇਹ ਬਾਣੀ ਸ੍ਰੀ ਦਸਮੇਸ਼ ਜੀ ਦੀ ਸੁਤੰਤਰ ਰਚਨਾ ਹੈ ਕਿਉਂਕਿ ਇਥੇ ਸਿਆਮ, ਰਾਮ ਗੁਰੂ ਜੀ ਦੇ ਉਪਨਾਮ ਹਨ, ਤਾਂਤੇ ਇਹ ਦਲੀਲਾਂ ਸਚਾਈ ਨੂੰ ਸਿਧ ਨਹੀਂ ਕਰਦੀਆਂ।

**(੨੦) ਪ੍ਰਸ਼ਨ**—ਗੁਰਮਤ ਦਰਸ਼ਨ ਸਫਾ ੭੭ ਉਤੇ ਲਿਖਿਆ ਹੈ ਕਿ 'ਪ੍ਰਿਥਮ ਭਗਉਤੀ ਸਿਮਰ ਕੈ' ਦਾ ਅਰਥ ਪਹਿਲਾਂ ਅਕਾਲ ਪੁਰਖ ਨੂੰ ਸਿਮਰਕੇ ਹੈ ਤਾਂ ਤੇ ਇਸ ਪੌੜੀ ਵਿਚ ਜਦ ਭਗਉਤੀ ਦਾ ਅਰਥ ਪਹਿਲੇ ਅਕਾਲ ਪੁਰਖ ਨੂੰ ਸਿਮਰਨਾ ਹੈ ਤਾਂ ਆਪ ਨੇ ਪਿਛੇ ਜੋ ਇਸ ਪੌੜੀ ਦਾ ਦੇਵੀ ਉਪਮਾਂ ਵਿਚ ਪਰਮਾਣ ਵਰਤਿਆ ਹੈ ਉਹ ਨਿਸਫਲ ਸਿਧ ਹੋ ਗਿਆ।

**ਉਤਰ**—ਸਚਾਈ ਨੂੰ ਗੁੰਮ ਕਰਨ ਲਗਿਆਂ ਕਈ ਉਪਾ ਕਰਨੇ ਪੈਂਦੇ ਹਨ ਤਿਵੇਂ ਇਸ ਪੌੜੀ ਦੇ ਅਰਥ ਦੀ ਸਚਾਈ ਉਤੇ ਦੇਵੀ ਵਿਰੁਧ ਪਾਰਟੀ ਦੇ ਸਜਣ ਪੜਦੇ ਪਾਉਣ ਦੀ ਕੋਸ਼ਿਸ਼ ਕਰਦੇ ਹਨ, ਇਥੇ ਸ੍ਰੀ ਭਾਗ ਮਲ ਜੀ ਭਗਉਤੀ ਦਾ ਅਰਥ ਅਕਾਲ ਪੁਰਖ ਲਿਖ ਰਹੇ ਹਨ ਤੇ ਇਨ੍ਹਾਂ ਦੇ ਸਾਥੀ ਖਾਲਸਾ ਕਾਲਜ ਅੰਮ੍ਰਿਤਸਰ ਦੇ ਗਿਆਨੀ ਸ੍ਰੀ ਮਾਨ ਬਿਸ਼ਨ ਸਿੰਘ ਜੀ ਨੇ ਦਸਮ ਗੁਰੂ ਗਰੰਥ ਸਾਹਿਬ ਜੀ ਦਾ ਟੀਕਾ ਕਰਦਿਆਂ ਹੋਇਆਂ ਦੂਜੀ ਪੋਥੀ ਸੰ: ਬਿ: ੧੯੯੮ ਵਿਚ

Digitized by Panjab Digital Library | www.panjabdigilib.org

ਛਪੀ ਦੇ ਸਫ਼ਾ ੧੨੨ ਤੇ ਇਸ ਪ੍ਰਿਥਮ ਭਗਉਤੀ ਸਿਮੰਰ ਕੈ, ਦਾ ਅਰਥ, ਪਹਿਲੇ ਤਲਵਾਰ ਨੂੰ ਯਾਦ ਕਰਕੇ ਫਿਰ ਗੁਰੂ ਨਾਨਕ ਨੂੰ ਚੇਤੇ ਕਰਦਾ ਹਾਂ, ਲਿਖਿਆ ਹੈ, ਤਾਂ ਕੀ ਸੱਚ ਮੰਨਿਆ ਜਾਵੇ ਕੀ ਤਲਵਾਰ ਕਿ ਅਕਾਲ ਪੁਰਖ।

**(੨੧) ਪ੍ਰਸ਼ਨ**—ਤਲਵਾਰ ਲੋਹੇ ਦੀ ਬਣੀ ਹੋਈ ਹੋਣ ਕਰਕੇ ਜੜ੍ਹ ਹੈ ਅਤੇ ਸਿਖ ਪੰਥ ਵਿਚ ਜੜ੍ਹ ਪੂਜਾ ਦਾ ਨਿਸ਼ੇਧ ਹੈ ਇਸ ਲਈ ਇਥੇ ਭਗਉਤੀ ਦਾ ਅਰਥ ਤਲਵਾਰ ਨਹੀਂ ਕਿੰਤੂ ਅਕਾਲ ਪੁਰਖ ਹੀ ਠੀਕ ਜਚਦਾ ਹੈ।

**ਉੱਤਰ**--ਬਚਿਤ੍ਰ ਨਾਟਕ ਧਿਆ ੧ ਦੇ ਸ਼ੁਰੂ ਵਿਚ ਹੀ, ਨਮਸਕਾਰ ਸ੍ਰੀ ਖੜਗ ਕੋ ਕਰੌਂ ਸੁ ਹਿਤੁ ਚਿਤੁ ਲਾਇ, ਪੂਰਨ ਕਰੌ ਗ੍ਰੰਥ ਇਹ ਤੁਮ ਮੁਹਿ ਕਰਹੁ ਸਹਾਇ (੧) ਵਾਕ ਸ੍ਰੀ ਦਸਮੇਸ਼ ਜੀ ਦੇ ਹਨ ਇਸ ਵਿਚ ਸ੍ਰੀ ਦਸਮੇਸ਼ ਜੀ ਖੜਗ = ਤਲਵਾਰ ਨੂੰ ਪਹਿਲੇ ਨਮਸਕਾਰ ਕਰਦੇ ਹਨ ਤਾਂ ਸਿਖ ਪੰਥ ਕਿਵੇਂ ਤਲਵਾਰ (ਜੜ੍ਹ) ਪੂਜਾ ਤੋਂ ਬਰੀ ਹੈ ਪਰ ਸਾਡਾ ਇਥੇ ਇਹ ਵਿਸ਼ਜ ਨਹੀਂ, ਇਸ ਲਈ ਅਸੀਂ ਇਸ ਬਹਿਸ ਵਿਚ ਨਹੀਂ ਪੈਂਦੇ, ਵਿਸ਼ਜ ਇਹ ਹੈ ਕਿ ਭਗਉਤੀ ਦਾ ਅਰਥ ਇਥੇ ਦੇਵੀ ਹੈ ਕਿ ਅਕਾਲ ਪੁਰਖ, ਅਕਾਲ ਪੁਰਖ ਅਰਥ ਕਰਨਾ ਧਿੰਗਾ ਜੋਰੀ ਹੈ ਵਾਸਤਵ ਅਰਥ ਇਥੇ ਅਕਾਲ ਪੁਰਖ ਨਹੀਂ ਬਣਦਾ ਕਿਉਂਕਿ ਇਹ ਵਾਰ ਭਗਉਤੀ ਜੀ ਕੀ ਪਾਤਸ਼ਾਹੀ ੧੦ ਹੈ ਇਸ ਸਾਰੀ ਵਾਰ ਵਿਚ ਸ੍ਰੀ ਦੇਵੀ ਦੀ ਹੀ ਉਸਤਤੀ ਹੈ ਇਸੇ ਲਈ ਇਸ ਵਾਰ ਦਾ ਨਾਮ, ਵਾਰ ਭਗਉਤੀ ਜੀ ਕੀ, ਹੈ ਅਤੇ ਇਸ ਸਾਰੀ ਵਾਰ ਦੀਆਂ ੫੫ ਪੌੜੀਆਂ

Digitized by Panjab Digital Library | www.panjabdigilib.org

ਹਨ ਔਰ ਵਾਰ ਦੀ ਅੰਤਲੀ ਪਉੜੀ ਦੇ ਅੰਤ ਵਿਚ ਸ੍ਰੀ ਗੁਰੂ ਜੀ ਨੇ ਲਿਖਿਆ ਹੈ ਕਿ, ਦੁਰਗਾ ਪਾਠ ਬਣਾਇਆ, ਸਭੇ ਪਉੜੀਆਂ ਫੇਰਿ ਨ ਜੂਨੀ ਆਇਆ ਜਿਨਿ ਇਹੁ ਗਾਇਆ, ਇਸ ਤੋਂ ਸਾਬਤ ਹੁੰਦਾ ਹੈ ਸ੍ਰੀ ਦਸਮੇਸ਼ ਜੀ ਨੇ ਇਸ ਵਾਰ ਦੀਆਂ ਸਾਰੀਆਂ ੫੫ ਪੌੜੀਆਂ ਵਿਚ ਹੀ ਦੁਰਗਾ = ਦੇਵੀ ਦਾ ਪਾਠ ਬਣਾਇਆ ਹੈ ਉਹ ਫੇਰ ਜੂਨਾਂ ਵਿਚ ਨਹੀਂ ਆਇਆ ਜਿਸਨੇ ਇਸਨੂੰ ਗਾਇਆ ਹੈ, ਇਹ ਵਰ ਦਾਨ ਵੀ ਗੁਰੂ ਜੀ ਨੇ ਨਾਲ ਹੀ ਲਿਖ ਦਿਤਾ ਹੈ, ਤਾਂਤੇ ਇਸ ਵਾਰ ਦੇ ਆਦਿ ਵਾਲਾ ਸਿਰਲੇਖ, ਵਾਰ ਸ੍ਰੀ ਭਗਉਤੀ ਜੀ ਕੀ ਅਤੇ ਅੰਤ ਵਾਲਾ ਕਥਨ ਕਿ, ਦੁਰਗਾ ਪਾਠ ਬਣਾਇਆ ਸਭੇ ਪਉੜੀਆਂ ਆਦਕ ਪੜ੍ਹਨ ਤੋਂ ਸਾਬਤ ਹੋ ਜਾਂਦਾ ਹੈ ਕਿ ਇਸ ਪਹਿਲੀ ਪੌੜੀ, ਪ੍ਰਿਥਮ ਭਗਉਤੀ ਸਿਮਰ ਕੈ ॥ ਆਦਕ ਵਿਚ ਵੀ ਸ੍ਰੀ ਦੇਵੀ ਜੀ ਨੂੰ ਹੀ ਪਹਿਲੇ ਸਿਮਰਿਆ ਅਰਥ ਹੈ।

ਬਾਕੀ ਜਿਸ ਸ੍ਰੀ ਮਾਨ ਪੰਡਿਤ ਤਾਰਾ ਸਿੰਘ ਨਰੋਤਮ ਜੀ ਦੇ ਰਚੇ ਗ੍ਰੰਥ ਪੜ੍ਹਨ ਦਾ ਸ੍ਰੀ ਭਾਗ ਮਲ ਜੀ ਆਪਣੇ ਗੁਰਮਤ ਦਰਸ਼ਨ ਦੇ ਸਫਾ ੨੩ ਤੇ ਉਪਦੇਸ਼ ਕਰਦੇ ਹਨ ਉਸੇ ਸ੍ਰੀ ਮਾਨ ਪੰਡਿਤ ਤਾਰਾ ਸਿੰਘ ਜੀ ਦੇ ਰਚੇ, ਗੁਰੂ ਗ੍ਰਿਰਥ ਕੋਸ਼, ਜਿਲਦ ਦੂਜੀ ਸਫਾ ੪੪੭ ਤੇ ਭਗਉਤੀ ਦੇ ਅਰਥ ਵਿਚ ਇਹ ਵੀ ਅਰਥ ਲਿਖਿਆ ਹੈ ਕਿ, ਭਗਵਤੀ-ਦੁਰਗਾ, ਜੈਸੇ ਪ੍ਰਥਮ ਭਗਉਤੀ ਸਿਮਰ ਕੇ ਗੁਰ ਨਾਨਕ ਲਈ ਧਿਆਇ ॥ ਤਾਂ ਪਤਾ ਨਹੀਂ ਆਪ ਸ੍ਰੀ ਭਾਗ ਮਲ ਜੀ ਨੇ ਉਸੇ ਪੰਡਿਤ ਤਾਰਾ ਸਿੰਘ ਜੀ ਦੇ ਗ੍ਰੰਥ ਵਿਚੋਂ, ਪ੍ਰਿਥਮ ਭਗਉਤੀ ਸਿਮਰ ਕੈ ॥ ਦਾ ਅਰਥ ਭਗਵਤੀ ਦੁਰਗਾ ਕਿਉਂ

Digitized by Panjab Digital Library | www.panjabdigilib.org

ਨਹੀਂ ਮੰਨਿਆ ਤੇ ਅਕਾਲ ਪੁਰਖ ਲਿਖ ਦਿਤਾ ਹੈ, ਇਹ ਵੀ ਪਤਾ ਨਹੀਂ ਲਗਾ ਇਥੇ ਭਗਉਤੀ ਦਾ ਅਰਥ ਕਿਸ ਹਿਸਾਬ ਨੂੰ ਮੁਖ ਰਖ ਕੇ ਅਕਾਲ ਪੁਰਖ ਲਿਖ ਦਿਤਾ ਹੈ ਅਤੇ ਅਕਾਲ ਪੁਰਖ ਦੇ ਕੇੜ੍ਹੇ ਗੁਣ ਕਰਮ ਕਰਕੇ ਉਸਦਾ ਭਗਉਤੀ ਨਾਮ ਚਾਲੂ ਕੀਤਾ ਗਿਆ ਹੈ, ਮਲੂਮ ਹੁੰਦਾ ਹੈ ਸ੍ਰੀ ਭਾਗ ਮਲ ਜੀ ਦਾ ਵਿਆ ਕਰਨ ਕੋਈ ਵਖਰਾ ਹੀ ਹੈ ਜਿਸਨੂੰ ਕੋਈ ਵਿਦਵਾਨ ਭੀ ਨਹੀਂ ਜਾਣ ਸਕਦੇ।

**(੨੨) ਪ੍ਰਸ਼ਨ**--ਗੁਰਮਤ ਦਰਸ਼ਨ ਦੇ ਸਫਾ ੧੧ ਤੇ ਲਿਖਿਆ ਹੈ ਕਿ, ਜੇ ਇੰਜ ਗਲ ਹੈ ਤਾਂ ਇਸੇ ਭਗਉਤੀ ਦੀ ਵਾਰ ਵਿਚ ਲਿਖੇ, ਲਈ ਭਗਉਤੀ ਦੁਰਗ ਸਾਹ ਵਰ ਜਾਗਨ ਭਾਰੀ......ਦਾ ਕੀ ਅਰਥ ਕਰੋਗੇ ......ਜਾਂ ਫਿਰ ਸਿਧੀ ਤਰ੍ਹਾਂ ਇਥੇ ਲਿਖੇ ਭਗਉਤੀ ਸ਼ਬਦ ਦਾ ਅਰਥ ਕ੍ਰਿਪਾਨ ਕਰੋਗੇ, ਕਿਉਂਕਿ ਪਦਾਂ ਦੇ ਅਰਥ ਅਸਥਾਨ ਭੇਦ ਅਤੇ ਪ੍ਰਕਰਨ ਅਨੁਸਾਰ ਵਰਤੇ ਜਾਂਦੇ ਹਨ ਤਾਂਤੇ ਉਪ੍ਰੋਕਤ ਸ੍ਰੀ ਭਾਗ ਮੁਲ ਜੀ ਦੇ ਲੇਖ ਅਨੁਸਾਰ ਇਥੇ ਇਸੇ ਵਾਰ ਵਿਚ ਹੀ ਭਗਉਤੀ ਦਾ ਅਰਥ ਕ੍ਰਿਪਾਨ ਸਿਧ ਹੋ ਰਿਹਾ ਹੈ, ਇਸ ਲਈ ਇਥੇ ਪਹਿਲੇ ਕ੍ਰਿਪਾਨ ਨੂੰ ਸਿਮਰਿਆ ਅਰਥ ਕੀਤਾ ਜਾਵੇ ਤਾਂ ਠੀਕ ਹੋਵੇਗਾ।

**ਉੱਤਰ**--ਸਾਡਾ ਇਥੇ ਇਹ ਵਿਸ਼ਯ ਹੀ ਨਹੀਂ ਕਿ ਇਸ ਵਾਰ ਵਿਚ ਭਗਉਤੀ ਪਦ ਦਾ ਕਿਤੇ ਕ੍ਰਿਪਾਨ ਅਰਥ ਹੈ ਜਾਂ ਨਹੀਂ ਜਾਂ ਪ੍ਰਕਰਨ ਅਨੁਸਾਰ ਪਦਾਂ ਦੇ ਅਰਥ ਅਸਥਾਨ ਭੇਦ ਤੇ ਨਹੀਂ ਵਰਤੇ ਜਾਂਦੇ ਕਿੰਤੂ ਸਾਡਾ ਵਿਸ਼ਯ ਹੈ

Digitized by Panjab Digital Library | www.panjabdigilib.org

ਕਿ ਇਸ ਸਾਰੀ ਵਾਰ ਵਿਚ ਸ੍ਰੀ ਦੇਵੀ ਜੀ ਦੀ ਹੀ ਉਸਤਤੀ ਹੈ। ਇਸੇ ਲਈ ਇਸ ਵਾਰ ਦਾ ਨਾਮ 'ਭਗਉਤੀ ਜੀ' ਕੀ ਹੈ। ਜੇਕਰ ਸਾਰੀ ਵਾਰ ਵਿਚ ਕ੍ਰਿਪਾਨ ਦੀ ਹੀ ਉਸਤਤੀ ਹੁੰਦੀ ਤੇ ਫਿਰ ਇਥੇ ਭਗਉਤੀ ਦਾ ਅਰਥ ਕਿਰਪਾਨ ਹੀ ਕੀਤਾ ਜਾਂਦਾ ਪਰੰਤੂ ਜੰਗ ਦੇ ਪ੍ਰਕਰਨ ਵਿਚ ਕਿਤੇ ਕਿਰਪਾਨ ਜਾਂ ਕਿਸੇ ਹੋਰ ਸ਼ਸਤਰਾਂ ਦਾ ਨਾਮ ਆ ਜਾਣ ਕਰਕੇ ਹੀ ਉਸ ਸਾਰੀ ਵਾਰ ਵਿਚ ਉਸ ਕਿਰਪਾਨ ਜਾਂ ਕਿਸੇ ਹੋਰ ਸ਼ਸਤਰਾਂ ਦੀ ਉਸਤਤੀ ਨਹੀਂ ਮੰਨੀ ਜਾ ਸਕਦੀ ਕਿੰਤੂ ਸਾਰੀ ਵਾਰ ਵਿਚ ਉਸਤਤੀ ਉਸੇ ਦੀ ਹੀ ਮੰਨੀ ਜਾਂਦੀ ਹੈ ਜਿਸ ਦੀ ਉਸਤਤੀ ਦਾ ਵਰਨਣ ਸਾਰੀ ਵਾਰ ਵਿਚ ਹੀ ਹੋਵੇ ਤਾਂਤੇ ਅਜਿਹੀ ਉਸਤਤੀ ਇਸ ਵਾਰ ਵਿਚ ਸ੍ਰੀ ਦੇਵੀ ਜੀ ਦੀ ਹੈ ਕਿਉਂਕਿ ਸਿਰੀ ਦਸਮੇਸ਼ ਜੀ ਅੰਤ ਵਿਚ ਆਪ ਲਿਖ ਰਹੇ ਹਨ ਕਿ, 'ਦੁਰਗਾ ਪਾਠ ਬਣਾਇਆ ਸਭੇ ਪਉੜੀਆਂ' ਇਸ ਵਾਰ ਦੀਆਂ ਸਾਰੀਆਂ ਪਉੜੀਆਂ ਵਿਚ ਦੁਰਗਾ = ਦੇਵੀ ਦਾ ਹੀ ਇਹ ਪਾਠ ਬਣਾਇਆ ਹੈ, ਤਾਂ ਇਹ ਕਿਵੇਂ ਮੰਨਿਆ ਜਾਵੇ ਕਿ ਇਸ ਵਾਰ ਵਿਚ ਉਸਤਤੀ ਕ੍ਰਿਪਾਨ ਜਾਂ ਅਕਾਲ ਪੁਰਖ ਦੀ ਹੈ।

ਬਾਕੀ ਸ੍ਰੀ ਭਾਗ ਮਲ ਜੀ ਜਦ ਆਪ 'ਪ੍ਰਿਥਮ ਭਗਉਤੀ ਸਿਮਰ ਕੈ' ਦਾ ਅਰਥ ਕ੍ਰਿਪਾਨ ਨੂੰ ਪਹਿਲੇ ਸਿਮਰਨਾ ਨਹੀਂ ਕਰਦੇ ਤਾਂ ਉਨ੍ਹਾਂ ਦਾ ਇਥੇ ਭਗਉਤੀ ਪਦ ਦਾ ਅਰਥ ਕਿਰਪਾਨ ਵੀ ਹੈ, ਸਿਧ ਕਰਨ ਦਾ ਪ੍ਰਯੋਜਨ ਕੀ ਸਿਧ ਹੋ ਸਕਦਾ ਹੈ ? ਕਿਉਂਕਿ ਉਨ੍ਹਾਂ ਅਰਥ ਕੀਤਾ ਹੈ ਕਿ ਪਹਿਲੇ ਅਕਾਲ ਪੁਰਖ ਨੂੰ ਸਿਮਰ ਕੇ, ਤਾਂ ਉਨ੍ਹਾਂ ਨੂੰ ਚਾਹੀਦਾ ਸੀ ਕਿ ਭਗਉਤੀ ਪਦ ਦਾ ਅਰਥ ਕਿਤੋਂ ਅਕਾਲਪੁਰਖ ਸਿਧ

Digitized by Panjab Digital Library | www.panjabdigilib.org

ਕਰਦੇ, ਪਰੰਤੂ ਇੰਜ ਉਹ ਕਰ ਨਹੀਂ ਸਕੇ ਤਾਂਤੇ ਕਿਰਪਾਨ ਅਰਥ ਸਿਧ ਕਰਨੇ ਸੇ ਉਨ੍ਹਾਂ ਨੂੰ ਕੋਈ ਲਾਭ ਨਹੀਂ ਹੋਇਆ, ਇਹ ਤਾਂ ਇਕ ਨਿਰੁਤ੍ਰ ਹੋਣ ਦਾ ਸਬੂਤ ਹੈ ।

**(੨੩) ਪ੍ਰਸ਼ਨ**--ਗੁਰਮਤ ਦਰਸ਼ਨ ਦੇ ਸਫਾ ੧੮ ਤੇ ਭਗਉਤੀ ਪਦ ਦਾ ਅਰਥ ਅਕਾਲਪੁਰਖ ਲਿਖਿਆ ਹੈ ਯਥਾ: ਜਿਵੇਂ 'ਲਈ ਭਗਉਤੀ ਦੁਰਗ ਸਾਹ, ਵਾਲੀ ਤੁਕ ਵਿਚ ਭਗਉਤੀ ਦਾ ਅਰਥ ਤਲਵਾਰ ਹੈ ਤਿਵੇਂ ਹੀ 'ਪ੍ਰਿਥਮ ਭਗਉਤੀ ਸਿਮਰ ਕੈ' ਵਾਲੀ ਪੰਗਤੀ ਵਿਚ ਭਗਉਤੀ ਪਦ ਦਾ ਅਰਥ ਪ੍ਰਕਰਨ ਅਨੁਸਾਰ ਅਕਾਲ ਪੁਰਖ ਹੈ ਤਾਂਤੇ ਸ੍ਰੀ ਭਾਗਮਲ ਜੀ ਨਿਰੁਤ੍ਰ ਨਹੀਂ ਹਨ ।

**ਉਤਰ**--ਇਸ ਵਿਚ ਭਗਉਤੀ ਦਾ ਅਰਥ ਅਕਾਲ ਪੁਰਖ ਕਰਨ ਲਗਿਆਂ ਸ੍ਰੀ ਮਾਨ ਜੀ ਨੇ ਸਬੂਤ ਕੀ ਪੇਸ਼ ਕੀਤਾ ਹੈ ਕੀ ਇਹੀ ਸਬੂਤ ਪਰਗਟ ਕੀਤਾ ਹੈ ਕਿ ਪਰਕਰਨ ਅਨੁਸਾਰ ਅਰਥ ਅਕਾਲ ਪੁਰਖ ਹੈ । ਸ੍ਰੀ ਮਾਨ ਜੀ ਉਥੇ ਪਰਕਰਨ ਜੰਗ ਦਾ ਚਲਿਆ ਹੋਣ ਕਰਕੇ ਭਗਉਤੀ ਦਾ ਅਰਥ ਪਰਕਰਨ ਅਨੁਸਾਰ ਕਿਰਪਾਨ ਤਾਂ ਹੋ ਸਕਦਾ ਹੈ ਪਰੰਤੂ ਪ੍ਰਿਥਮ ਭਗਉਤੀ ਸਿਮਰ ਕੈ ॥ ਦੇ ਸ਼ੁਰੂ ਵਿਚ ਕਿਸਦਾ ਪ੍ਰਕਰਨ ਚਲਿਆ ਹੋਇਆ ਹੈ ਜਿਸ ਪ੍ਰਕਰਨ ਅਨੁਸਾਰ ਇਥੇ ਅਕਾਲ ਪੁਰਖ ਅਰਥ ਕੀਤਾ ਆਪ ਜੀ ਦਾ ਮੰਨ ਲਿਆ ਜਾਵੇ,ਇਸਤੋਂ ਪਹਿਲੇ ਤਾਂ,ਵਾਰ ਸ੍ਰੀ ਭਗਉਤੀ ਜੀ ਕੀ ਪਾ: ੧੦ ਲਿਖਿਆ ਹੈ ਜਿਸਦਾਂ ਸ੍ਰੀ ਦਸਮੇਸ਼ ਜੀ ਭਗਉਤੀ ਜੀ ਦੀ ਵਾਰ ਨੂੰ ਲਿਖਦੇ ਹਨ ਇਹ

Digitized by Panjab Digital Library | www.panjabdigilib.org

ਅਰਥ ਹੋ ਸਕਦਾ ਹੈ, ਜੇਕਰ ਇਸ ਸਾਰੀ ਵਾਰ ਦੀ ਖੋਜ ਕਰੀਏ ਤਾਂ ਸ੍ਰੀ ਦੇਵੀ ਜੀ ਦੀ ਹੀ ਵਿਚ ਉਸਤਤੀ ਹੈ ਤਾਂ ਫਿਰ ਪ੍ਰਕਰਨ ਅਨੁਸਾਰ ਅਕਾਲ ਪੁਰਖ ਅਰਥ ਕਿਵੇਂ ਬਣ ਗਿਆ ਜੇਕਰ ਇਥੇ ਇਹ ਕਿਹਾ ਜਾਵੇ ਕਿ ਪਹਿਲੇ ਅਕਾਲ ਪੁਰਖ ਦਾ ਮੰਗਲ ਕਰਨਾ ਸੁਭਾਵਕ ਪ੍ਰਕਰਨ ਹੀ ਹੁੰਦਾ ਹੈ, ਤਾਂ ਇਹ ਕੋਈ ਨਿਯਮ ਨਹੀਂ ਕਿ ਪਹਿਲੇ ਮੰਗਲ ਅਕਾਲ ਪੁਰਖ ਦਾ ਹੀ ਹੁੰਦਾ ਹੈ, ਕਿੰਤੂ ਜਿਸਨੂੰ ਕੋਈ ਮੰਨਣ ਵਾਲਾ ਹੋਵੇ ਉਸੇ ਦਾ ਹੀ ਪਹਿਲੇ ਮੰਗਲ ਕੀਤਾ ਜਾ ਸਕਦਾ ਹੈ ਸ੍ਰੀ ਦਸਮੇਸ਼ ਜੀ ਚੰਡੀ ਚਰਿਤ੍ਰਾਂ ਵਿਚ ਜਦ ਥਾਂ ਥਾਂ ਤੇ ਸ੍ਰੀ ਦੇਵੀ ਜੀ ਕੋਲੋਂ ਵਰ ਮੰਗਦੇ ਸਿਧ ਹੁੰਦੇ ਹਨ ਤਾਂ ਇਥੇ ਉਸ ਦੇਵੀ ਦਾ ਮੰਗਲ ਕਰਨਾ ਵੀ ਕੋਈ ਅਨੁਚਿਤ ਨਹੀਂ ਜੇਕਰ ਹਠ ਹੀ ਕੀਤਾ ਜਾਵੇ ਕਿ ਸ੍ਰੀ ਦਸਮੇਸ਼ ਜੀ ਮੰਗਲ ਪਹਿਲੇ ਅਕਾਲ ਪੁਰਖ ਦਾ ਹੀ ਕਰਦੇ ਹਨ ਤਾਂ ਬਚਿਤ੍ਰ ਨਾਟਕ ਧਿਆ ੧ ਪਹਿਲੇ ਦੇ ਸ਼ੁਰੂ ਵਿਚ ਹੀ ਗ੍ਰੰਥ ਪੂਰਨ ਕਰਨ ਦੀ ਪ੍ਰਾਰਥਨਾ ਸ੍ਰੀ ਤਲਵਾਰ ਅੱਗੇ ਕੀਤੀ ਹੋਈ ਹੈ ਯਥਾ ਨਮਸਕਾਰ ਸ੍ਰੀ ਖੜਗ ਕੋ ਕਰੌ ਸੁਹਿਤ ਚਿਤ ਲਾਇ ॥ ਪੂਰਨ ਕਰੋ ਗ੍ਰੰਥ ਇਹ ਤੁਮ ਮੋਹਿ ਕਰਹੁ ਸਹਾਇ ॥ ਤਾਂਤੇ ਇਹ ਨਿਜਮ ਨਹੀਂ ਰਿਹਾ ਕਿ ਪਹਿਲੇ ਮੰਗਲ ਅਕਾਲ ਪੁਰਖ ਦਾ ਹੀ ਕਰਦੇ ਹਨ, ਪ੍ਰੰਤੂ ਇਥੇ ਤਾਂ ਸ੍ਰੀ ਦਸ਼ਮੇਸ਼ ਜੀ ਆਪ ਮੰਗਲ ਵੀ ਨਹੀਂ ਕਰ ਰਹੇ ਕਿੰਤੂ ਉਹ ਤਾਂ ਲਿਖ ਰਹੇ ਹਨ ਕਿ ਪਹਿਲੇ ਭਗਉਤੀ ਸਿਮਰ ਕੇ ਗੁਰੂ ਨਾਨਕ ਦੇਵ ਜੀ ਨੇ ਧਿਆ ਲਈ ਸੀ ਇਸੇ ਤਰ੍ਹਾਂ ਬਾਕੀ ਦੇ ਗੁਰੂ ਸਾਹਿਬਾਂ ਬਾਬਤ ਵੀ ਭਗਉਤੀ ਮਨਾਈ ਲਿਖ ਰਹੇ ਹਨ ਤਾਂ ਅਕਾਲ ਪੁਰਖ ਦੇ ਕੇੜ੍ਹੇ ਪ੍ਰਕਰਨ

ਅਨੁਸਾਰ ਇਥੇ ਅਰਥ ਅਕਾਲ ਪੁਰਖ ਹੋ ਸਕੇਗਾ ਕਾਰਨ ਇਹ ਕਿ ਜਦ ਸ੍ਰੀ ਗੁਰੂ ਸਾਹਿਬ ਅੰਤ ਵਿਚ ਚਿਤਾਵਨੀ ਦੇ ਰਹੇ ਹਨ ਕਿ ਦੁਰਗਾ ਪਾਠ ਬਣਾਇਆ ਸਭੇ ਪਉੜੀਆਂ ਤਾਂ ਪਉੜੀਆਂ ਸਭੇ ਦਾ ਨੰਬਰ ੫੫ ਹੈ ਇਸ ਲਈ ਇਸ ਪਹਿਲੀ ਪਉੜੀ ਵਿਚ ਵੀ ਪਾਠ ਦੁਰਗਾ ਦਾ ਹੀ ਹੋਣਾ ਚਾਹੀਦਾ ਹੈ ਅਕਾਲ ਪੁਰਖ ਦਾ ਨਹੀਂ ਤਾਂਤੇ ਇਥੇ ਪਹਿਲੇ ਭਗੌਤੀ ਦਾ ਅਰਥ ਦੁਰਗਾ = ਦੇਵੀ ਹੀ ਹੋ ਸਕਦਾ ਹੈ ਹੋਰ ਨਹੀਂ।

**(੨੪) ਪ੍ਰਸ਼ਨ**--ਗੁਰਮਤ ਦਰਸ਼ਨ ਸਫਾ ੧੮ ਤੇ ਲਿਖਿਆ ਹੈ ਕਿ ਇਸ ਵਾਰ ਦੀਆਂ ੫੩ ਪਉੜੀਆਂ ਜੋ ਮੂਲ ਪਾਠ ਦਾ ਟੀਕਾ ਹਨ ਵਿਚ ਦੇਵੀ ਦਾ ਯਸ਼ ਹੈ ਪ੍ਰੰਤੂ ਪਹਿਲੀਆਂ ਦੋ ਪੌੜੀਆਂ ਜੋ ਮੰਗਲ ਰੂਪ ਹਨ ਵਿਚ ਸ੍ਰੀ ਦਸਮੇਸ਼ ਜੀ ਵਲੋਂ ਆਦਿ ਗੁਰੂ ਸਾਹਿਬਾਂ ਦਾ ਮੰਗਲ ਅਤੇ ਅਕਾਲ ਪੁਰਖ ਦਾ ਯਸ ਵਰਨਨ ਹੈ। ਜਿਹਾ ਕਿ, ਤੈਥੋਂ ਹੀ ਬਲਰਾਮ ਲੈ ਅਤੇ ਤੈਥੋਂ ਹੀ ਬਲਕ੍ਰਿਸ਼ਨ ਲੈ ਤਥਾ– ਤੈ ਹੀ ਦੁਰਗਾ ਸਾਜ ਕੈ, ਆਦਿ ਵਾਕਾਂ ਤੋਂ ਪਰਗਟ ਹੈ। ਤਾਂਤੇ ਇਸ ਵਾਰ ਦੀਆਂ ੫੫ ਹੀ ਪੌੜੀਆਂ ਵਿਚ ਸ੍ਰੀ ਦੇਵੀ ਦਾ ਯਸ਼ (ਉਸਤਤੀ) ਨਹੀਂ ਕਿੰਤੂ ੫੩ ਪੌੜੀਆਂ ਵਿਚ ਹੈ ਅਤੇ ਤੁਸੀਂ ਕਹਿ ਰਹੇ ਹੋ ਇਸ ਵਾਰ ਦੀਆਂ ੫੫ ਪੌੜੀਆਂ ਵਿਚ ਹੀ ਦੇਵੀ ਦੀ ਉਸਤਤੀ ਹੈ।

**ਉਤਰ** -ਪਿਛੇ ਦਸਿਆ ਗਿਆ ਹੈ ਕਿ ਇਹ ਵਾਰ ਭਗਉਤੀ ਜੀ ਕੀ (ਚੰਡੀ ਦੀ ਵਾਰ) ਕਿਸੇ ਮੂਲ ਸੰਸਕ੍ਰਿਤ ਦਾ ਟੀਕਾ ਨਹੀਂ ਐਵੇਂ ਧਿੰਗਾਜ਼ੋਰੀ ਟੀਕਾ ਹੈ ਕਹੀ ਜਾਣਾ

Digitized by Panjab Digital Library | www.panjabdigilib.org

ਕੋਈ ਸਮਝਦਾਰੀ ਨਹੀਂ, ਟੀਕੇ ਹੋਣ ਦੀ ਪੁਸ਼ਟੀ ਹਿਤ ਜੋ ਪਿਛੇ ਪਰਮਾਣ ਪਰਗਟ ਕੀਤੇ ਹਨ ਉਹ ਟੀਕੇ ਹੋਣ ਦੀ ਕੋਈ ਪੁਸ਼ਟੀ ਨਹੀਂ ਕਰਦੇ ਇਹ ਪਿਛੇ ਦਰਸਾ ਆਏ ਹਾਂ, ਬਾਕੀ ਰਿਹਾ ੫੩ ਪੌੜੀਆਂ ਵਿਚ ਦੇਵੀ ਦਾ ਯਸ਼ ਵਰਨਨ ਹੈ ਇਹ ਗਲ ਸ੍ਰੀ ਦਸਮੇਸ਼ ਜੀ ਦੇ ਇਸ ਵਾਰ ਦੇ ਅੰਤ ਵਿਚ ਉਚਾਰੇ, ਦੁਰਗਾ ਪਾਠ ਬਣਾਇਆ ਸਭੇ ਪਉੜੀਆਂ, ਵਾਕ ਨਾਲ ਸਿੱਧ ਨਹੀਂ ਹੁੰਦੀ ਕਿਉਂਕਿ ਗੁਰੂ ਜੀ ਇਸ ਵਾਰ ਦੀਆਂ ਸਭੇ = ਸਾਰੀਆਂ ਪੌੜੀਆਂ ਹੀ ਦੁਰਗਾ ਪਾਠ ਬਣਾਏ ਜਾਣ ਦੀ ਸੂਚਨਾਂ ਦੇ ਰਹੇ ਹਨ ਅਤੇ ਇਸ ਵਾਰ ਦੀਆਂ ਸਾਰੀਆਂ ਪੌੜੀਆਂ ਦੇ ਨੰਬਰ ਅਜ ੫੫ ਮਿਲਦੇ ਹਨ ਇਸ ਲਈ ੫੫ ਪੌੜੀਆਂ ਵਿਚ ਹੀ ਦੇਵੀ ਦਾ ਯੱਸ਼ ਹੈ ਅਰਥ ਹੋ ਸਕਦਾ ਹੈ, ਔਰ ਜੇਕਰ ਸ੍ਰੀ ਦਸਮੇਸ਼ ਜੀ ਨੇ ੫੩ ਪੌੜੀਆਂ ਵਿਚ ਦੁਰਗਾ ਪਾਠ ਬਣਾਇਆ ਹੋਇਆ ਹੁੰਦਾ ਤਾਂ ਉਹ ਸਭੇ ਪਉੜੀਆਂ ਦੀ ਥਾਂਵੇਂ ੫੩ ਪੌੜੀਆਂ ਦੀ ਸੂਚਨਾਂ ਹੀ ਦਿੰਦੇ, ਤਾਂਤੇ ਸਾਨੂੰ ਸ੍ਰੀ ਦਸਮੇਸ਼ ਜੀ ਦੇ ਵਾਕਾਂ ਤੇ ਨਿਸਚਾ ਹੈ, ਉਪਰੋਕਤ ਸ੍ਰੀ ਭਾਗਮਲ ਜੀ ਦੇ (ਬਿਨਾਂ ਖੋਜ ਤੇ ਲਿਖੇ ਗਏ) ਵਾਕਾਂ ਤੇ ਨਹੀਂ। ਅਤੇ ਦੂਜੀ ਪੌੜੀ ਵਿਚ ਜੇਕਰ ਅਕਾਲ ਪੁਰਖ ਦਾ ਯੱਸ਼ ਹੈ ਤੇ ਉਹ ਸ੍ਰੀ ਗੁਰੂ ਜੀ ਵਲੋਂ ਮੰਗਲ ਰੂਪ ਹੋ ਸਕਦਾ ਹੈ ਤਾਂ ੫੩ ਪੌੜੀਆਂ ਵਿਚ ਸ੍ਰੀ ਦੇਵੀ ਦਾ ਵੀ ਯੱਸ਼ ਹੀ ਹੈ ਤਾਂ ਉਹ ਮੰਗਲ ਰੂਪ ਕਿਵੇਂ ਨਹੀਂ ਹੋ ਸਕੇਗਾ।

ਤਥਾ:–ਜੇਕਰ ਖੋਜ ਦੀ ਦ੍ਰਿਸ਼ਟੀ ਨਾਲ ਦੇਖਿਆ ਜਾਵੇ ਤਾਂ ਪਹਿਲੀ ਪੌੜੀ ਵਿਚ ਵੀ ਸ੍ਰੀ ਦਸ਼ਮੇਸ਼ ਜ਼ੀ ਵਲੋਂ

Digitized by Panjab Digital Library | www.panjabdigilib.org

ਆਦਿ ਸ੍ਰੀ ਗੁਰੂ ਸਾਹਿਬਾਂ ਦਾ ਮੰਗਲ ਸਾਬਤ ਨਹੀਂ ਹੁੰਦਾ ਜਿਸਦੀ ਸੂਚਨਾਂ ਉਪਰੋਕਤ ਸ੍ਰੀ ਭਾਗਮਲ ਜੀ ਦਿੰਦੇ ਹਨ, ਕਿਉਂਕਿ ਪ੍ਰਿਥਮ ਭਗਉਤੀ ਸਿਮਰ ਕੈ। ਗੁਰ ਨਾਨਕ ਲਈ ਧਿਆਇ, ਪਾਠ ਵਿਚ ਜੇਕਰ ਸ੍ਰੀ ਦਸਮੇਸ਼ ਜੀ ਵਲੋਂ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਧਿਆਉਣ ਰੂਪ ਮੰਗਲ ਹੁੰਦਾ ਤਾਂ ਪਾਠ ਹੋਣਾ ਸੀ ਗੁਰ ਨਾਨਕ ਲਊਂ ਧਿਆਇ ਜਾਂ ਲਿਆ ਧਿਆਇ, ਪਰ ਇਥੇ ਪਾਠ ਹੈ, ਲਈ ਧਿਆਇ, ਜਿਸਦਾ ਅਰਥ ਗੁਰੂ ਨਾਨਕ ਦੇਵ ਜੀ ਨੇ ਧਿਆ ਲਈ, ਬਣਦਾ ਹੈ ਜੇਕਰ ਹਠ ਹੀ ਕੀਤਾ ਜਾਵੇ ਤਾਂ ਸ੍ਰੀ ਗੁਰੂ ਨਾਨਕ ਦੇਵ ਜੀ ਪੁਰਸ਼ ਸਰੂਪ ਵਿਚ ਸਨ ਉਹਨਾਂ ਨੂੰ ਯਾਦ ਕਰਨ ਵਾਸਤੇ ਲਈ ਧਿਆਇ, ਪਾਠ ਠੀਕ ਨਹੀਂ ਜਚਦਾ, ਕਿਉਂਕਿ ਇਸਦਾ ਅਰਥ ਹੋਵੇਗਾ ਕਿ ਸ੍ਰੀ ਦਸਮੇਸ਼ ਜੀ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਧਿਆ ਲਈ ਤਾਂ ਅਰਥ ਸਿਧੀ ਕੀ ਹੋ ਸਕਦੀ ਹੈ ਸਾਫ ਅਰਥ ਇਹੀ ਬਣਦਾ ਹੈ ਕਿ ਪਹਿਲੇ ਭਗਵਤੀ ਸਿਮਰ ਕੈ ਗੁਰੂ ਨਾਨਕ ਦੇਵ ਜੀ ਨੇ ਧਿਆ ਲਈ ਜੇਕਰ ਇਥੇ ਕਿਹਾ ਜਾਵੇ ਕਿ, ਪਾਠ ਲਈਂ ਧਿਆਇ ਹੈ ਤਾਂ, ਵੀ ਫਿਰ ਅਰਥ ਇਹ ਹੋ ਜਾਂਦਾ ਹੈ ਕਿ ਸ੍ਰੀ ਦਸਮੇਸ਼ ਜੀ ਕਿਸੇ ਦੂਸਰੇ ਨੂੰ ਉਪਦੇਸ਼ ਕਰਦੇ ਹਨ ਕਿ ਹੇ ਭਾਈ ਤੂੰ ਗੁਰੂ ਨਾਨਕ ਦੇਵ ਜੀ ਨੂੰ ਧਿਆ ਲਈਂ (ਲਵੀਂ) ਆਪਣੀ ਵਲੋਂ ਸ੍ਰੀ ਦਸਮੇਸ਼ ਜੀ ਦਾ ਮੰਗਲ ਫਿਰ ਵੀ ਸਿਧ ਨਹੀਂ ਹੁੰਦਾ।

ਜੇਕਰ ਇਥੇ ਕੁਛ ਸੰਸੇ ਰਹਿ ਜਾਵੇ ਤਾਂ ਦੂਜੀ ਤੁਕ ਵਿਚ ਪਾਠ ਹੈ, ਰਾਮ ਦਾਸੈ ਹੋਈ ਸਹਾਇ ॥ ਜੇਕਰ ਸ੍ਰੀ ਦਸਮੇਸ਼ ਜੀ ਵਲੋਂ ਮੰਗਲ ਹੁੰਦਾ ਤਾਂ ਪਾਠ ਹੁੰਦਾ, ਰਾਮ ਦਾਸ

ਜੀ ਹੋ ਸਹਾਇ ॥ ਕਿਉਂਕਿ ਰਾਮ ਦਾਸੈ ਹੋਈ ਸਹਾਇ ॥ ਦਾ ਅਰਥ ਇਹ ਬਣਦਾ ਹੈ ਕਿ, ਗੁਰੂ ਰਾਮ ਦਾਸ ਜੀ ਪਰ ਸਹਾਈ ਹੋਈ, ਇਹ ਭੂਤ ਕਾਲ ਦਾ ਸੂਚਕ ਹੋ ਜਾਂਦਾ ਹੈ, ਜੇਕਰ ਇਥੇ ਵੀ ਇਹ ਕਿਹਾ ਜਾਵੇ ਕਿ, ਹੋਈਂ ਸਹਾਇ ॥ ਪਾਠ ਹੈ ਤਾਂ ਫਿਰ ਅਰਥ ਹੋ ਜਾਵੇਗਾ ਕਿ ਸ੍ਰੀ ਦਸਮੇਸ਼ ਜੀ ਕਿਸੇ ਦੂਸਰੇ ਹਿਤ ਸਿਫਾਰਸ਼ ਕਰਦੇ ਹਨ ਕਿ ਗੁਰੂ ਰਾਮ ਦਾਸ ਜੀ ਇਸ ਪਰ ਸਹਾਈ ਹੋਈਂ (ਹੋਵੀਂ) ਜਾਂ ਗੁਰੂ ਰਾਮ ਦਾਸ ਜੀ ਵਾਸਤੇ ਕਹਿੰਦੇ ਹਨ ਕਿ ਗੁਰੂ ਰਾਮ ਦਾਸ ਜੀ ਪਰ ਸਹਾਈ ਹੋਵੀਂ, ਤਾਂ ਵੀ ਸ੍ਰੀ ਦਸਮੇਸ਼ ਜੀ ਵਲੋਂ ਗੁਰੂ ਰਾਮ ਦਾਸ ਜੀ ਨੂੰ ਧਿਆਉਣ ਰੂਪ ਮੰਗਲ ਅਰਥ ਨਹੀਂ ਬਣਦਾ।

ਤਥਾਃ–ਤੀਜੀ ਤੁਕ ਵਿਚ ਪਾਠ ਹੈ ਕਿ, ਸਿਮਰੌ ਸ੍ਰੀ ਹਰਿ ਰਾਇ ॥ ਇਸ ਵਿਚ ਵੀ ਸ੍ਰੀ ਦਸਮੇਸ਼ ਜੀ ਵਲੋਂ ਮੰਗਲ ਹੁੰਦਾ ਤਾਂ ਪਾਠ ਹੁੰਦਾ, ਸਿਮਰੂੰ ਸ੍ਰੀ ਹਰਿ ਰਾਇ ॥ ਚੌਥੀ ਤੁਕ ਵਿਚ ਪਾਠ ਹੈ ਕਿ, ਸ੍ਰੀ ਹਰਿ ਕ੍ਰਿਸ਼ਨ ਧਿਆਈਐ ਜਿਸੁ ਡਿਠੈ ਸਭ ਦੁਖ ਜਾਇ ॥ ਜੇਕਰ ਸ੍ਰੀ ਦਸਮੇਸ਼ ਜੀ ਵਲੋਂ ਇਹ ਮੰਗਲ ਮੰਨੀਏ ਤਾਂ ਸ੍ਰੀ ਗੁਰੂ ਹਰਿ ਕ੍ਰਿਸ਼ਨ ਜੀ ਦੇ ਦਰਸ਼ਨ ਸੇ ਹੀ ਸਭ ਦੁਖਾਂ ਦੀ ਨਿਵਰਤੀ ਹੋ ਜਾਂਦੀ ਹੈ ਇਹ ਵਿਸ਼ੇਸ਼ਣ ਅੱਠਵੇਂ ਗੁਰੂ ਜੀ ਲਈ ਹੀ ਸ੍ਰੀ ਦਸਮੇਸ਼ ਜੀ ਨੇ ਕਿਹਾ ਹੈ ਫਿਰ ਪ੍ਰਸ਼ਨ ਪੈਦਾ ਹੋ ਜਾਂਦਾ ਹੈ ਕਿ ਪਹਿਲੇ ਗੁਰੂ ਸਾਹਿਬਾਂ ਤੋਂ ਲੈ ਕੇ ਸਤਵੇਂ ਗੁਰੂ ਸਾਹਿਬਾਂ ਤਕ ਸ੍ਰੀ ਦਸਮੇਸ਼ ਜੀ ਨੇ ਇਹੋ ਜਿਹਾ ਕੋਈ ਵਿਸ਼ੇਸ਼ਣ ਕਿਸੇ ਗੁਰੂ ਸਾਹਿਬਾਂ ਲਈ ਨਹੀਂ ਉਚਾਰਨ ਕੀਤਾ, ਕੀ

Digitized by Panjab Digital Library | www.panjabdigilib.org

ਪਹਿਲੇ ਸਤਿਗੁਰੂ ਸਾਹਿਬਾਂ ਦੇ ਦਰਸ਼ਨ ਸੇ ਸਭ ਦੁਖਾਂ ਦੀ ਨਿਵਰਤੀ ਨਹੀਂ ਹੋ ਸਕਦੀ ਸੀ, ਜੇਕਰ ਨਹੀਂ ਹੋ ਸਕਦੀ ਤਾਂ ਕਮੀ ਕੀ ਸੀ। ਸਾਡੀ ਦ੍ਰਿਸ਼ਟੀ ਵਿੱਚ ਤਾਂ ਕੋਈ ਕਮੀ ਨਹੀਂ ਇਕੋ ਸਰੂਪ ਹੀ ਸਨ, ਅਤੇ ਪੰਜਵੀਂ ਤੁਕ ਵਿਚ ਪਾਠ ਹੈ ਕਿ 'ਤੇਗ ਬਹਾਦਰ ਸਿਮਰੀਐ ਘਰ ਨਉ ਨਿਧਿ ਆਵੈ ਧਾਇ' ਇਥੇ ਵੀ ਉਹੋ ਪ੍ਰਸ਼ਨ ਪੈਦਾ ਹੋਵੇਗਾ ਕਿ ਗੁਰੂ ਤੇਗ ਬਹਾਦਰ ਜੀ ਨੂੰ ਯਾਦ ਕਰਨੇ ਸੇ ਨੌ ਨਿਧੀਆਂ ਧਾ ਕੇ ਘਰ ਆ ਜਾਂਦੀਆਂ ਹਨ ਕਿੰਤੂ ਇਹ ਵਿਸ਼ੇਸ਼ਣ ਸ੍ਰੀ ਗੁਰੂ ਤੇਗ ਬਹਾਦਰ ਜੀ ਹਿਤ ਹੀ ਕਿਉਂ ਹੈ। ਕੀ ਪਹਿਲੇ ਸਤਿਗੁਰੂ ਸਾਹਿਬਾਂ ਨੂੰ ਯਾਦ ਕਰਨੇ ਸੇ ਇਹ ਨੌ ਨਿਧੀਆਂ ਦੌੜ ਕੇ ਘਰ ਨਹੀਂ ਆ ਸਕਦੀਆਂ। ਸਾਡੀ ਦ੍ਰਿਸ਼ਟੀ ਵਿੱਚ ਤਾਂ ਆ ਸਕਦੀਆਂ ਹਨ ਤਾਂਤੇ ਸ੍ਰੀ ਦਸਮੇਸ਼ ਜੀ ਵਲੋਂ ਇਸ ਪੌੜੀ ਵਿਚ ਆਦਿ ਗੁਰੂ ਸਾਹਿਬਾਂ ਦਾ ਮੰਗਲ ਨਹੀਂ ਸਿਧ ਹੁੰਦਾ, ਕਿੰਤੂ ਸਿਧਾ ਅਰਥ ਇੰਜ ਹੈ ਕਿ 'ਜਿਸੁ ਡਿਠੇ ਸਭ ਦੁਖ ਜਾਇ, ਅਤੇ ਘਰ ਨਉ ਨਿਧਿ ਆਵੈ ਧਾਇ' ਇਹ ਦੋਵੇਂ ਵਿਸ਼ੇਸ਼ਣ ਇਕੋ ਵਿਯਕਤੀ ਸ਼ਕਤੀ ਰੂਪ ਦੇਵੀ ਦੇ ਹੀ ਹਨ ਸ੍ਰੀ ਦਸਮੇਸ਼ ਜੀ ਕਹਿੰਦੇ ਹਨ ਕਿ ਪਹਿਲੇ ਭਗਉਤੀ-ਦੇਵੀ ਸਿਮਰਕੇ ਗੁਰੂ ਨਾਨਕ ਦੇਵ ਜੀ ਨੇ ਧਿਆ ਲਈ ਫਿਰ ਗੁਰੂ ਅੰਗਦ ਦੇਵ ਜੀ ਤੇ ਗੁਰੂ ਅਮਰ ਦਾਸ ਜੀ ਨੇ ਵੀ ਇੰਜ ਹੀ ਕੀਤਾ ਅਤੇ ਗੁਰੂ ਰਾਮਦਾਸ ਜੀ ਪਰ ਵੀ ਇਹੋ ਸਹਾਈ ਹੋਈ। ਭਾਵ ਸ੍ਰੀ ਗੁਰੂ ਰਾਮਦਾਸ ਜੀ ਨੇ ਇੰਜੇ ਧਿਆ ਲਈ ਤਾਂ ਉਸਦੀ ਵੀ ਸਹਾਈ ਹੋਈ ਫਿਰ ਗੁਰੂ ਅਰਜਨ ਦੇਵ ਤੇ ਗੁਰੂ ਹਰਿਗੋਬਿੰਦ ਸਾਹਿਬ ਜੀ ਨੂੰ ਵੀ

Digitized by Panjab Digital Library | www.panjabdigilib.org

ਇੰਜੇ ਹੀ ਸਹਾਈ ਹੋਈ ਅਤੇ ਗੁਰੂ ਹਰਿ ਰਾਇ ਸਾਹਿਬ ਜੀ ਨੇ ਵੀ ਇਸੇ ਨੂੰ ਸਿਮਰੌ (ਸਿਮਰ੍ਯੋ) ਸਿਮਰਿਆ ਹੈ ਔਰ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਨੇ ਵੀ ਇੰਜੇ ਧਿਆਈ (ਐ) ਹੈ ਜਿਸ (ਦੇਵੀ) ਦੇ ਡਿਠਿਆਂ ਸਭ ਦੁਖ ਚਲੇ ਜਾਂਦੇ ਹਨ। ਫਿਰ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਸਿਮਰੀ (ਏ) ਇਹ (ਦੇਵੀ) ਜਿਸ ਦੇ ਸਿਮਰ੍ਨ ਨਾਲ ਨੌ ਨਿਧਾਂ ਧਾ ਕੇ ਘਰ ਆ ਜਾਂਦੀਆਂ ਹਨ ਤਾਂਤੇ ਸਭ ਥਾਂਈ ਸਹਾਈ ਹੋਵੇ ਹੈਂ।

ਬਾਕੀ, ਦਸਮੇਸ਼ ਦਰਪਨ, ਤੇ ਸ੍ਰੀ ਦਸਮ ਗ੍ਰੰਥ ਜੀ ਦੀ ਕੁੰਜੀ, ਜਿਸ ਵਿਚ ਸ੍ਰੀ ਭਗੌਤੀ ਜੀ ਦੀ ਵਾਰ ਦਾ ਰਹਿਸ ਵੀ ਅੰਕਿਤ ਹੈ, ਲੇਖਕ ਭਾਈ ਸਾਹਿਬ ਸ੍ਰ: ਸ਼ੇਰ ਸਿੰਘ ਜੀ ਐਮ. ਐਸ. ਸੀ. (ਕਸ਼ਮੀਰ) ਪ੍ਰਕਾਸ਼ਕ: ਤੇਜਾ ਸਿੰਘ ਸਕਤ੍ਰ ਸਿਖ ਰੀਲੀਜੀਅਸ ਟਰੈਕਟ ਸੁਸਾਇਟੀ ਸ੍ਰੀ ਤਰਨ ਤਾਰਨ, ਦੇ ਸਫਾ ੪੨ ਤੋਂ ੪੬ ਤਕ ਵਿਚ ਇਸ, ਸ੍ਰੀ ਭਗੌਤੀ ਜੀ ਸਹਾਇ॥ ਵਾਰ ਸ੍ਰੀ ਭਗੌਤੀ ਜੀ ਕੀ ਪਾਤਸ਼ਾਹੀ ੧੦ ਦਾ ਅਤੇ ਪਹਿਲੀ ਪਉੜੀ, ਪ੍ਰਿਥਮ ਭਗੌਤੀ ਸਿਮਰ ਕੈ ਗੁਰੂ ਨਾਨਕ ਲਈ ਧਿਆਇ॥ ਦਾ ਅਰਥ ਲਿਖਿਆ ਹੈ ਕਿ ਅਕਾਲ ਪੁਰਖ ਜੀ ਦੇ ਕੰਮ ਕਰਨ ਵਾਲੀ ਅਕਾਲ ਸ਼ਕਤੀ ਨਾਮ ਹੈ ਸੋਈ ਅਕਾਲ ਨਾਮ ਸੱਤਾ ਸਾਡੀ ਸਹਾਈ ਹੋਵੇ, ਦਸਮੇਸ਼ ਪਿਤਾ ਜੀ ਨੇ ਇਹ ਵਾਂਰ ਲਿਖੀ ਹੈ ਇਸ ਵਿਚ ਸ਼ੁਭ ਗੁਣ ਆਸੁਰੀ ਗੁਣਾਂ ਨੂੰ ( ਵਾਰ ਕਰਕੇ ) ਜਿੱਤਣਗੇ, ਪ੍ਰਿਥਮ ਭਗਉਤੀ ਸਿਮਰ ਕੈ...ਪਹਿਲੋਂ ਪਹਿਲ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਿਮਰਣ ਦੁਆਰਾ ਇਸ ਪਰਮ ਸੱਤਾ ਨੂੰ ਧਿਆ ਲਿਆ। ਫਿਰ ਸ੍ਰੀ ਗੁਰੂ ਅੰਗਦ ਦੇਵ ਤੇ ਸ੍ਰੀ ਗੁਰੂ ਅਮਰ

Digitized by Panjab Digital Library | www.panjabdigilib.org

ਦਾਸ ਜੀ ਨੇ ਇੰਜ ਹੀ ਕੀਤਾ, ਸ੍ਰੀ ਗੁਰੂ ਰਾਮਦਾਸ ਜੀ ਦੀ ਵੀ ਇਹੋ ਨਾਮ ਪਰਮ ਸੱਤਾ ਸਹਾਈ ਹੋਈ, ਸ੍ਰੀ ਗੁਰੂ ਅਰਜਨ ਦੇਵ ਤੇ ਸ੍ਰੀ ਗੁਰੂ ਹਰਿ ਗੋਬਿੰਦ ਜੀ ਨੂੰ (ਵੀ ਇਹ ਸਹਾਈ ਹੋਈ) ਸ੍ਰੀ ਹਰਿ ਰਾਇ ਜੀ ਨੇ ਵੀ ਇਸੇ ਨੂੰ ਭਾਵ ਨਾਮ ਨੂੰ ਸਿਮਰਿਆ ਸੀ, ਸ੍ਰੀ ਹਰਿਕ੍ਰਿਸ਼ਨ ਜੀ ਨੇ ਵੀ ਇਸ ਪਰਮ ਸੱਤਾ ਨੂੰ ਧਿਆਇਆ ਹੈ (ਕਿਸ ਪਰਮ ਸਤਾ ਨੂੰ ?) ਉਸ ਨੂੰ ਜਿਸ ਨੂੰ ਗਿਆਨ ਅਖਾਂ ਨਾਲ ਵੇਖਣ ਯਾ ਅਨੁਭਵ ਕਰਨ ਨਾਲ ਸਭ ਦੁਖ ਚਲੇ ਜਾਂਦੇ ਹਨ ਭਾਵ ਨਾਮ ਨੂੰ, ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਵੀ ਇਸ ਨਾਮ ਸਤਾ (ਭਗਉਤੀ) ਨੂੰ ਸਿਮਰਿਆ ਹੈ ਜਿਸਦੇ ਸਿਮਰਨ ਤੇ ਧਿਆਨ ਨਾਲ ਸਰੀਰ ਰੂਪੀ ਘਰ ਵਿਚ ਸਾਰੀਆਂ ਨਿੱਧੀਆਂ ਆ ਜਾਂਦੀਆਂ ਹਨ ਝਟ ਪਟ, ਇਹ ਪਰਮ ਸੱਤਾ ਨਾਮ ਫਿਰ ਸਭ ਥਾਂਈਂ ਸਹਾਇਤਾ ਕਰਦੀ ਹੈ,.....ਹੁਣ ਕਈ ਵੀਰ ਇਸ ਗੂਹੜਤਾ ਨੂੰ ਨਾ ਅਪੜਦੇ ਹੋਇ ਅਨੇਕ ਪਰਕਾਰ ਦੇ ਵਿੰਗ ਤਿੰਗ ਕਰਦੇ ਹਨ ਕਈ ਸਜਣ ਤਾਂ ਭਗਉਤੀ ਅਖਰ ਨੂੰ ਹੀ ਕਢਕੇ ਸ੍ਰੀ ਨਿਰੰਕਾਰ ਰੱਖ ਛਡਦੇ ਹਨ ਪਰ ਜੇ ਇਸਤਰ੍ਹਾਂ ਦੀ ਅਦਲਾ ਬਦਲੀ ਕਰਨ ਦੀ ਖੁਲ੍ਹ ਹੋ ਗਈ ਤਾਂਤੇ ਬੜਾ ਗੋਧਮ ਮੱਚ ਜਾਵੇਗਾ ਫਿਰ ਸੋਚਣ ਦੀ ਗਲ ਇਹ ਹੈ ਜੋ ਇਕ ਵੇਰੀ ਅਖਰ ਬਦਲਣ ਨਾਲ ਕੀ ਬਣੇਗਾ ਜਦ ਸਾਰੇ ਦਸਮ ਗ੍ਰੰਥ ਵਿੱਚ ਮੁੜ ਮੁੜ ਉਹੋ ਨਾਮ ਯਾ ਅਖਰ ਆਉਂਦੇ ਹਨ ਇਸ ਕਰਕੇ ਰਹਸ ਯਾ ਗੂਹੜਤਾ ਨੂੰ ਹੀ ਲਭਣਾ ਯੋਗ ਹੈ, ਨਾ ਕਿ ਅਖਰਾਂ ਵਿਚ ਹੇਰ ਫੇਰ ਪਾ ਕੇ ਦੋ ਮਿੰਟੀ ਜਿਤ ਕਰਨੀ, ਇਸ ਤੋਂ ਛੁਟ ਕਈ ਹੋਰ ਸਜਣ

Digitized by Panjab Digital Library | www.panjabdigilib.org

ਇਸੇ ਵਾਰ ਦੇ ਅਰਥ ਹੋਰ ਤਰ੍ਹਾਂ ਕਰਦੇ ਹਨ ਯਥਾ:— ਗੁਰੂ ਨਾਨਕ ਲਈ ਧਿਆਇ, ਦਾ ਅਰਥ ਉਹ ਕਰਦੇ ਹਨ ਹੇ ਪਾਠਕ ਜਨੋਂ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਧਿਆ ਲਵੋ, ਭਾਵ ਉਹਨਾਂ ਵੀਰਾਂ ਦਾ ਹਿਰਦਾ ਤਾਂ ਚੰਗਾ ਹੈ ਪਰ ਅਰਥ ਠੀਕ ਨਹੀਂ। ਜੇ ਉਹਨਾਂ ਵਾਲੇ ਅਰਥ ਹੁੰਦੇ ਤਾਂ ਇਸ ਲਈ ਦੀ ਜਗ੍ਹਾ ਲਈਂ ਹੁੰਦਾ, ਜੋ ਕਿ ਨਹੀਂ ਇਸ ਕਰਕੇ ਅਰਥ ਉਹੋ ਹਨ ਜੋ ਉਪਰ ਦਿਤੇ ਹਨ ਤੇ ਢੁਕਦੇ ਵੀ ਉਹੋ ਹਨ ਕਿਉਂਕਿ ਇਸੇ ਸ੍ਰੀ ਵਾਰ ਵਿੱਚ ਉਪਮਾਂ ਸ੍ਰੀ ਭਗਉਤੀ ਜੀ ਯਾ ਨਾਮ ਸ਼ਕਤੀ ਦੀ ਹੈ ਨਾ ਕਿ ਕਿਸੇ ਖਾਸ ਵਿਅਕਤੀ ਦੀ (੨) ਸਿਮਰੋ ਸ੍ਰੀ ਹਰਿ ਰਾਇ, ਦਾ ਅਰਥ ਕਈ ਸਜਣ ਇਹ ਕਰਦੇ ਹਨ ਜੋ ਸ੍ਰੀ ਹਰਿ ਰਾਇ ਜੀ ਦੇ ਨਾਮ ਨੂੰ ਸਿਮਰ ਲੈਣਾ। ਜੇ ਇਹ ਅਰਥ ਹੁੰਦੇ ਤਾਂ ਇਥੇ ਅਖਰ ਹੁੰਦੇ ਸਿਮਰੋ, ਪਰ ਇਥੇ ਅਖਰ ਹੈ ਸਿਮਰੌ, ਭਾਵ ਜੋ ਗਲ ਭੂਤਕਾਲ ਵਿਚ ਹੋ ਚੁਕੀ ਹੈ ਨਾ ਕਿ ਜੋ ਅਗੋ ਭਵਿਖਤ ਲਈ ਲਿਖੀ ਗਈ ਹੈ। (੩) ਫਿਰ ਕਈ ਸਜਣ ਸ੍ਰੀ ਹਰਿ ਕ੍ਰਿਸ਼ਨ ਧਿਆਈਐ, ਦਾ ਅਰਥ ਕਰਦੇ ਹਨ ਜੋ ਸ੍ਰੀ ਹਰਿ ਕ੍ਰਿਸ਼ਨ ਜੀ ਨੂੰ ਧਿਆਵੋ। ਜੇ ਇਹ ਗਲ ਹੁੰਦੀ ਤਾਂ ਧਿਆਈਐ ਯਾ ਧਿਆਈਏ, ਅਖਰ ਹੁੰਦੇ ਪਰ ਅੱਖਰ ਹਨ ਧਿਆਈਐ, ਭਾਵ ਉਨ੍ਹਾਂ ਵੀ ਧਿਆਈ ਹੈ (ਹੈ = ਐ) ਇਸ ਕਰਕੇ ਇਹ ਸਾਰਾ ਭੂਤ ਕਾਲ ਦਾ ਬਿਰਤਾਂਤ ਹੈ ਨਾ ਕਿ ਅਗੋ ਲਈ ਪ੍ਰੇਰਨਾ (੪) ਜਿਸ ਡਿਠੇ ਸਭ ਦੁਖ ਜਾਇ॥ ਦਾ ਕਈ ਅਰਥ ਸ੍ਰੀ ਹਰਿ ਕ੍ਰਿਸ਼ਨ ਜੀ ਦੇ ਡਿਠਿਆਂ ਕਰਦੇ ਹਨ ਪਰ ਜੇ ਇਹ ਗਲ ਹੁੰਦੀ ਤਾਂ ਹਰ

Digitized by Panjab Digital Library | www.panjabdigilib.org

ਇਕ ਗੁਰੂ ਜੀ ਦੀ ਉਪਮਾਂ ਕਰਦੇ ਇਹੋ ਜਿਹੇ ਅੱਖਰ ਆਉਂਦੇ, ਜਿਹਾ ਕਿ ਨਹੀਂ, ਤਾਂ ਪਤਾ ਲੱਗਾ ਜੁ ਅਖਰ ਜਿਸ, ਉਸੇ ਸ੍ਰੀ ਭਗੌਤੀ = ਨਾਮ–ਸੱਤਾ ਵਾਸਤੇ ਹੀ ਵਰਤਿਆ ਗਿਆ ਹੈ, (੫) ਤੇਗ ਬਹਾਦਰ ਸਿਮਰੀਏ ॥ ਦੇ ਅਰਥ ਕਈ ਸੱਜਣ ਕਰਦੇ ਹਨ ਜੁ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਨਾਮ ਨੂੰ ਸਿਮਰੋ, ਪਰ ਜੇ ਇਹ ਅਰਥ ਹੁੰਦੇ ਤਾਂ ਅੱਖਰ ਹੁੰਦੇ, ਤੇਗ ਬਹਾਦਰ ਸਿਮਰੀਐ ॥ ਜਿਹਾ ਕਿ ਨਹੀਂ ਇਸ ਕਰਕੇ, ਏ, ਅਖਰ ਦਾ ਭਾਵ ਹੈ ਇਹ, ਭਾਵ ਸ੍ਰੀ ਭਗੌਤੀ ਨਾਮ ਸੱਤਾ।

(੬) ਅੰਤ ਨੂੰ ਆਉਂਦਾ ਹੈ ਸਭ ਥਾਈ ਹੋਹਿ ਸਹਾਇ, ਜਿਸਦਾ ਭਾਵ ਕਈ ਸਜਣ ਕਰਦੇ ਹਨ ਗੁਰੂ ਜੀ ਉਪ੍ਰੋਕਤ ਲਿਖੇ ਸਹਾਈ ਸਭ ਥਾਂ ਹੋਣਗੇ, ਜੇ ਇਹ ਅਰਥ ਹੁੰਦੇ ਤਾਂ, ਹੋਹਿ, ਅਖਰ ਨਾ ਹੁੰਦਾ ਸਗੋਂ, ਹੋਏ ਹੁੰਦਾ ਪਿਆਰੇ ਪਾਠਕੋ ਸੋਚਣ ਵਾਲੀ ਗੱਲ ਹੈ ਜੁ ਵਾਰ ਤਾਂ ਸ੍ਰੀ ਭਗੌਤੀ (ਨਾਮ–ਸੱਤਾ) ਉਪਰ ਹੈ ਫਿਰ ਭਿੰਨ ਭਿੰਨ ਉਪਮਾਂ ਸਿਵਾਏ ਉਸਦੇ ਹੋਰ ਕਿਸਦੀ ਹੋ ਸਕਦੀ ਹੈ ਨਹੀਂ ਨਹੀਂ ਉਪਮਾਂ ਉਸੇ ਭਗੌਤੀ ਯਾ ਨਾਮ ਸੱਤਾ ਦੀ ਹੈ ਯਥਾ:–ਤੈਹੀ ਦੁਰਗਾ ਸਾਜਿ ਕੈ ਦੈਤਾਂ ਦਾ ਨਾਸ਼ ਕਰਾਇਆ,......ਇਥੇ ਤੈਹੀ, ਤੈਥੋਂ ਦਾ ਇਸ਼ਾਰਾ ਸਭ ਉਸੇ ਪਰਮ ਤੱਤ ਭਗੌਤੀ ਵਲ ਹੈ ਸੋ ਇਸ ਕਰਕੇ, ਜਿਸ ਡਿਠੇ ਸਭ ਦੁਖ ਜਾਇ ॥ ਵਿਚ ਵੀ ਜਿਸ ਦਾ ਇਸ਼ਾਰਾ ਉਧਰ ਹੀ ਹੈ, ਤਾਂਤੇ ਉਪ੍ਰੋਕਤ ਸ੍ਰੀ ਮਾਨ ਭਾਈ ਸਾਹਿਬ ਸ੍ਰ: ਸ਼ੇਰ ਸਿੰਘ ਜੀ ਜੋ ਸ੍ਰੀ ਭਾਗ ਮਲ ਜੀ ਵਤ ਦੇਵੀ ਦੇਵਤਿਆਂ ਅਵਤਾਰਾਂ ਦੀ ਪੂਜਾ ਤੋਂ ਹਟਾਉਣ ਵਾਲੇ ਹਨ ਉਨ੍ਹਾਂ ਵੀ ਆਪਣੇ ਲਿਖੇ, ਦਸਮੇਸ਼ ਦਰਪਨ, ਨਾਮੀ ਪੁਸਤਕ ਦੇ ਉਪ੍ਰੋਕਤ ਲਿਖੇ ਅਰਥਾਂ

Digitized by Panjab Digital Library | www.panjabdigilib.org

ਵਿਚ ਸ੍ਰੀ ਦਸਮੇਸ਼ ਜੀ ਵਲੋਂ ਇਸ ਪੌੜੀ ਵਿਚ ਆਦਿ ਗੁਰੂ ਸਾਹਿਬਾਂ ਦਾ ਮੰਗਲ ਸਿਧ ਨਹੀਂ ਕੀਤਾ, ਕਿੰਤੂ ਨਵਾਂ ਹੀ ਗੁਰੂ ਸਾਹਿਬਾਂ ਨੇ ਅਕਾਲ ਪੁਰਖ ਦੇ ਕੰਮ ਕਰਨ ਵਾਲੀ ਅਕਾਲ ਸ਼ਕਤੀ (ਨਾਮ) ਨੂੰ ਸਿਮਰਿਆ ਹੈ ਸਿਧ ਕੀਤਾ ਹੈ ਔਰ ਇਸ ਪੁਸਤਕ ਦੀ ਸਿਖ ਰਲੀਜੀਅਸ ਟਰੈਕਟ ਸੁਸਾਇਟੀ ਤਰਨ ਤਾਰਨ ਨੇ ਵੀ ਇਸ ਅਰਥ ਦੇ ਪ੍ਰਕਾਸ਼ ਕਰਨ ਵਿਚ ਕੋਈ ਇਨਕਾਰ ਨਹੀਂ ਕੀਤਾ। ਤਾਂ ਉਪਰੋਕਤ ਸ੍ਰੀ ਭਾਗਮਲ ਜੀ ਦਾ ਹੀ ਕਿਵੇਂ ਕਹਿਣਾ ਮੰਨ ਲਿਆ ਜਾਵੇ, ਕਿ ਇਸ ਪਹਿਲੀ ਪੌੜੀ ਵਿਚ ਸ੍ਰੀ ਦਸਮੇਸ਼ ਜੀ ਵਲੋਂ ਆਦਿ ਗੁਰੂ ਸਾਹਿਬਾਂ ਦਾ ਮੰਗਲ ਵਰਨਨ ਹੈ।

ਬਾਕੀ ਇਸ ਵਿਚ ਸ੍ਰੂ: ਸਾਹਿਬ ਸ਼ੇਰ ਸਿੰਘ ਜੀ ਨੇ ਜੋ ਭਗਉਤੀ ਦਾ ਅਰਥ ਅਕਾਲ ਪੁਰਖ ਦੀ ਕੰਮ ਕਰਨ ਵਾਲੀ ਅਕਾਲ ਸ਼ਕਤੀ ਅਰਥ ਕੀਤਾ ਹੈ ਇਸ ਨਾਲ ਸਾਨੂੰ ਵੀ ਕੋਈ ਵਡਾ ਵਿਰੋਧ ਨਹੀਂ ਪਰੰਤੂ ਜੋ ਵਿੱਚ ਲਿਖਿਆ ਹੈ ਕਿ ਇਸੇ ਸ੍ਰੀ ਵਾਰ ਵਿਚ ਉਪਮਾਂ ਸ੍ਰੀ ਭਗਉਤੀ ਜੀ ਯਾਂ ਨਾਮ ਸ਼ਕਤੀ ਦੀ ਹੈ ਨਾ ਕਿ ਕਿਸੇ ਖਾਸ ਵਿਅਕਤੀ ਦੀ, ਇਥੇ ਪ੍ਰਸ਼ਨ ਪੈਦਾ ਹੋ ਜਾਂਦਾ ਹੈ ਕਿ ਜੇਕਰ ਇਸ ਵਾਰ ਭਗਉਤੀ ਜੀ ਕੀ ਵਿਚ ਕਿਸੇ ਖਾਸ ਵਿਅਕਤੀ ਦੀ ਉਪਮਾਂ ਨਹੀਂ ਹੈ ਤਾਂ ਇਸ ਵਾਰ ਦੀਆਂ ੫੩ ਪੌੜੀਆਂ ਵਿਚ ਹੀ ਦੇਖੋ ਕਿ ਉਪਮਾਂ ਕਿਸੇ ਵਿਅਕਤੀ ਰਹਿਤ ਵਸਤੂ ਦੀ ਹੈ ਕਿ ਦੁਰਗਾ ਆਦਿਕ ਨਾਮ ਵਾਲੀ ਵਿਅਕਤੀ ਦੀ ਹੈ। ਯਥਾ:-ਇਕ ਦਿਹਾੜੇ ਨਾਵਣ ਆਈ ਦੁਰਗਸਾਹ, ਇੰਦ੍ਰ ਬ੍ਰਿਥਾ ਸੁਣਾਈ ਆਪਣੇ ਹਾਲ ਦੀ, ਪੌੜੀ ੪ ਦੁਰਗਾ ਬੈਣ

Digitized by Panjab Digital Library | www.panjabdigilib.org

ਸੁਣੰਦੀ ਹਸੀ ਹੜ ਹੜਾਇ, ਉਹੀ ਸੀਹੁ ਮੰਗਾਇਆ ਰਾਕਸ ਭੱਖਣਾ, ਚਿੰਤਾ ਕਰਹੁ ਨ ਕਾਈ ਦੇਵਾਂ ਨੂੰ ਆਖਿਆ, ਰੋਹ ਹੋਈ ਮਹਾਮਾਈ ਰਾਕਸ਼ ਮਾਰਣੇ, ਪੌੜੀ ਪ ਧੂਹਿ ਲਈ ਕ੍ਰਿਪਾਣੀ ਦੁਰਗਾ ਮਿਆਨ ਤੇ, ਚੰਡੀ ਰਾਖਸ਼ ਖਾਣੀ ਵਾਹੀ ਦੈਤ ਨੂੰ, ਪੌੜੀ ੧੯ ਦੁਰਗਾ ਅਤੇ ਦਾਨਵੀ ਭੇੜ ਪਾਇਆ ਸਬਾਹੀ, ਸਸਤਰ ਪਜੂਤੇ ਦੁਰਗਾਸਾਹ ਗਹ ਸਭਨੀਂ ਬਾਹੀ, ਸੁੰਭ ਨਿਸੁੰਭ ਸੰਘਾਰਿਆ ਵਥ ਜਿਹੇ ਸਾਹੀ, ਪੌੜੀ ੫੪ ਇਤਿਆਦਕ ਇਸ ਭਗਉਤੀ ਜੀ ਕੀ ਵਾਰ ਵਿਚ, ਦੁਰਗਾ ਨਾਵਣ ਆਈ ਫਿਰ ਇੰਦਰ ਨੇ ਆਪਣੀ ਬ੍ਰਿਥਾ = ਤਕਲੀਫ ਸੁਣਾਈ ਅਤੇ ਸੁਣਕੇ ਦੁਰਗਾ ਫਿਰ ਹੱਸੀ ਤੇ ਸ਼ੇਰ ਮੰਗਾਇਆ ਔਰ ਮਿਆਨ ਤੋਂ ਕ੍ਰਿਪਾਨ ਧੂਹ ਲਈ ਦੁਰਗਾ ਨੇ, ਫਿਰ ਸ਼ਸਤ੍ਰ ਪਜੂਤੇ = ਪੂੰਜੇ ਦੁਰਗਾ ਨੇ ਤੇ ਸੁੰਭ ਨਿਸੁੰਭ ਦੈਤਾਂ ਨੂੰ ਸੰਘਾਰਿਆ = ਮਾਰਿਆ ਆਦਿਕ ਕਰਤੂਵਯ ਕਿਸੇ ਵਿਅਕਤੀ ਰਹਿਤ (ਸਰੀਰ ਰਹਿਤ) ਅਕਾਲ ਸ਼ਕਤੀ ਵਿੱਚ ਨਹੀਂ ਬਣ ਸਕਦੇ ਇਹ ਕੋਈ ਸਰੀਰ ਧਾਰੀ (ਵਿਅਕਤੀ) ਸਿਧ ਹੁੰਦੀ ਹੈ ਜੇਕਰ ਇਹਨਾਂ ਪੜ ਪੌੜੀਆਂ ਵਿੱਚ ਰਾਕਸ਼ਾਂ ਨਾਲ ਜੁਧ ਕਰਕੇ ਮਾਰਨ ਵਾਲੀ ਕੋਈ ਵਿਅੱਕਤੀ ਹੈ ਤਾਂਤੇ ਉਪਮਾਂ ਵੀ ਫਿਰ ਉਸੇ ਦੀ ਹੈ ਫਿਰ ਕਹਿਣਾ ਕਿ ਇਸ ਵਾਰ ਭਗਉਤੀ ਜੀ ਕੀ ਵਿਚ ਕਿਸੇ ਖਾਸ ਵਿਅਕਤੀ ਦੀ ਉਪਮਾਂ ਨਹੀਂ ਇਹ ਇਥੇ ਪਖ ਪਾਤ ਵਰਤਿਆ ਗਿਆ ਹੈ ਜੇਕਰ ਇਥੇ ਕਿਹਾ ਜਾਵੇ ਕਿ ਇਸ ਵਾਰ ਵਿੱਚ ਦੁਰਗਾ, ਚੰਡੀ, ਭਵਾਨੀ, ਆਦਿਕ ਵਰਤੇ ਹੋਏ ਨਾਮ ਵਿਯੱਕਤੀ ਰਹਿਤ ਅਕਾਲ ਸ਼ਕਤੀ ਦੇ ਹੀ ਬੋਧਕ ਹਨ ਤਾਂ ਏਥੇ ਪ੍ਰਸ਼ਨ

Digitized by Panjab Digital Library | www.panjabdigilib.org

ਪੈਦਾ ਹੁੰਦਾ ਹੈ ਕਿ ਉਸ ਨਿਰਾਕਾਰ ਅਕਾਲ ਸ਼ਕਤੀ ਲਈ ਇਹ ਨਾਮ ਕਿਸ ਕਾਰਨ ਨੂੰ ਮੁਖ ਰਖਕੇ ਤਜਵੀਜ਼ ਕਰਕੇ ਵਰਤੇ ਗਏ। ਇਥੇ ਇਹੀ ਕਾਰਨ ਮੰਨਿਆਂ ਜਾ ਸਕਦਾ ਹੈ ਕਿ ਅਕਾਲ ਪੁਰਖ ਦੀ ਸ਼ਕਤੀ ਨੇ ਦੁਰਗਾ, ਭਵਾਨੀ ਆਦਕ ਵਿਅਕਤੀ ਸਰੂਪ ਵਿੱਚ ਹੋ ਕੇ ਰਾਖਸ਼ਾਂ ਨਾਲ ਜੁਧ ਕੀਤਾ ਤੇ ਉਹਨਾਂ ਨੂੰ ਮਾਰਿਆ ਇਸ ਲਈ ਦੁਰਗਾ ਆਦਕ ਨਾਮ ਅਕਾਲ ਸ਼ਕਤੀ ਦੇ ਬੋਧਕ ਹੋ ਸਕਦੇ ਸਨ, ਨਹੀਂ ਤਾਂ ਨਹੀਂ, ਤਾਂਤੇ ਇਸ ਵਾਰ ਵਿਚ ਉਪਮਾਂ ਦੁਰਗਾ ਆਦਿਕ ਨਾਮਾਂ ਵਾਲੀ ਵਿਅਕਤੀ ਦੀ ਹੈ ਇਸਦੀ ਅੰਤਲੀ ਪਉੜੀ ਵਿੱਚ ਗੁਰੂ ਜੀ ਨੇ ਕਿਹਾ ਵੀ ਹੈ ਕਿ, ਦੁਰਗਾ ਪਾਠ ਬਣਾਇਆ ਸਭੇ ਪਉੜੀਆਂ।

ਬਾਕੀ ਦਸਮ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਬੀੜਾਂ ਵਿਚੋਂ ਕਿਸੇ ਬੀੜ ਵਿਚ ਇਸ ਪਹਿਲੀ ਪੌੜੀ ਦਾ ਪਾਠ, ਸਭ ਥਾਂਈ ਹੋਹਿ ਸਹਾਇ॥ ਮਿਲਦਾ ਹੈ ਅਤੇ ਕਿਸੇ ਬੀੜ ਵਿਚ, ਸਭ ਥਾਂਈ ਹੋਇ ਸਹਾਇ॥ ਵੀ ਮਿਲਦਾ ਹੈ, ਮਲੂੰਮ ਹੁੰਦਾ ਹੈ ਉਪ੍ਰੋਕਤ, ਦਸਮੇਸ਼ ਦਰਪਨ, ਦੇ ਕਰਤਾ ਨੂੰ, ਸਭ ਥਾਂਈ ਹੋਹਿ ਸਹਾਇ॥ ਪਾਠ ਮਿਲਿਆ ਹੈ ਇਸੇ ਲਈ ਉਨ੍ਹਾਂ ਉਪ੍ਰੋਕਤ ਅਰਥ ਵਿਚ ਲਿਖਿਆ ਹੈ ਕਿ ਜੇ ਇਹ ਅਰਥ ਹੁੰਦੇ ਤਾਂ, ਹੋਹਿ, ਅਖਰ ਨਾਂ ਹੁੰਦਾ ਸਗੋਂ ਹੋਇ, ਹੁੰਦਾ ਪਰ ਸਾਡੀ ਬਹਿਸ ਇਸ ਪਦ ਉਤੇ ਕੋਈ ਨਹੀਂ, ਕਿਉਂਕਿ ਪ੍ਰਕਰਨ ਅਨੁਸਾਰ ਹੋਹਿ, ਅਤੇ ਹੋਇ, ਦਾ ਅਰਥ ਇਕੋ ਵੀ ਹੋ ਜਾਂਦਾ ਹੈ।

ਔਰ ਇਸ, ਪ੍ਰਿਥਮ ਭਗੌਤੀ ਸਿਮਰ ਕੈ ਗੁਰ ਨਾਨਕ

Digitized by Panjab Digital Library | www.panjabdigilib.org

ਲਈ ਧਿਆਇ ॥ ਆਦਿਕ ਪੌੜੀ ਦਾ ਅਰਥ, ਚੰਡੀ ਦੀ ਵਾਰ (ਸ੍ਰੀ ਗੁਰੂ ਗੋਬਿੰਦ ਸਿੰਘ ਜੀ) ਸੰਪਾਦਕ: ਪ੍ਰੋ: ਪਰਮਿੰਦਰ ਸਿੰਘ ਐਮ. ਏ. ਪ੍ਰੋ: ਕਿਰਪਾਲ ਸਿੰਘ ਕਸੇਲ ਐਮ. ਏ. (ਸਾਹਿਤ ਸੰਗਮ) ਲਾਹੌਰ ਬੁਕ ਸ਼ਾਪ ਲੁਧਿਆਣਾ, ਪਹਿਲੀ ਵਾਰ ੧੧੦੦ ਛਪੀ ੧੯੫੧ ਪੁਸਤਕ ਦੇ ਸਫੇ ੩੭ ਤੇ ਲਿਖਿਆ ਹੈ ਕਿ, ਸਭ ਤੋਂ ਪਹਿਲਾਂ ਮੈਂ ਉਸ ਭਗੌਤੀ (ਸ਼ਕਤੀ) ਨੂੰ ਸਿਮਰਦਾ ਹਾਂ ਜਿਸਨੂੰ ਗੁਰੂ ਨਾਨਕ ਜੀ ਨੇ ਧਿਆਇਆ, ਫੇਰ ਏਸੇ ਹੀ ਸ਼ਕਤੀ ਨੇ ਗੁਰੂ ਅੰਗਦ ਦੇਵ, ਅਮਰ ਦਾਸ ਤੇ ਰਾਮ ਦਾਸ ਜੀ ਦੀ ਸਹਾਇਤਾ ਕੀਤੀ, ਗੁਰੂ ਅਰਜਨ, ਹਰਿਗੋਬਿੰਦ ਅਤੇ ਹਰਿ ਰਾਇ ਜੀ ਨੇ ਵੀ ਏਸੇ ਸ਼ਕਤੀ ਨੂੰ ਸਿਮਰਿਆ, ਗੁਰੂ ਹਰਿ ਕ੍ਰਿਸ਼ਨ ਜੀ ਨੇ (ਜਿਨ੍ਹਾਂ ਦੇ ਦਰਸ਼ਨਾਂ ਨਾਲ ਸਭ ਦੁਖ ਦੂਰ ਹੁੰਦੇ ਹਨ) ਵੀ ਏਸੇ ਹੀ ਭਗੌਤੀ ਨੂੰ ਧਿਆਇਆ ਸੀ, ਗੁਰੂ ਤੇਗ ਬਹਾਦਰ ਜੀ ਨੇ ਵੀ ਏਸੇ ਸ਼ਕਤੀ ਨੂੰ ਸਿਮਰਿਆ ਜਿਸ ਨਾਲ ਆਪ ਦੇ ਘਰ ਵਿਚ ਨੌ ਨਿਧਾਂ ਨੇ ਪ੍ਰਵੇਸ਼ ਕੀਤਾ, ਏਹੀ ਸ਼ਕਤੀ ਸਭਨੀ ਥਾਈਂ ਸਹਾਈ ਹੁੰਦੀ ਹੈ।

ਉਪ੍ਰੋਕਤ ਦਸਮੇਸ਼ ਦਰਪਨ ਦੇ ਕਰਤਾ ਦੇ ਕੀਤੇ ਗਏ ਅਰਥ ਨਾਲ ਇਨ੍ਹਾਂ ਦੇ ਕੀਤੇ ਇਸ ਅਰਥ ਦਾ ਕੁਛ ਭੇਦ ਜਰੂਰ ਹੈ ਪ੍ਰੰਤੂ ਇਸ ਅਰਥ ਵਿਚ ਵੀ ਸ੍ਰੀ ਭਾਗ ਮਲ ਜੀ ਵਤ ਸ੍ਰੀ ਦਸਮੇਸ਼ ਜੀ ਵਲੋਂ ਨੌ ਗੁਰੂ ਸਾਹਿਬਾਂ ਨੂੰ ਧਿਆਉਣ ਰੂਪ ਮੰਗਲ ਨਹੀਂ ਸਿਧ ਕੀਤਾ, ਕਿੰਤੂ ਅਕਾਲ ਪੁਰਖ ਦੀ ਸ਼ਕਤੀ ਨੂੰ ਸਾਰੇ ਹੀ ਗੁਰੂ ਸਾਹਿਬਾਂ ਸਿਮਰਿਆ ਅਰਥ ਲਿਖਿਆ ਹੈ, ਚਾਹੇ ਇਨ੍ਹਾਂ ਦੋਹਾਂ ਸ੍ਰੀ ਮਾਨ ਪ੍ਰੋਫੈਸਰਾਂ ਨੇ ਵੀ ਸ੍ਰੀ ਦੇਵੀ ਜੀ ਨੂੰ

Digitized by Panjab Digital Library | www.panjabdigilib.org

ਸਿਮਰਿਆ ਅਰਥ ਨਹੀਂ ਕੀਤਾ ਕਿੰਤੂ ਸ੍ਰੀ ਦੇਵੀ ਜੀ ਦੇ ਖੰਡਨ ਵਿਚ ਹੀ ਆਪਣਾ ਭਾਵ ਰਖਦੇ ਹਨ ਪ੍ਰੰਤੂ ਇਸੇ ਪੁਸਤਕ ਦੇ ਸਫਾ ੧੩ ਤੇ ਲਿਖਦੇ ਹਨ ਕਿ, ਭਾਵੇਂ ਚੰਡੀ ਦੀ ਵਾਰ ਵਿਚ ਦੁਰਗ ਸ਼ਾਹ ਦੀ ਬੀਰਤਾ ਦੀ ਹੀ ਕਥਾ ਹੈ ਪਰ ਗੁਰੂ ਜੀ ਦਾ ਵਿਸ਼ਵਾਸ਼ ਹੈ ਕਿ ਇਹ ਦੈਂਤਾਂ ਨੂੰ ਸਿੰਘਾਰਨ ਦੀ ਸ਼ਕਤੀ ਦੁਰਗਾ ਵਿਚ ਵੀ ਸ੍ਰੀ ਭਗੌਤੀ ਜੀ ਦੀ ਕ੍ਰਿਪਾ ਨਾਲ ਹੀ ਆਈ, ਇਸਦੇ ਨਾਲ ਹੀ ਉਹ ਇਹ ਵੀ ਸਮਝਦੇ ਹਨ ਕਿ ਹਰ ਬੀਰ ਤੇ ਬਲੀ ਯੋਧਾ ਸ੍ਰੀ ਅਕਾਲ ਜੀ ਤੋਂ ਅਥਵਾ ਭਗੌਤੀ ਤੋਂ ਸ਼ਕਤੀ ਲੈਕੇ ਵਿਜੈ ਪ੍ਰਾਪਤ ਕਰਦਾ ਹੈ, ਤਾਂਤੇ ਦੁਰਗਾ = ਦੇਵੀ ਦਾ ਖੰਡਨ ਨਹੀਂ ਸਿਧ ਕਰ ਸਕੇ ਉਲਟਾ ਅਕਾਲ ਪੁਰਖ ਦੀ ਸ਼ਕਤੀ ਦਾ ਦੁਰਗਾ ਅਵਤਾਰ ਸਿਧ ਹੁੰਦੀ ਹੈ ਕਾਰਨ ਇਹ ਕਿ ਅਕਾਲ ਪੁਰਖ ਦੀ ਸ਼ਕਤੀ ਦੀ ਹਰ ਇਕ ਚੀਜ ਵਿਚ ਸੱਤਾ ਹੈ ਤੇ ਕੰਮ ਕਰਦੀ ਹੈ ਕਿੰਤੂ ਇਥੇ ਦੁਰਗਾ ਵਿਚ ਅਕਾਲ ਸ਼ਕਤੀ ਦੀ ਕ੍ਰਿਪਾ ਨਾਲ ਦੈਂਤ ਸੰਘਾਰਨ ਦੀ ਸ਼ਕਤੀ ਆਈ ਦਾ ਭਾਵ ਅਕਾਲ ਸ਼ਕਤੀ ਦਾ ਕੋਈ ਖਾਸ ਪ੍ਰੋਗ੍ਰਾਮ ਸਿਧ ਹੁੰਦਾ ਹੈ ਤਾਂਤੇ ਦੁਰਗਾ ਵਿਚ ਅਕਾਲ ਸ਼ਕਤੀ ਦੀ ਕ੍ਰਿਪਾ ਕੰਮ ਕਰਦੀ ਸੀ ਤਾਂ ਉਸਦੇ ਸ੍ਰੀ ਦਸਮੇਸ਼ ਜੀ ਸ਼ਰਧਾਲੂ ਹੋ ਸਕਦੇ ਸਨ।

ਔਰ ਇਸ ਤੋਂ ਦੂਜੀ ਪੌੜੀ ਵਿੱਚ ਵੀ ਗਹੁ ਨਾਲ ਵੇਖੀਏ ਤਾਂ ਸ੍ਰੀ ਦੇਵੀ ਜੀ ਦਾ ਹੀ ਯੱਸ਼ (ਉਸਤਤੀ) ਸਿੱਧ ਹੁੰਦਾ ਹੈ, ਕਿਉਂਕਿ ਸ੍ਰੀ ਦਸਮੇਸ਼ ਜੀ ਦੇ 'ਪ੍ਰਿਥਮ ਕਾਲ ਸਭ ਜਗ ਕੋ ਤਾਤਾ' ਤਾਤੇ ਭਯੋ ਤੇਜ ਬਖਯਾਤਾ ॥ ਸੋਈ ਭਵਾਨੀ ਨਾਮ ਕਹਾਈ, ਜਿਨ ਸਗਰੀ ਇਹ ਸ੍ਰਿਸ਼ਟ ਉਪਾਈ ॥

Digitized by Panjab Digital Library | www.panjabdigilib.org

[ਚਉਬੀਸ ਅਵਤਾਰ ਕਵਿਤਾ ਅੰਕ ੨੯] ਆਦਿਕ ਵਾਕ ਸਿਧ ਕਰਦੇ ਹਨ ਕਿ ਪਹਿਲੇ ਅਕਾਲ ਪੁਰਖ ਤੋਂ ਤੇਜ ਪ੍ਰਗਟ ਹੋਇਆ ਉਹੋ ਤੇਜ਼ (ਸ਼ਕਤੀ) ਹੀ ਭਵਾਨੀ ਨਾਮ ਵਾਲੀ ਦੇਵੀ ਕਹਾਈ ਹੈ ਜਿਸ ਤੇਜ = ਸ਼ਕਤੀ ਨੇ ਇਹ ਸਾਰੀ ਸ੍ਰਿਸ਼ਟੀ ਪੈਦਾ ਕੀਤੀ ਹੈ ਤਾਂਤੇ ਇਸ ਦੂਜੀ ਪੌੜੀ ਵਿੱਚ ਵੀ ਇਸੇ ਸਾਕਾਰ ਸਰੂਪ ਸ੍ਰੀ ਦੇਵੀ ਜੀ ਦੇ ਮੂਲ ਸਰੂਪ ਅਕਾਲ ਸ਼ਕਤੀ ਦਾ ਹੀ ਜ਼ਿਕਰ ਕੀਤਾ ਹੈ ਕਿ ਤੂੰਹੀ, ਖੰਡਾ ਪ੍ਰਿਥਮੈਂ ਸਾਜਿ ਕੈ [ਖੰਡਾ] ਬ੍ਰਹਮੰਡ ਅਥਵਾ [ਖੰ] ਅਕਾਸ਼ ਉਪਰ [ਡਾ] ਡਾਬਰ = ਨੀਚੇ ਪ੍ਰਿਥਵੀ ਆਦਿਕ ਪਹਿਲੇ ਸਾਜ ਕੇ ਫਿਰ ਵਿਚ ਸਾਰਾ ਹੋਰ ਸੰਸਾਰ ਉਪਾਇਆ ਹੈ। ਪ੍ਰਸ਼ਨ ਹੋਇਆ ਕਿ ਕਿਸ ਰੀਤੀ ਸੇ ਉਪਾਇਆ, ਉਤਰ ਵਿਚ ਕਿਹਾ ਹੈ ਕਿ, ਬ੍ਰਹਮਾਂ ਵਿਸ਼ਨੂੰ ਆਦਕ ਸਾਕਾਰ ਸਰੀਰ ਸਾਜਿ ਕੇ ਫਿਰ ਆਪਨੀ ਕੁਦਰਤ ਸੇ ਇਹ ਖੇਲ ਬਣਾ ਕੇ ਰਚ ਦਿਤਾ ਹੈ।

ਤਥਾ:-ਹੇ ਸਾਕਾਰ ਸ੍ਰੀ ਦੇਵੀ ਜੀ ਦੀ ਮੂਲ ਸ਼ਕਤੀ ਤੈਥੋਂ ਹੀ ਬਲ ਰਾਮ ਚੰਦ੍ਰ ਨੇ ਲਿਆ ਅਤੇ ਤੈਥੋਂ ਹੀ ਬਲ ਸ੍ਰੀ ਕਿਸ਼ਨ ਜੀ ਨੇ ਲਿਆ ਅਰ ਤੂੰ ਹੀ ਦੁਰਗਾ ਸਰੂਪ ਨੂੰ ਸਾਜ ਕੇ ਦੈਂਤਾਂ ਦਾ ਨਾਸ਼ ਕਰਾਯਾ ਹੈ ਇਤਿ ਆਦਕ ਸਾਰੀ ਪੌੜੀ ਵਿਚ ਸਾਕਾਰ ਸ੍ਰੀ ਦੇਵੀ ਜੀ ਦੇ ਮੂਲ ਕਾਰਨ ਸ਼ਕਤੀ ਦੀ ਹੀ ਮਹਿਮਾਂ ਕੀਤੀ ਹੈ ਅਗੇ ਤੀਜੀ ਪੌੜੀ ਵਿਚ ਫਿਰ ਮੂਲ ਕਾਰਨ ਸ਼ਕਤੀ ਜੀ ਦੇ ਸਾਕਾਰ ਦੁਰਗਾ ਆਦਕ ਨਾਮ ਵਾਲੇ ਸਰੀਰ ਦੀ ਹੀ ਉਸਤਤੀ ਕੀਤੀ ਹੈ, ਇਸੇ ਤਰ੍ਹਾਂ ਇਸ ਵਾਰ ਦੀਆਂ ਸਾਰੀਆਂ ਪੌੜੀਆਂ ਪਪ ਵਿਚ ਹੀ (ਮੂਲ ਕਾਰਨ ਸ਼ਕਤੀ ਸਹਿਤ ਸਾਕਾਰ

Digitized by Panjab Digital Library | www.panjabdigilib.org

ਸਰੂਪ) ਸ੍ਰੀ ਦੇਵੀ ਜੀ ਦਾ ਜਸ਼ ਵਰਨਨ ਹੈ ਕਿਉਂਕਿ ਉਸ ਤੇਜ ਅਕਾਲ ਸ਼ਕਤੀ ਨੇ ਸੰਸਾਰ ਸਾਜ ਕੇ ਫਿਰ ਦੁਸ਼ਟਾਂ ਦੇ ਨਾਸ਼ ਅਤੇ ਭਗਤਾਂ ਦੀ ਰਖਿਆ ਹਿਤ ਸਮੇਂ ਅਨੁਸਾਰ ਜੋ ਦੁਰਗਾ ਆਦਕ ਆਪਣੇ ਰੂਪ ਧਾਰੇ ਹਨ ਉਨ੍ਹਾਂ ਸਰੂਪਾਂ ਦੀ ਹੀ ਉਸਤਤੀ ਕੀਤੀ ਹੈ।

**(੨੫) ਪ੍ਰਸ਼ਨ:—**ਦੂਜੀ ਪਉੜੀ ਦੇ ਅਰਥ ਵਿਚ ਬ੍ਰਹਮਾਂ ਵਿਸ਼ਨੂੰ ਅਤੇ ਰਾਮ, ਕ੍ਰਿਸ਼ਨ, ਵੀ ਸ੍ਰੀ ਦੇਵੀ ਜੀ ਦੇ ਅਧੀਨ ਹੀ ਸਿਧ ਹੁੰਦੇ ਹਨ ਜਿਨ੍ਹਾਂ ਨੂੰ ਆਪ ਪ੍ਰਮਾਤਮਾਂ ਸਰੂਪ ਕਹਿੰਦੇ ਹੋ।

**ਉੱਤਰ:—**ਸ੍ਰੀ ਦੇਵੀ ਜੀ ਦੇ ਮੂਲ ਸਰੂਪ ਅਕਾਲ ਪੁਰਖ ਦੀ ਸ਼ਕਤੀ ਦੀ ਉਪਮਾਂ ਵਿਚ, ਬ੍ਰਹਮਾਂ ਵਿਸ਼ਨੂੰ, ਰਾਮ, ਕ੍ਰਿਸ਼ਨ ਆਦਕਾਂ ਦੇ ਸਰੀਰਾਂ ਦੀ ਪ੍ਰਾਧੀਨਤਾ ਪ੍ਰਤੀਤ ਹੁੰਦੀ ਹੈ ਕਿਉਂਕਿ ਪ੍ਰਮਾਤਮਾਂ ਦੇ ਅਵਤਾਰ ਸਰੀਰ ਪ੍ਰਮਾਤਮਾਂ ਦੀ ਸ਼ਕਤੀ (ਯੋਗ ਮਾਯਾ) ਸੇ ਹੀ ਰਚੇ ਜਾਂਦੇ ਹਨ ਇਸ ਲਈ ਪ੍ਰਮਾਤਮਾਂ ਦੀ ਸ਼ਕਤੀ ਰੂਪ ਸ੍ਰੀ ਦੇਵੀ ਜੀ ਦੀ ਉਪਮਾਂ ਵਿਚ ਉਸ ਸ੍ਰੀ ਸ਼ਕਤੀ ਜੀ ਦੇ ਧਾਰਨ ਕੀਤੇ ਦੁਰਗਾ ਆਦਕ ਸ਼ਰੀਰਾਂ ਅਤੇ ਵਿਸ਼ਨੂੰ ਆਦਕ ਸਰੀਰਾਂ ਦੀ ਪ੍ਰਾਧਨੀਤਾ ਦਿਖਾਈ ਹੈ, ਵਾਸਤਵ ਵਿਚ ਵਿਸ਼ਨੂੰ, ਰਾਮ, ਕ੍ਰਿਸ਼ਨ ਆਦਕ ਪ੍ਰਮਾਤਮਾਂ ਦੇ ਹੀ ਅਵਤਾਰ ਗੁਰੂ ਜੀ ਨੇ ਕਈ ਥਾਂਈ ਮੰਨੇ ਹਨ ਇਹ ਵਿਸ਼ਜ ਅਲਗ ਹੈ ਇਸਦਾ ਇਥੇ ਵਿਸਥਾਰ ਨਹੀਂ ਕਰਨਾ ਇਹ ਦੇਖਣਾ ਹੋਵੇ ਤਾਂ ਦੇਖੋ ਵਿਸਥਾਰ ਸਹਿਤ, ਗੁਰਮਤ ਵਿਚਾਰ ਸੂਰਜ, ਦੇ ਅਵਤਾਰ ਵਿਚਾਰ ਵਿਚ।

Digitized by Panjab Digital Library | www.panjabdigilib.org

ਪ੍ਰੰਤੂ ਗੁਰੂ ਜੀ ਨੇ, ਇਕੁ ਸੰਸਾਰੀ ਇਕੁ ਭੰਡਾਰੀ ਇਕੁ ਲਾਏ ਦੀਬਾਣੁ ॥ (ਜਪੁਜੀ ਸਾਹਿਬ ਦੇ) ਵਾਕ ਵਿਚ ਸੰਸਾਰੀ = ਸੰਸਾਰ ਨੂੰ ਪੈਦਾ ਕਰਨ ਵਾਲਾ ਬ੍ਰਹਮਾਂ, ਤੇ ਭੰਡਾਰੀ = ਪਾਲਨਾ ਕਰਨ ਵਾਲਾ ਵਿਸ਼ਨੂੰ ਲਿਖਿਆ ਹੈ, ਤਾਂਤੇ ਜਿਸ ਅਕਾਲ ਪੁਰਖ ਦੀ ਸ਼ਕਤੀ ਨੇ, ਸਭ ਸੰਸਾਰ ਉਪਾਇਆ ਹੈ ਉਹੋ ਹੀ ਸੰਸਾਰ ਨੂੰ ਪੈਦਾ ਕਰਨ ਵਾਲਾ ਬ੍ਰਹਮਾਂ ਜੀ ਇਧਰ ਸਿਧ ਹੋ ਰਹੇ ਹਨ ਇਸ ਲਈ ਵਾਸਤਵ ਵਿਚ ਬ੍ਰਹਮਾਂ ਵਿਸ਼ਨੂੰ ਆਦਕਾਂ ਵਿਚ ਪ੍ਰਾਧੀਨਤਾ ਨਹੀਂ ਹੈ ਕਿੰਤੂ ਸਰੀਰਾਂ ਦੀ ਰਚਨਾਂ ਮਾਤ੍ਰ ਵਿਚ ਪ੍ਰਤੀਤ ਹੁੰਦੀ ਹੈ, ਜੇਕਰ ਇਥੇ ਇਹ ਹਠ ਕੀਤਾ ਜਾਵੇ ਕਿ, ਸੰਸਾਰ ਦੀ ਰਚਨਾਂ ਅਕਾਲ ਪੁਰਖ ਹੀ ਕਰ ਸਕਦਾ ਹੈ ਇਸ ਲਈ ਇਥੇ, ਖੰਡਾ ਪ੍ਰਿਥਮੈ ਸਾਜ ਕੈ ਜਿਨਿ ਸਭ ਸੈਸਾਰ ਉਪਾਇਆ, ਆਦਕ ਪੌੜੀ ਵਿਚ ਕੇਵਲ ਅਕਾਲ ਪੁਰਖ ਦਾ ਹੀ ਯਸ਼ ਹੈ ਹੋਰ ਕਿਸੇ ਦੇਵੀ ਆਦਕ ਸ਼ਕਤੀ ਦਾ ਨਹੀਂ ਤਾਂ, ਇਕ ਸੰਸਾਰੀ ਇਕ ਭੰਡਾਰੀ, ਆਦਕ ਵਾਕ ਵਿਚ ਸੰਸਾਰੀ = ਸੰਸਾਰ ਨੂੰ ਪੈਦਾ ਕਰਨ ਵਾਲਾ ਬ੍ਰਹਮਾਂ ਫਿਰ ਅਕਾਲ ਪੁਰਖ ਸਰੂਪ ਹੀ ਸਿਧ ਹੋਵੇਗਾ ਕਿਉਂਕਿ ਸੰਸਾਰ ਦੀ ਰਚਨਾਂ ਜਦ ਅਕਾਲ ਪੁਰਖ ਤੋਂ ਬਿਨਾਂ ਨਹੀਂ ਹੋ ਸਕਦੀ ਤਾਂ ਇਥੇ ਸੰਸਾਰੀ = ਸੰਸਾਰ ਨੂੰ ਪੈਦਾ ਕਰਨ ਵਾਲੇ ਬ੍ਰਹਮਾਂ ਜੀ ਸਿਧ ਹੁੰਦੇ ਹਨ ਤਾਂਤੇ ਬ੍ਰਹਮਾਂ ਜੀ ਆਪੇ ਅਕਾਲ ਪੁਰਖ ਸਰੂਪ ਹੀ ਸਿਧ ਹੋਣਗੇ, ਅਤੇ ਜੇਕਰ ਅਕਾਲ ਪੁਰਖ ਤੋਂ ਬਿਨਾਂ ਸੰਸਾਰ ਦੀ ਰਚਨਾਂ ਬ੍ਰਹਮਾਂ ਜੀ ਕਰ ਸਕਦੇ ਹਨ ਤੇ ਪਾਲਨਾਂ ਵਿਸ਼ਨੂੰ ਜੀ ਕਰ ਸਕਦੇ ਹਨ ਤਾਂ ਇਸ ਦੂਜੀ ਪੌੜੀ ਵਿਚ ਵੀ ਜਗਤ ਦੀ ਰਚਨਾਂ

Digitized by Panjab Digital Library | www.panjabdigilib.org

ਕਰਨ ਵਾਲੀ ਸਾਕਾਰ ਸ੍ਰੀ ਦੇਵੀ ਜੀ ਦੀ ਮੂਲ ਸ਼ਕਤੀ ਹੈ ਅਰਥ ਕੀਤਾ ਜਾ ਸਕਦਾ ਹੈ।

ਜੇਕਰ ਇਥੇ ਇਹ ਕਿਹਾ ਜਾਵੇ ਕਿ ਪ੍ਰਮਾਤਮਾਂ ਦੀ ਸ਼ਕਤੀ ਪ੍ਰਮਾਤਮਾਂ ਸੇ ਅਲਗ ਨਹੀਂ ਹੁੰਦੀ ਇਸ ਲਈ ਇਥੇ ਪ੍ਰਮਾਤਮਾਂ ਨੇ ਹੀ ਸਭ ਸੰਸਾਰ ਉਪਾਇਆ ਅਰਥ ਬਣਦਾ ਹੈ ਤਾਂ ਇੰਜ, ਏਹੁ ਵਿਸੁ ਸੰਸਾਰ ਤੁਮ ਦੇਖਦੇ ਏਹੁ ਹਰਿਕਾ ਰੂਪ ਹੈ ਹਰਿ ਰੂਪ ਨਦਰੀ ਆਇਆ ॥ ਰਾਮ ਕਲੀ ਮ: ੩ ਅਨੰਦ ਆਦਕ ਵਾਕਾਂ ਦੁਆਰਾ ਇਹ ਸੰਸਾਰ ਵੀ ਸਾਰਾ ਪ੍ਰਮਾਤਮਾਂ ਦਾ ਹੀ ਸਰੂਪ ਹੈ ਅਲਗ ਨਹੀਂ ਤਾਂ ਕੀ, ਸੰਸਾਰ ਦੇ ਸਰੂਪ ਦਾ ਪ੍ਰਮਾਤਮਾਂ ਨਾਲੋਂ ਅਲਗ ਵਰਨਨ ਨਹੀਂ ਹੋਣਾ ਚਾਹੀਦਾ ਜੇਕਰ ਨਹੀਂ ਹੋਣਾ ਚਾਹੀਦਾ ਤਾਂ, ਕੂੜੁ ਸਭੁ ਸੰਸਾਰੁ ॥ ਆਸਾ ਦੀ ਵਾਰ ਮ: ੧ ਜਗ ਰਚਨਾਂ ਸਭ ਝੂਠ ਹੈ ॥ ਸਲੋਕ ਮ: ੯ ॥ ਲਿਖਿਆ ਹੈ, ਜੇਕਰ ਅਲਗ ਵਰਨਨ ਹੋਣਾ ਚਾਹੀਦਾ ਹੈ ਤਾਂ ਇੰਜੇ ਪ੍ਰਮਾਤਮਾਂ ਦੀ ਅਭੇਦ ਰੂਪ ਸਾਕਾਰ ਸ੍ਰੀ ਦੇਵੀ ਜੀ ਦੀ ਮੂਲ ਸ਼ਕਤੀ ਦਾ ਵੀ ਸਭ ਸੰਸਾਰ ਉਪਾਇਆ ਆਦਕ ਕਥਨ ਅਲਗ ਹੋਣਾ ਚਾਹੀਦਾ ਹੈ ਕੋਈ ਹਰਜ ਨਹੀਂ।

**(੨੬) ਪ੍ਰਸ਼ਨ**—ਗੁਰਮਤ ਦਰਸ਼ਨ ਸਫਾ ੧੯ ਤੇ ਲਿਖਿਆ ਹੈ ਕਿ ਵਾਸਤਵ ਵਿਚ ਜਿਵੇਂ ਕ੍ਰਿਸ਼ਨ ਅਵਤਾਰ ਦੀ ਸਮਾਪਤੀ ਵੇਲੇ, ਕ੍ਰਿਸ਼ਨ ਬਿਸ਼ਨ ਕਬਹੂੰ ਨ ਧਿਆਊਂ, ਤਥਾ:—ਰਾਮ ਅਵਤਾਰ ਦੀ ਅੰਤਕਾ ਵਿਚ, ਰਾਮ ਰਹੀਮ ਪੁਰਾਨ ਕੁਰਾਨ ਅਨੇਕ ਕਹਯੋ ਮਤ ਏਕ ਨ ਮਾਨਯੋ॥ ਲਿਖਨ

Digitized by Panjab Digital Library | www.panjabdigilib.org

ਤੋਂ ਗੁਰੂ ਜੀ ਦਾ ਇਹ ਭਾਵ ਸੀ ਕਿ ਭਾਗਵਤ ਦੇ ਟੀਕੇ ਵਿਚੋਂ ਕ੍ਰਿਸ਼ਨ ਜੀ ਦੀ ਉਸਤਤੀ ਤੇ ਰਾਮਾਇਣ ਦੇ ਟੀਕੇ ਵਿਚੋਂ ਰਾਮ ਚੰਦ੍ਰ ਦੀ ਉਪਮਾਂ ਪੜ੍ਹ ਕੇ ਲੋਕੀ ਇਹ ਉਸਤਤੀ ਸਾਡੀ ਵਲੋਂ ਹੀ ਨਾ ਸਮਝ ਲੈਣ ਤਿਵੇਂ ਹੀ ਇਨ੍ਹਾਂ ਚੰਡੀ ਚਰਿਤ੍ਰਾਂ ਅਤੇ ਚੰਡੀ ਦੀ ਵਾਰ ਵਿਚ, ਗੁਰ ਨਾਨਕ ਲਈ ਧਿਆਇ ॥ ਅਤੇ ਤੈਹੀ ਦੁਰਗਾ ਸਾਜਕੈ, ਆਦਿ ਲਿਖਨ ਤੋਂ ਗੁਰੂ ਜੀ ਦਾ ਅਭਿ ਪ੍ਰਾਯ ਇਹ ਹੈ ਕਿ, ਇਨ੍ਹਾਂ ਚੰਡੀ ਚਰਿਤ੍ਰਾਂ ਅਤੇ ਚੰਡੀ ਦੀ ਵਾਰ ਵਿਚੋਂ ਦੇਵੀ ਦਾ ਯਸ਼ ਜੋ ਪਿਛਲੇ ਪਾਠ ਦਾ ਟੀਕਾ ਹੈ ਪੜ੍ਹ ਕੇ ਅਨਜਾਣ ਲੋਗ ਸਾਨੂੰ ਹੀ ਦੁਰਗਾ ਭਗਤ ਨਾ ਥਾਪ ਲੈਣ, ਤਾਂਤੇ ਉਪ੍ਰੋਕਤ ਸ੍ਰੀ ਭਾਗ ਮਲ ਜੀ ਦੀ ਲਿਖਤ ਅਨੁਸਾਰ, ਪ੍ਰਿਥਮ ਭਗੌਤੀ ਸਿਮਰ ਕੈ ਗੁਰ ਨਾਨਕ ਲਈ ਧਿਆਇ ॥ ਆਦਕ ਪੌੜੀ ਲਿਖਣ ਦਾ ਭਾਵ ਸ੍ਰੀ ਦੇਵੀ ਉਪਮਾਂ ਕੀਤੀ ਗਈ ਤੋਂ ਬਰੀ ਹੋਣ ਦਾ ਹੈ।

**ਉੱਤਰ**—ਸ੍ਰੀ ਗੁਰੂ ਜੀ ਦਾ ਇਹ ਭਾਵ ਨਹੀਂ ਸੀ, ਇਹ ਭਾਵ ਕੇਵਲ ਸ੍ਰੀ ਭਾਗ ਮਲ ਜੀ ਦਾ ਆਪਣਾ ਹੈ ਕਿੰਤੂ ਆਪਣਾ ਭਾਵ ਸ੍ਰੀ ਗੁਰੂ ਜੀ ਵਲੋਂ ਇਥੇ ਦੱਸ ਰਹੇ ਹਨ ਇਸ ਲਈ ਕਿ ਸ੍ਰੀ ਭਾਗ ਮਲ ਜੀ ਦੇ ਆਪਣੇ ਇਸ ਭਾਵ ਦੀ ਕੋਈ ਕੀਮਤ ਨਹੀਂ ਸੀ ਹੋ ਸਕਦੀ, ਬਾਕੀ ਕ੍ਰਿਸ਼ਨ ਅਵਤਾਰ ਦੀ ਸਮਾਪਤੀ ਵੇਲੇ, ਕਿਸ਼ਨ ਬਿਸ਼ਨ ਕਬਹੂੰ ਨ ਧਿਆਊ, ਆਦਕ ਛੰਦ ਸ੍ਰੀ ਭਾਗ ਮਲ ਜੀ ਦੀ ਹੀ ਸਕੀਮ ਹੈ ਕਿ ਹੋਣੇ ਚਾਹੀਦੇ ਸਨ ਪਰ ਇਹ ਓਥੇ ਸਮਾਪਤੀ ਵਿਚ ਕਿਸੇ ਬੀੜ ਵਿਚ ਵੀ ਲਿਖੇ ਹੋਇ ਨਹੀਂ ਹਨ, ਇਸ ਦਾ ਉੱਤਰ ਵਿਸਥਾਰ

Digitized by Panjab Digital Library | www.panjabdigilib.org

ਪੂਰਬਕ ਗੁਰ ਮਤ ਵਿਚਾਰ ਸੂਰਜ ਦੇ ਸਫਾ੩੬ ਤੋਂ ੩੯ ਤਕ ਵਿਚ ਦਿਤਾ ਜਾ ਚੁਕਾ ਹੋਇਆ ਹੈ, ਓਥੇ ਦੇਖ ਸਕਦੇ ਹੋ ਜਾਂ ਦਸਮ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਵਿਚੋਂ ਦੇਖ ਸਕਦੇ ਹੋ ਕਿ ਇਹ 'ਕਿਸ਼ਨ ਬਿਸ਼ਨ ਕਬਹੂੰ ਨ ਧਿਆਊਂ' ਆਦਕ ਛੰਦ ਕ੍ਰਿਸ਼ਨ ਅਵਤਾਰ ਦੇ ਛੰਦਾਂ ਦੀ ਸਮਾਪਤੀ ਵਿਚ ਨਹੀਂ ਹਨ। ਕ੍ਰਿਸ਼ਨ ਅਵਤਾਰ ਛੰਦਾਂ ਦੀ ਸਮਾਪਤੀ ੨੪੯੨ ਹੈ ਕਿੰਤੂ ਇਹ, 'ਕ੍ਰਿਸ਼ਨ ਬਿਸ਼ਨ ਕਬਹੂੰ ਨ ਧਿਆਊਂ' ਆਦਕ ਛੰਦ ਕ੍ਰਿਸ਼ਨ ਅਵਤਾਰ ਦੇ ਛੰਦ ੪੩੪ ਵਿਚ ਹੈ ਤਾਂਤੇ ਇਹ ਛੰਦ ਕ੍ਰਿਸ਼ਨ ਅਵਤਾਰ ਦੀ ਸਮਾਪਤੀ ਵਿਚ ਨਹੀਂ ਹੈ ਔਰ ਰਾਮ ਅਵਤਾਰ ਦੀ ਅੰਤਕਾ ਵਿਚ, 'ਰਾਮ ਰਹੀਮ ਪੁਰਾਨ ਕੁਰਾਨ' ਆਦਕ ਸਵਯੇ ਦਾ ਅਰਥ ਵੀ 'ਗੁਰਮਤ ਵਿਚਾਰ ਸੂਰਜ' ਦੇ ਸਫਾ ੧੭੧ ਤੋਂ ੧੭੬ ਤਕ ਵਿਚ ਵਿਸਥਾਰ ਪੂਰਬਕ ਦਸਿਆ ਜਾ ਚੁਕਾ ਹੈ, ਓਥੇ ਦੇਖੋ ਕਿ ਸਿਰੀ ਭਾਗ ਮਲ ਜੀ ਦੇ ਮੰਨੇ ਅਕਾਲ ਪੁਰਖ ਅੱਗੇ ਪ੍ਰਾਰਥਨਾ ਨਹੀਂ ਹੈ ਕਿਉਂਕਿ ਵਿਚ ਪਾਠ ਹੈ, ਸ੍ਰੀ ਅਸਿ ਪਾਨ ਕ੍ਰਿਪਾ ਤੁਮਰੀ ॥ ਜਿਸ ਦੇ ਹਥ ਵਿਚ ਤਲਵਾਰ ਹੈ ਉਸ ਦੀ ਕ੍ਰਿਪਾ ਦਾ ਇਸ ਵਿਚ ਵਰਨਨ ਹੈ, ਤਲਵਾਰ ਸ੍ਰੀ ਦੇਵੀ ਜੀ ਦੇ ਹਥ ਵਿਚ ਹੈ ਸ੍ਰੀ ਭਾਗਮਲ ਜੀ ਦੇ ਆਪਣੇ ਪੁਸਤਕ ਵਿਚ ਲਿਖੇ, ਰੂਪ ਰੰਗ ਅਰ ਰੇਖ ਨਹਿ ਜੋ ਥਿਰ ਆਠੋ ਜਾਂਮ, ਪ੍ਰਮਾਤਮਾਂ ਦਾ ਜਦ ਰੂਪ ਰੰਗ ਹੀ ਕੋਈ ਨਹੀਂ ਤਾਂ ਉਸਦੇ ਹਥ ਕਿਵੇਂ ਹੋ ਸਕਦੇ ਹਨ ਜਿਨ੍ਹਾਂ ਵਿਚ ਤਲਵਾਰ ਫੜੀ ਹੋਈ ਸ੍ਰੀ ਭਾਗ ਮਲ ਜੀ ਸਿਧ ਕਰ ਸਕਣਗੇ, ਤਾਂਤੇ ਇਸ ਵਿਚ ਵੀ ਓਥੇ ਸ੍ਰੀ ਦੇਵੀ ਅਗੇ ਹੀ ਪ੍ਰਾਰਥਨਾਂ ਕੀਤੀ ਗਈ ਹੋਈ ਹੈ, ਬਾਕੀ ਰਹੇ ਦੋਵੇਂ ਚੰਡੀ

Digitized by Panjab Digital Library | www.panjabdigilib.org

ਚਰਿਤ੍ਰ ਤੇ ਇਕ ਚੰਡੀ ਦੀ ਵਾਰ (ਵਾਰ ਸ੍ਰੀ ਭਗਉਤੀ ਜੀ ਕੀ) ਪ੍ਰਿਥਮ ਭਗਉਤੀ ਸਿਮਰ ਕੈ ਗੁਰ ਨਾਨਕ ਲਈ ਧਿਆਇ, ਅਤੇ ਤੈ ਹੀ ਦੁਰਗਾ ਸਾਜਿ ਕੈ, ਆਦਕ ਇਹ ਦੋਵੇਂ ਹੀ ਪਾਠ ਚੰਡੀ ਦੀ ਵਾਰ ਦੀ ਪਹਿਲੀ ਅਤੇ ਦੂਜੀ ਪਉੜੀ ਵਿਚ ਹਨ ਉਪ੍ਰੋਕਤ ਦੋਹਾਂ ਚੰਡੀ ਚਰਿਤ੍ਰਾਂ ਵਿਚ ਨਹੀਂ, ਤਾਂਤੇ ਇਨ੍ਹਾਂ ਦੋਹਾਂ ਪਾਠਾਂ ਦਾ ਅਭਿਪ੍ਰਾਯ ਉਪ੍ਰੋਕਤ ਦੋਹਾਂ ਚੰਡੀ ਚਰਿਤ੍ਰਾਂ ਵਿਚ ਕਿਵੇਂ ਚਲਾ ਜਾਵੇਗਾ, ਕੀ ਸ੍ਰੀ ਭਾਗ ਮਲ ਜੀ ਦੀ ਹੀ ਮਨ ਮਰਜੀ ਹੈ ਜਾਂ ਕਿ ਕੋਈ ਅਸੂਲ ਵੀ ਹੈ ਔਰ ਚੰਡੀ ਚਰਿਤ੍ਰ ਅਤੇ ਚੰਡੀ ਦੀ ਵਾਰ ਪਿਛਲੇ ਪਾਠ ਦਾ ਟੀਕਾ ਹੈ ਖਾਲੀ ਲਿਖ ਛਡਨ ਨਾਲ ਹੀ ਨਹੀਂ ਸਿਧ ਹੋ ਜਾਂਦਾ ਕਿੰਤੂ ਸਿਧ ਕਰਨ ਵਾਸਤੇ ਪਕੇ ਸਬੂਤ ਦੇਣੇ ਪੈਂਦੇ ਹਨ ਅਤੇ ਜੋ ਸ੍ਰੀ ਭਾਗ ਮਲ ਜੀ ਨੇ ਪਿਛੇ ਸਬੂਤ ਦਿਤੇ ਹਨ ਉਨ੍ਹਾਂ ਵਿਚੋਂ ਉਸਦੀ ਕੋਈ ਵੀ ਸਹਾਇਤਾ ਨਹੀਂ ਕਰਦੇ ਇਹ ਪਿਛੇ ਦੱਸ ਆਏ ਹਾਂ।

ਔਰ ਪ੍ਰਿਥਮ ਭਗੌਤੀ ਸਿਮਰ ਕੈ ਗੁਰ ਨਾਨਕ ਲਈ ਧਿਆਇ॥ ਆਦਕ ਪੌੜੀ ਵਿਚ ਵੀ ਸ੍ਰੀ ਭਾਗ ਮਲ ਜੀ ਦੇ ਲਿਖੇ ਅਨੁਸਾਰ ਸ੍ਰੀ ਦਸਮੇਸ਼ ਜੀ ਵਲੋਂ ਆਦਿ ਗੁਰੂ ਸਾਹਿਬਾਂ ਦਾ ਮੰਗਲ ਸਿਧ ਨਹੀਂ ਹੁੰਦਾ ਤੇ, ਤੈਂਹੀ ਦੁਰਗਾ ਸਾਜਿ ਕੈ॥ ਆਦਕ ਦਾ ਅਰਥ ਵੀ ਸ੍ਰੀ ਦੇਵੀ ਜੀ ਦੀ ਮੂਲ ਸ਼ਕਤੀ ਕਾਰਨ ਦੀ ਉਪਮਾਂ ਵਿਚ ਹੀ ਹੈ ਤਾਂ ਪਤਾ ਨਹੀਂ ਫਿਰ ਗੁਰੂ ਜੀ ਦਾ ਭਾਵ ਇਹ ਹੈ, ਕਿਸ ਸਚਾਈ ਅਤੇ ਬੁਧੀ ਨਾਲ ਲੋਕਾਂ ਨੂੰ ਦਰਸਾ ਰਹੇ ਹਨ, ਜੇਕਰ ਇਹ ਹਠ ਹੋਵੇ ਕਿ, ਤੈਂਹੀ ਦੁਰਗਾ ਸਾਜਿ ਕੈ॥ ਪਾਠ ਵਿਚ ਦੁਰਗਾ ਦੀ ਪ੍ਰਾਧੀਨਤਾ ਸ੍ਰੀ ਦਸਮੇਸ਼

Digitized by Panjab Digital Library | www.panjabdigilib.org

ਜੀ ਨੇ ਦਿਖਾਈ ਹੈ ਇਸ ਲਈ ਸ੍ਰੀ ਦਸਮੇਸ਼ ਜੀ ਦੁਰਗਾ ਦੇ ਸ਼ਰਧਾਲੂ ਸਿਧ ਨਹੀਂ ਹੋ ਸਕਦੇ, ਤਾਂ ਇੰਜ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ, ਸਤਿਗੁਰ ਨਾਨਕ ਭਗਤਿ ਕਰੀ ਇਕ ਮਨਿ ਤਨੁ ਮਨੁ ਧਨੁ ਗੋਬਿੰਦ ਦੀਅਉ ॥ ਸਵਯੇ ਮਹਲੇ ਚੌਥੇ ਕੇ ਵਾਕਾਂ ਵਿਚ ਭਟ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ, ਇਕ ਮਨ ਹੋਕੇ ਤਨ ਮਨ ਧਨ ਦੇਕੇ ਪ੍ਰਮਾਤਮਾਂ ਦੀ ਭਗਤੀ ਕਰਨ ਵਾਲੇ ਕਹਿ ਕੇ ਪ੍ਰਾਧੀਨਤਾ ਦਿਖਾ ਰਹੇ ਹਨ।

ਤਥਾ:-ਸਿਮਰਹਿ ਸੋਈ ਨਾਮੁ ਜਖ ਅਰੁ ਕਿੰਨਰ ਸਾਧਿਕ ਸਿਧ ਸਮਾਧਿ ਹਰਾ ॥ ਸਿਮਰਹਿ ਨਖ੍ਹਤ੍ਰ ਅਵਰ ਧ੍ਰੂ ਮੰਡਲ ਨਾਰਦਾਦਿ ਪ੍ਰਹਲਾਦਿ ਵਰਾ ॥ ਸਸੀਅਰੁ ਅਰੁ ਸੂਰ ਨਾਮੁ ਉਲਾਸਹਿ ਸੈਲ ਲੋਅ ਜਿਨਿ ਉਧਰਿਆ ॥ ਸੋਈ ਨਾਮੁ ਅਛਲ ਭਗਤਹ ਭਵ ਤਾਰਨੁ ਅਰਮ ਦਾਸ ਗੁਰ ਕਉ ਫੁਰਿਆ, ਆਦਕ ਭੱਟਾਂ ਨੇ ਗੁਰੂ ਅਮਰ ਦਾਸ ਜੀ ਨੂੰ ਉਹੋ ਨਾਮ ਫੁਰਿਆ ਲਿਖਿਆ ਹੈ ਜੇੜ੍ਹਾ ਨਾਮ ਉਪ੍ਰੋਕਤ ਜਖਾਂ, ਕਿੰਨਰਾਂ, ਤਾਰਿਆਂ ਚੰਦ੍ਰਮਾਂ, ਸੂਰਜ ਪਥਰਾਂ, ਲੋਕਾਂ, ਧਰੂਹ, ਪ੍ਰਹਲਾਦ ਨਾਰਦ ਆਦਕਾਂ ਨੇ ਵੀ ਸਿਮਰਿਆ ਹੈ, ਤਾਂ ਭਟਾਂ ਨੇ ਇਥੇ ਸ੍ਰੀ ਗੁਰੂ ਜੀ ਨੂੰ, ਜਖਾਂ, ਕਿੰਨਰਾਂ, ਤਾਰਿਆਂ, ਧਰੂਹ, ਪ੍ਰਹਿਲਾਦ ਨਾਰਦ ਆਦਕਾਂ ਨਾਲੋਂ ਕੋਈ ਵਸ਼ੇਸ਼ ਦਰਜਾ ਨਹੀਂ ਦਿਤਾ ਤਾਂ ਕੀ ਭਟ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਅਤੇ ਗੁਰ ਅਮਰ ਦਾਸ ਜੀ ਦੇ ਉਪਾਸ਼ਕ ਸ਼ਰਧਾਲੂ ਨਹੀਂ ਸਨ, ਜੇਕਰ ਨਹੀਂ ਸਨ ਤਾਂ ਉਨ੍ਹਾਂ ਹੀ ਭੱਟਾਂ ਸ੍ਰੀ ਗੁਰੂ ਸਾਹਿਬਾਂ ਦੀ ਉਪਮਾਂ ਪ੍ਰਮਾਤਮਾਂ ਤੁਲ ਕਿਸ ਗਲ ਨੂੰ ਮੁਖ ਰਖ ਕੇ ਕੀਤੀ ਮੰਨੀ ਜਾਵੇਗੀ, ਜੋ, ਜੋਤਿ ਰੂਪ ਹਰਿ ਆਪਿ ਗੁਰੂ ਨਾਨਕੁ

Digitized by Panjab Digital Library | www.panjabdigilib.org

ਕਹਾਯਉ ॥ (ਸਵਈਏ ਮਹਲੇ ਪੰਜਵੇਂ ਕੇ) ਅਤੇ, ਆਪਿ ਨਰਾਇਣੁ ਕਲਾ ਧਾਰਿ ਜਗ ਮਹਿ ਪਰਵਰਿਯਉ ॥ (ਸਵਈਏ ਮਹਲੇ ਤੀਜੇ ਕੇ) ਆਦਕ ਜੋਤੀ ਸਰੂਪ ਪ੍ਰਮਾਤਮਾਂ ਹੀ ਆਪ ਗੁਰੂ ਨਾਨਕ ਦੇਵ ਜੀ ਕਹਾਏ ਹਨ ਤੇ ਆਪ ਹੀ ਪ੍ਰਮਾਤਮਾਂ ਕਲਾਂ ਧਾਰ ਕੇ ਜਗਤ ਵਿਚ ਗੁਰੂ ਅਮਰ ਦਾਸ ਜੀ ਆਏ ਹਨ ਲਿਖ ਰਹੇ ਹਨ।

ਔਰ ਜੇਕਰ ਭਟ ਸ਼ਰਧਾਲੂ ਸਨ ਤਾਂ ਉਨ੍ਹਾਂ ਪ੍ਰਮਾਤਮਾਂ ਅਗੇ ਭਗਤੀ ਕਰਨ ਵਾਲੇ ਕਹਿਕੇ ਪ੍ਰਾਧੀਨਤਾ ਕਿਉਂ ਦਿਖਾਈ ਹੈ ਜੇਕਰ ਇੰਜ ਹੋ ਸਕਦਾ ਹੈ ਤਾਂ ਤੁਹਾਡੇ ਨਿਸਚੇ ਅਨੁਸਾਰ ਸ੍ਰੀ ਦਸਮੇਸ਼ ਜੀ ਨੇ ਵੀ ਜੇਕਰ, ਤੈਂਹੀ ਦੁਰਗਾ ਸਾਜਿ ਕੈ ॥ ਆਦਕ ਵਾਕਾਂ ਵਿਚ ਪ੍ਰਮਾਤਮਾਂ ਅਗੇ ਸ੍ਰੀ ਦੇਵੀ ਜੀ ਦੀ ਪ੍ਰਾਧੀਨਤਾ ਦਿਖਾਈ ਹੈ ਤਾਂ ਸ੍ਰੀ ਦਸਮੇਸ਼ ਜੀ ਸ੍ਰੀ ਦੇਵੀ ਜੀ ਦੇ ਸ਼ਰਧਾਲੂ ਨਹੀਂ ਹਨ ਇਹ ਕਿਵੇਂ ਕਿਹਾ ਜਾ ਸਕਦਾ ਹੈ, ਜਦ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਭਟਾਂ ਦੀ ਬਾਣੀ ਦੁਆਰਾ ਇਹ ਅਸੂਲ ਕਾਇਮ ਮਿਲਦਾ ਹੈ ਪ੍ਰਾਧੀਨਤਾ ਦਿਖਾ ਕੇ ਵੀ ਉਪਾਸ਼ਕ ਹੋ ਸਕਦੇ ਹਨ ਤਾਂ ਸ੍ਰੀ ਦਸਮੇਸ਼ ਜੀ ਦੀ ਬਾਣੀ ਦੇ ਅਰਥ ਕਰਨ ਲਗਿਆਂ ਇਸ ਅਸੂਲ ਦੀ ਉਲੰਘਨਾਂ ਕਿਵੇਂ ਕੀਤੀ ਜਾ ਸਕਦੀ ਹੈ।

ਤਥਾ—ਜੇਕਰ ਹਠ ਕੀਤਾ ਜਾਵੇ ਤਾਂ ਨੌਂ ਗੁਰੂ ਸਾਹਿਬਾਂ ਦੇ ਨਾਮ ਜਪਣ ਤੇ ਭਗਤੀ ਕਰਨ ਆਦਕ ਕਰਤਵਜ ਪ੍ਰਸਿਧ ਮੰਨੇ ਜਾਂਦੇ ਹਨ, ਔਰ, ਸੁਣੀ ਪੁਕਾਰ ਦਾਤਾਰ ਪ੍ਰਭੁ ਗੁਰ ਨਾਨਕ ਜਗ ਮਾਹਿ ਪਠਾਯਾ ॥ ਵਾਰ ੧ ਪੌੜੀ ੨੩ ਸ੍ਰੀ ਭਾਈ ਗੁਰਦਾਸ ਜੀ ਦੇ ਵਾਕਾਂ ਦੁਆਰਾ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ

Digitized by Panjab Digital Library | www.panjabdigilib.org

ਪ੍ਰਮਾਤਮਾਂ ਨੇ ਜਗਤ ਵਿਚ ਭੇਜਿਆ ਹੈ ਵੀ ਸਿਧ ਕੀਤਾ ਜਾਂਦਾ ਹੈ ਤਾਂ ਸ੍ਰੀ ਦਸਮੇਸ਼ ਜੀ ਆਪਣੇ ਪੂਜਜ ਨੌ ਗੁਰੂ ਸਾਹਿਬਾਂ ਦੇ ਉਪਾਸ਼ਕ, ਸ਼ਰਧਾਲੂ ਸਨ ਇਹ ਗਲ ਕਿਵੇਂ ਮੰਨੀ ਜਾਵੇਗੀ, ਕਿਉਂਕਿ (ਤੈਂ ਹੀ ਦੁਰਗਾ ਸਾਜਿ ਕੈ) ਅਕਾਲ ਪੁਰਖ ਨੇ ਦੁਰਗਾ ਨੂੰ ਸਾਜ ਕੇ ਦੈਂਤਾਂ ਦਾ ਨਾਸ਼ ਕਰਾਇਆ ਹੈ, ਇਸ ਸ੍ਰੀ ਭਾਗ ਮਲ ਜੀ ਦੇ ਅਰਥ ਅਨੁਸਾਰ ਜੇਕਰ ਸ੍ਰੀ ਦਸਮੇਸ਼ ਜੀ ਦੇਵੀ ਦੇ ਸ਼ਰਧਾਲੂ ਨਹੀਂ ਹੋ ਸਕਦੇ ਤਾਂ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਵੀ ਉਪ੍ਰੋਕਤ ਭਾਈ ਗੁਰਦਾਸ ਜੀ ਦੇ ਕਥਨ ਅਨੁਸਾਰ ਅਕਾਲ ਪੁਰਖ ਨੇ ਹੀ ਪੁਕਾਰ ਸੁਣ ਕੇ ਭੇਜਿਆ ਹੈ ਅਥਵਾ ਸ੍ਰੀ ਦਸਮੇਸ਼ ਜੀ ਦੇ ਬਚਿਤ੍ਰ ਨਾਟਕ ਧਿਆ ੪ ਵਿਚ ਆਪਣੇ ਕਥਨ ਅਨੁਸਾਰ, ਬੇਦੀ ਭਯੋ ਪ੍ਰਸੰਨ ਰਾਜ ਕਹ ਪਾਇਕੈ, ਦੇਤ ਭਯੋ ਬਰ ਦਾਨ ਹੀਐ ਹੁਲਸਾਇ ਕੈ, ਜਬ ਨਾਨਕ ਕਲ ਮੈ ਹਮ ਆਨ ਕਹਾਇ ਹੈਂ, ਹੋ ਜਗਤ ਪੂਜ ਕਰਿ ਤੋਹਿ ਪਰਮ ਪਦ ਪਾਇ ਹੈਂ, ਆਦਕ ਕੁਸ ਸੰਤਾਨ ਵਾਲੇ ਬੇਦੀਆਂ ਦੇ ਵਰ ਦਾਨ ਅਨੁਸਾਰ, ਬਹੁਤ ਕਾਲ ਇਹ ਭਾਂਤਿ ਬਿਤਾਯੋ, ਜਨਮ ਸਮੈ ਨਾਨਕ ਕੋ ਆਯੋ, ਤਿਨ ਬੇਦੀਅਨ ਕੀ ਕੁਲ ਬਿਖੈ ਪ੍ਰਗਟ ਨਾਨਕ ਰਾਇ, ਬਚਿਤ੍ਰ ਨਾਟਕ ਧਿਆ ੫ ਆਦਕ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਬੇਦੀਆਂ ਦੇ ਵਰਦਾਨ ਅਨੁਸਾਰ ਪ੍ਰਗਟ ਹੋਣਾ ਲਿਖਿਆ ਹੈ ਤਾਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸ੍ਰੀ ਦਸਮੇਸ਼ ਜੀ ਉਪਾਸ਼ਕ ਕਿਵੇਂ ਸਿਧ ਕੀਤੇ ਜਾ ਸਕਣਗੇ, ਪਤਾ ਨਹੀਂ ਸ੍ਰੀ ਭਾਗ ਮਲ ਜੀ ਜਾਣ ਬੁਝਕੇ ਸਿਧੇ ਅਰਥ ਛਡਕੇ ਕਿਉਂ ਅੜਚਣਾਂ ਪੈਦਾ ਕਰ ਲੈਂਦੇ ਹਨ, ਤਾਂਤੇ ਜਿਵੇਂ ਨੌਂ ਗੁਰੂ ਸਾਹਿਬਾਂ ਦੇ ਸ੍ਰੀ ਦਸਮੇਸ਼ ਜੀ

Digitized by Panjab Digital Library | www.panjabdigilib.org

ਮੰਨਣ ਵਾਲੇ ਸਨ ਤਿਵੇਂ ਸ੍ਰੀ ਦੇਵੀ ਜੀ ਨੂੰ ਵੀ ਮੰਨਣ ਵਾਲੇ ਸਨ ਅਰਥ ਹੋ ਸਕਦਾ ਹੈ।

ਤਥਾ:-ਸ੍ਰੀ ਭਾਗ ਮਲ ਜੀ ਦਾ ਕੋਈ ਅਤੀ ਹਠ ਹੀ ਹੋਵੇ ਤਾਂ ਦਸਮ ਗੁਰੂ ਗ੍ਰੰਥ ਸਾਹਿਬ ਜੀ ਵਿਚ ਪਹਿਲੇ ਤ੍ਰਿਯਾ ਚਰਿਤ੍ਰ ਦੇ ਪ੍ਰਾਰੰਭ ਵਿਚ ਸ੍ਰੀ ਦਸਮੇਸ਼ ਜੀ ਨੇ ਆਪਣੇ ਆਦਿ ਨੌ ਗੁਰੂ ਸਾਹਿਬਾਂ ਦਾ ਅਥਵਾ ਪ੍ਰਮਾਤਮਾਂ ਦਾ ਕੋਈ ਮੰਗਲ ਹੀ ਨਹੀਂ ਕੀਤਾ ਉਲਟਾ ਸ੍ਰੀ ਦੇਵੀ ਜੀ ਨੂੰ ਹੀ, ਤੂਹੀ ਖੜਗ ਧਾਰਾ ਤੂਹੀ ਬਾਢ ਵਾਰੀ, ਆਦਕ ਕਥਨ ਕੀਤਾ ਹੈ।

ਅਤੇ ਚੰਡੀ ਚਰਿਤ੍ਰ ਦੂਜੇ ਦੇ ਆਦਿ ਔਰ ਅੰਤ ਵਿਚ ਵੀ ਉਪ੍ਰੋਕਤ ਕੋਈ ਮੰਗਲ ਨਹੀਂ ਕੀਤਾ, ਅਤੇ ਹੋਰ ਵੀ ਜਿਸ ਜਿਸ ਬਾਣੀ ਵਿਚ ਸ੍ਰੀ ਦਸਮੇਸ਼ ਜੀ ਨੇ ਆਦਿ ਗੁਰੂ ਸਾਹਿਬਾਂ ਦਾ ਮੰਗਲ ਨਹੀਂ ਕੀਤਾ, ਤਾਂ ਉਥੇ ਸ੍ਰੀ ਭਾਗ ਮਲ ਜੀ ਕੀ ਅੜਚਣ ਪਾਉਂਣਗੇ, ਕੀ ਇਹ ਕਹਿਣਗੇ ਕਿ ਇਸ ਲਈ ਆਦਿ ਗੁਰੂ ਸਾਹਿਬਾਂ ਦਾ ਤੇ ਪ੍ਰਮਾਤਮਾਂ ਦਾ ਮੰਗਲ ਨਹੀਂ ਕੀਤਾ ਕਿ ਕਿਤੇ ਪੜ੍ਹਨ ਵਾਲੇ ਸਾਨੂੰ ਆਦਿ ਗੁਰੂ ਸਾਹਿਬਾਂ ਦਾ ਤੇ ਪ੍ਰਮਾਤਮਾਂ ਦਾ ਭਗਤ ਹੀ ਨਾ ਮੰਨ ਲੈਣ, ਤਾਂਤੇ ਸ੍ਰੀ ਭਾਗ ਮਲ ਜੀ ਦੇ ਉਪ੍ਰੋਕਤ ਕਢੇ ਗਏ ਅਨੋਖੇ ਭਾਵਾਂ ਤੋਂ ਬਚਣਾ ਹੀ ਬੁਧੀ ਮਤਾ ਹੈ।

**(੨੭) ਪ੍ਰਸ਼ਨ:**—ਕਰਮ ਪ੍ਰਣਾਸਨ ਚੰਦ ਪ੍ਰਕਾਸਨ ਸੂਰਜ ਪ੍ਰਤੇਜਨ ਅਸਟ ਭੁਜੇ ॥ ਆਦਕ ਸ੍ਰੀ ਅਕਾਲ ਉਸਤਿਤ, ਦੇ ਇਸ ਪ੍ਰਮਾਣ ਦਾ ਉੱਤਰ ਗੁਰਮਤ ਦਰਸ਼ਨ, ਦੇ ਸਫਾ ੮੦ ਤੇ ਲਿਖਿਆ ਹੈ ਕਿ, ਗਨੇਸ਼ ਖੰਡਨ ਵਿਚ ਵਿਸਥਾਰ ਸੰਜੁਗਤ

Digitized by Panjab Digital Library | www.panjabdigilib.org

ਦੱਸਿਆ ਗਿਆ ਹੈ ਕਿ ਦਸਮ ਗ੍ਰੰਥ ਵਿਚ ਅੰਕ ਪਲੀ ਦਾ ਸਿਲਸਿਲਾ ਅਨੇਕਾਂ ਥਾਂਈ ਅਜੋੜ ਹੈ ਇਸ ਲਈ ਇਹ ਛੰਦ ਅੰਕ (੨੧੧) ਤੋਂ ਲਗ (੨੩੦) ਤਕ ਮਾਰ ਕੰਡੇ ਪੁਰਾਣ ਵਿਚੋਂ ਦੇਵੀ ਸਤੋਤ੍ਰ ਦੇ ਸੰਸਕ੍ਰਿਤ ਦਾ ਹਿੰਦੀ ਭਾਸ਼ਾ ਵਿਚ ਅਨੁਵਾਦ ਹਨ ਇਹ ਚੰਡੀ ਚਰਿਤ੍ਰ ਦੂਜੇ ਵਿਚ ਹੋਣੇ ਚਾਹੀਦੇ ਸਨ ।

**ਉੱਤਰ:**—ਗਨੇਸ਼ ਖੰਡਨ ਵਿਚ ਦੱਸੇ ਗਏ ਅੰਕ ਪਲੀ ਦੇ ਅਜੋੜ ਸਿਲਸਿਲੇ ਬਾਬਤ ਵਿਸਥਾਰ ਪੂਰਬਕ ਉੱਤਰ, ਗੁਰਮਤ ਵਿਚਾਰ ਸੂਰਜ, ਦੇ ਗਣੇਸ਼ ਵਿਚਾਰ, ਵਿਚ ਦਿਤਾ ਜਾ ਚੁਕਾ ਹੋਇਆ ਹੈ, ਪ੍ਰੰਤੂ ਇਥੇ ਪ੍ਰਸ਼ਨ ਇਹ ਹੁੰਦਾ ਹੈ ਕਿ ਦਸਮ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਸਾਰੀਆਂ ਬੀੜਾਂ ਦੀ ਅੰਕ ਪਲੀ ਦਾ ਸਿਲਸਿਲਾ ਅਜੋੜ ਹੈ ਕਿ ਕਿਸੇ ਦਾ ਠੀਕ ਵੀ ਹੈ, ਜੇਕਰ ਸਾਰੀਆਂ ਦਾ ਹੀ ਅਜੋੜ ਹੈ ਤਾਂ ਉਪ੍ਰੋਕਤ ਵੇਰਵਾ ਸ੍ਰੀ ਭਾਗ ਮਲ ਜੀ ਨੇ ਕੇੜ੍ਹੀ ਬੀੜ ਵਿਚੋਂ ਇਥੇ ਨਕਲ ਕਰਕੇ ਲਿਖਿਆ ਹੈ ਕੀ, ਮਨੋ ਕਲਪਤ ਹੀ, ਜੇਕਰ ਕਿਸੇ ਬੀੜ ਦਾ ਠੀਕ ਹੈਸੀ ਤਾਂ ਉਸ ਬੀੜ ਦਾ ਨਾਮ, ਪਤਾ ਇਥੇ ਸ੍ਰੀ ਭਾਗ ਮਲ ਜੀ ਨੇ ਕਿਉਂ ਨਹੀਂ ਲਿਖਿਆ, ਜੇਕਰ ਅਜ ਕਲ ਮੌਜੂਦਾ ਬੀੜਾਂ ਵਿਚੋਂ ਕਿਸੇ ਬੀੜ ਦੀ ਵੀ ਅੰਕ ਪਲੀ ਠੀਕ ਨਹੀਂ ਤਾਂ ਸ੍ਰੀ ਭਾਗ ਮਲ ਜੀ ਦੇ ਮਨੋ ਕਲਪਤ ਕਾਇਮ ਕੀਤੇ ਅੰਕ ਪਲੀ ਦੇ ਸਿਲਸਿਲੇ ਨੂੰ ਕੇੜ੍ਹਾ ਬੁਧੀਵਾਨ ਠੀਕ ਮੰਨ ਲਏਗਾ, ਕਿਉਂਕਿ ਜਿਨ੍ਹਾਂ ਭਾਈ ਮਨੀ ਸਿੰਘ ਜਾਂ ਭਾਈ ਦੀਪ ਸਿੰਘ ਆਦਕਾਂ ਦੇ ਹਥਾਂ ਦੀਆਂ

Digitized by Panjab Digital Library | www.panjabdigilib.org

ਉਪ੍ਰੋਕਤ ਦਸਮ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਬੀੜਾਂ ਬਧੀਆਂ ਹੋਈਆਂ ਅਜ ਮੌਜੂਦ ਹਨ ਉਨ੍ਹਾਂ ਭਾਈ ਮਨੀ ਸਿੰਘ ਆਦਕਾਂ ਦਾ ਪੰਥ ਵਿਚ ਬਹੁਤ ਮਹਤਵ ਹੈ ।

ਬਾਕੀ ਸ੍ਰੀ ਭਾਗ ਮਲ ਜੀ ਦੇ ਸਾਥੀ ਸ੍ਰੀ ਮਾਨ ਪੰਡਿਤ ਨਰੈਣ ਸਿੰਘ ਜੀ ਗਿਆਨੀ ਵਿਦਿਆ ਮਾਰਤੰਡ, ਵੀ ਆਪਣੇ ਰਚੇ ਦਸਮ ਗੁਰੂ ਗ੍ਰੰਥ ਸਾਹਿਬ ਸਟੀਕ ਭਾਗ ਦੂਜਾ ਅਕਾਲ ਉਸਤਤਿ ਸਫਾ ੯੬ ਤੇ ਲਿਖਦੇ ਹਨ ਕਿ, ਇਹ ਵੀਹ ਤ੍ਰਿਭੰਗੀ ਛੰਦ ਉਸੇ, ਭਗਵਤੀ ਪਦਜ ਪੁਸਪਾਂਜਲਿ ਸਤੋਤ੍ਰ, ਦਾ ਸੁਤੰਤ੍ਰ ਅਨੁਵਾਦ ਹਨ ਜੋ ਪੰਡਿਤ ਕਾਂਸ਼ੀ ਰਾਮ ਜੀ ਦੇ ਕੰਠਸਥ ਸੀ, ਇਥੇ ਪ੍ਰਸ਼ਨ ਹੋ ਸਕਦਾ ਹੈ ਜੋ ਇਹ ਅਕਾਲ ਉਸਤਤਿ, ਵਿਚ ਕਿਉਂ ਆਏ ? ਇਸ ਦਾ ਉੱਤਰ ਸਰਦਾਰ ਬਹਾਦਰ ਸ੍ਰ: ਕਾਹਨ ਸਿੰਘ ਜੀ ਨਾਭਾ ਮਹਾਨ ਕੋਸ਼ ਵਿਚ ਲਿਖਦੇ ਹਨ, ਜੋ ਲੇਖਕ ਪ੍ਰਮਾਦ ਨਾਲ ਦੂਜੇ ਚੰਡੀ ਚਰਿਤ੍ਰ ਵਿਚ ਨਹੀਂ ਲਿਖਿਆ ਗਿਆ, ਜੇ ਸਚ ਮੁਚ ਹੀ ਲੇਖਕ ਪ੍ਰਮਾਦ ਮੰਨੀਏ ਤਾਂ ਦਸਮ ਗੁਰੂ ਗ੍ਰੰਥ ਸਾਹਿਬ ਦੇ ਸੰਗ੍ਰਹਿ ਕਰਤਾ ਭਾਈ ਮਨੀ ਸਿੰਘ ਜੀ ਸ਼ਹੀਦ ਹਨ ਅਤੇ ਭਾਈ ਸਾਹਿਬ ਜੀ ਸਤਿਗੁਰੂ ਜੀ ਦੇ ਨਿਕਟ ਵਰਤੀ ਸੇਵਕ ਤੇ ਉਚੇ ਪਦ ਵਿਚ ਖੇਡਣ ਵਾਲੇ ਆਤਮ ਰਸੀਏ ਸਨ, ਉਨ੍ਹਾਂ ਵਿਚ ਪ੍ਰਮਾਦ ਹੋ ਹੀ ਨਹੀਂ ਸਕਦਾ ਇਸ ਲਈ ਉਨ੍ਹਾਂ ਤੋਂ ਅਜੇਹੀ ਭੁਲ ਹੋਣੀ ਬਣਦੀ ਨਹੀਂ, ਬਾਕੀ ਰਿਹਾ ਇਸਤੋਂ ਪਹਿਲਾਂ ਕੋਈ ਲਿਖਾਰੀ ਤਾਂ ਉਹ ਭੀ ਇਤਿਹਾਸ ਵਿਚੋਂ ਕੋਈ ਲਭਦਾ, ਜੋ ਇਨ੍ਹਾਂ ਤੋਂ ਬਿਨਾਂ ਬਾਣੀ ਲਿਖਣ ਦਾ ਲਿਖਾਰੀ ਕੋਈ ਹੋਰ ਭੀ ਸੀ ? ਕਿਉਂਕਿ ਘਰੋਗੀ ਲਿਖਤ ਦਾ ਕੰਮ ਦੀਵਾਨ ਨੰਦ

Digitized by Panjab Digital Library | www.panjabdigilib.org

ਚੰਦ ਜੀ ਤੇ ਬਾਣੀ ਦੀ ਲਿਖਾਈ ਦਾ ਕੰਮ ਭਾਈ ਮਨੀ ਸਿੰਘ ਜੀ ਦੇ ਹੀ ਸਪੁਰਦ ਸੀ ਇਸ ਗਲ ਦੀ ਗਵਾਹੀ ਇਤਿਹਾਸ ਵਿਚੋਂ ਮਿਲਦੀ ਹੈ, ਇਸ ਲਈ ਸੰਪ੍ਰਦਾਈ ਗਿਆਨੀ ਸਿੰਘਾਂ ਦਾ ਕਹਿਣਾ ਹੀ ਸਤ ਮੰਨਣਾ ਪਏਗਾ ਕਿ ਉਭਯਾਲੰਕਾਰ ਯੁਕਤ ਸਤੋਤ੍ਰ ਸੁਨਾਇਆ ਹੈ, ਉਪ੍ਰੋਕਤ ਪੰਡਿਤ ਨਰੈਣ ਸਿੰਘ ਜੀ ਗਿਆਨੀ ਇਸ ਆਪਣੀ ਲਿਖਤ ਵਿਚ, ਇਹ ਵੀਹ ਤ੍ਰਿਭੰਗੀ ਛੰਦ ਦੁਰਗਾ ਪੁਸ਼ਪਾਂਜਲੀ ਦਾ ਅਨੁਵਾਦ ਹਨ ਲਿਖਦੇ ਹਨ ਪ੍ਰੰਤੂ ਇਹ ਨਹੀਂ ਮੰਨਦੇ ਕਿ ਇਹ ਵੀਹ ਤ੍ਰਿਭੰਗੀ ਛੰਦ ਚੰਡੀ ਚਰਿਤ੍ਰ ਦੂਜੇ ਵਿਚ ਹੋਣੇ ਚਾਹੀਦੇ ਸਨ, ਬਲਕਿ ਸ੍ਰੀ ਮਾਨ ਸ੍ਰ: ਬ: ਕਾਹਨ ਸਿੰਘ ਜੀ ਦੇ ਇਸ ਲੇਖ: ਕਿ ਲੇਖਕ ਪ੍ਰਮਾਦ ਨਾਲ ਚੰਡੀ ਚਰਿਤ੍ਰ ਦੂਜੇ ਵਿਚ ਨਹੀਂ ਲਿਖਿਆ ਗਿਆ ਦਾ ਖੰਡਨ ਕੀਤਾ ਹੈ ਕਿ ਦਸਮ ਗੁਰੂ ਗ੍ਰੰਥ ਸਾਹਿਬ ਜੀ ਦੇ ਸੰਗ੍ਰਹਿ ਕਰਤਾ ਭਾਈ ਮਨੀ ਸਿੰਘ ਜੀ ਸ਼ਹੀਦ ਹਨ ਉਨ੍ਹਾਂ ਤੋਂ ਅਜਿਹੀ ਭੁਲ ਹੋਣੀ ਨਹੀਂ ਬਣਦੀ ਅਤੇ ਕੋਈ ਹੋਰ ਲਿਖਾਰੀ ਭੀ ਇਨ੍ਹਾਂ ਤੋਂ ਬਿਨਾਂ ਇਤਿਹਾਸ ਵਿਚ ਨਹੀਂ ਤਾਂਤੇ ਇਹ ਵੀਹ ਛੰਦ ਮੂਲ ਦੇਵੀ ਸਤੋਤ੍ਰ ਦਾ ਅਨੁਵਾਦ ਮੰਨਣ ਵਾਲੀ ਪਾਰਟੀ ਵਿਚੋਂ ਹੀ ਸ੍ਰੀ ਮਾਨ ਪੰਡਿਤ ਨਰੈਣ ਸਿੰਘ ਜੀ, ਇਸ ਗਲ ਦਾ ਖੰਡਨ ਕਰਦੇ ਹਨ ਕਿ ਇਹ ਵੀਹ ਛੰਦ ਚੰਡੀ ਚਰਿਤ੍ਰ ਦੂਜੇ ਵਿਚ ਹੋਣੇ ਚਾਹੀਦੇ ਸਨ ।

ਔਰ ਦਸਮ ਗੁਰੂ ਗ੍ਰੰਥ ਸਾਹਿਬ ਜੀ ਦੀ ਇਕ ਛੋਟੇ ਸਾਈਜ਼ ਦੀ ਬੀੜ ਦੇ ਦਰਸ਼ਨ ਕੀਤੇ ਹਨ ਉਸਦੇ ਟੈਟਲ ਤੇ ਛਪਿਆ ਹੋਯਾ ਹੈ ਕਿ ਇਸ ਸ੍ਰੀ ਦਸਮ ਗ੍ਰੰਥ ਸਾਹਿਬ ਜੀ ਦੀ ਸੁਧਾਈ ਦਰਬਾਰ ਸਾਹਿਬ

Digitized by Panjab Digital Library | www.panjabdigilib.org

ਸ੍ਰੀ ਅੰਮ੍ਰਿਤਸਰ ਜੀ ਤਥਾ:—ਅਕਾਲ ਤਖਤ ਸਾਹਿਬ ਜੀ ਵਿਖੇ ਬੈਠਕੇ ਸੋਧਕ ਕਮੇਟੀ ਵਲੋਂ ਬਹੁਤ ਸਾਰੇ ਗੁਣੀ ਗਯਾਨੀ ਅਤੇ ੩੨ ਪ੍ਰਾਚੀਨ, ਦਸਮ ਗ੍ਰੰਥ ਖੋਹਲ ਕੇ ਸੰ: ੧੯੫੨ ਬਿਖੇ ਬਹੁਤ ਮੇਹਨਤ ਨਾਲ ਸੋਧਕੇ ਛਾਪੇ ਗਏ......ਜਿਸਦੇ ਛਪਵਾਉਣ ਦੀ ਸੇਵਾ ਦਾਸ ਤਾਰਾ ਸਿੰਘ ਮਾਲਕ ਖਾਲਸਾ ਨੈਸ਼ਨਲ ਏਜੰਸੀ ਸ੍ਰੀ ਅੰਮ੍ਰਿਤਸਰ ਜੀ ਨੇ ਕੀਤੀ, ਗੁਰੂ ਖਾਲਸਾ ਪ੍ਰੈਸ, ਅੰਮ੍ਰਿਤਸਰ ਵਿਚ ਸੇਵਾਦਾਰ ਪ੍ਰੀਤਮ ਸਿੰਘ ਮੈਨੇਜਰ ਤੇ ਪ੍ਰਿੰਟਰ ਨੇ ਛਾਪਣ ਦੀ ਸੇਵਾ ਕੀਤੀ, ਪ੍ਰੰਤੂ ਇਸ (੩੨ ਪ੍ਰਾਚੀਨ ਬੀੜਾਂ ਨਾਲ ਸੋਧੀ ਹੋਈ) ਬੀੜ ਵਿਚ ਵੀ ਇਹ ਵੀਹ ਤ੍ਰਿਭੰਗੀ ਛੰਦ ਇਥੇ ਅਕਾਲ ਉਸਤਤਿ ਛੰਦ ੨੧੧ ਤੋਂ ਹੀ ਸ਼ੁਰੂ ਹੁੰਦੇ ਲਿਖੇ ਹੋਇ ਹਨ ਕਿੰਤੂ ਸ੍ਰੀ ਭਾਗ ਮਲ ਜੀ ਕਹੀ ਜਾਂਦੇ ਹਨ ਕਿ ਇਹ ਛੰਦ ਚੰਡੀ ਚਰਿਤ੍ਰ ਦੂਜੇ ਵਿਚ ਹੋਣੇ ਚਾਹੀਦੇ ਸਨ, ਕੀ ਉਪ੍ਰੋਕਤ ਸੋਧਕ ਕਮੇਟੀ ਦੀ ਸਾਰੀ ਸੋਧ ਹੀ ਗਲਤ ਮੰਨੀਏ, ਜੇ ਕਦੀ ਹਠ ਹੀ ਕਰੀਏ ਕਿ ਲਿਖਾਰੀ ਦੀ ਗਲਤੀ ਹੀ ਹੈ ਤਾਂ ਵੀ ਅੱਜ ਤਕ ਕੋਈ ਅਜਿਹਾ ਪਰ ਉਪਕਾਰੀ ਗਿਆਨੀ ਗੁਰਮੁਖ ਨਹੀਂ ਪ੍ਰਗਟ ਹੋਇਆ ਜਾਂ ਕੋਈ ਸਭਾ, ਕਮੇਟੀ ਨਹੀਂ ਹੋਈ ਜਿਸ ਨੇ ਇਸ ਅੰਕ ਪਲੀ ਦੇ ਅਜੋੜ ਸਿਲਸਿਲੇ ਨੂੰ ਠੀਕ ਕਰਕੇ ਦਸਮ ਗੁਰੂ ਗ੍ਰੰਥ ਸਾਹਿਬ ਦੀ ਬੀੜ ਛਾਪਣ ਦੀ ਸੇਵਾ ਕੀਤੀ ਹੋਵੇ, ਜੇਕਰ ਇਥੇ ਇਹ ਕਿਹਾ ਜਾਵੇ ਕਿ ਖੋਜ ਦੇ ਮੁਕਾਬਲੇ ਵਿਚ ਇਹ ਕੋਈ ਉੱਤਰ ਨਹੀਂ ਕਿ ਉਪ੍ਰੋਕਤ ਭਾਈ ਮਨੀ ਸਿੰਘ ਜੀ ਆਦਕਾਂ ਦੀਆਂ ਬਧੀਆਂ ਹੋਈਆਂ ਬੀੜਾਂ ਹਨ ਇਸ ਲਈ ਅੰਕ ਪਲੀ ਦਾ ਸਿਲਸਿਲਾ ਅਜੋੜ ਨਹੀਂ ਹੋ ਸਕਦਾ, ਤਾਂ ਵੀ ਅੰਕਪਲੀ ਦੇ ਸਿਲਸਿਲੇ ਨੂੰ ਅਜੋੜ

Digitized by Panjab Digital Library | www.panjabdigilib.org

ਸਾਬਤ ਕਰਨ ਲਗਿਆਂ ਇਹ ਕਹਿ ਦੇਣਾ ਹੀ ਕੋਈ ਖੋਜ ਨਹੀਂ ਕਿ ਇਹ ਛੰਦ ਮਾਰਕੰਡੇ ਪੁਰਾਣ ਵਿਚੋਂ ਅਨੁਵਾਦ ਹਨ ਚੰਡੀ ਚਰਿਤ੍ਰ ਦੂਜੇ ਵਿਚ ਹੋਣੇ ਚਾਹੀਦੇ ਸਨ ਕਿਉਂਕਿ ਪਹਿਲੇ ਤਾਂ ਦੂਜੇ ਚੰਡੀ ਚਰਿਤ੍ਰ ਦੇ ਕਿਸੇ ਧਿਆ ਦੀ ਸਮਾਪਤੀ ਵਿਚ, ਇਤਿ ਸ੍ਰੀ ਮਾਰਕੰਡੇ ਪੁਰਾਣੇ ਆਦਕ ਨਹੀਂ ਲਿਖਿਆ ਤਾਂ ਦੂਜੇ ਚੰਡੀ ਚਰਿਤ੍ਰ ਨੂੰ ਮਾਰ ਕੰਡੇ ਪੁਰਾਣ ਦਾ ਟੀਕਾ ਕਿਵੇਂ ਮੰਨਿਆ ਜਾਵੇਗਾ, ਇਹ ਪਿਛੇ ਇਸੇ ਦੇ ਪ੍ਰਸ਼ਨ ਨੰਬਰ ੧੪ ਦੇ ਉੱਤਰ ਵਿਚ ਸਵਿਸਥਾਰ ਦੱਸ ਆਏ ਹਾਂ ਕਿ ਇਤਿ ਸ੍ਰੀ ਮਾਰ ਕੰਡੇ ਪੁਰਾਣੇ ਆਦਕ ਚੰਡੀ ਚਰਿਤ੍ਰ ਪਹਿਲੇ ਦੇ ਧਿਆਵਾਂ ਦੀ ਸਮਾਪਤੀ ਵਿਚ ਲਿਖਿਆ ਹੈ ਪ੍ਰੰਤੂ ਦੂਜੇ ਚੰਡੀ ਚਰਿਤ੍ਰ ਦੇ ਧਿਆਵਾਂ ਦੀ ਸਮਾਪਤੀ ਵਿਚ ਨਹੀਂ ਲਿਖਿਆ ਕਿੰਤੂ ਚੰਡੀ ਚਰਿਤ੍ਰ ਦੂਜੇ ਦੇ ਧਿਆਵਾਂ ਦੀ ਸਮਾਪਤੀ ਪਰ ਇਤਿ ਸ੍ਰੀ ਬਚਿਤ੍ਰ ਨਾਟਕੇ ਗ੍ਰੰਥੇ ਚੰਡੀ ਚਰਿਤ੍ਰੇ, ਆਦਕ ਲਿਖਿਆ ਹੈ ਤਾਂ ਦੂਜਾ ਚੰਡੀ ਚਰਿਤ੍ਰ ਜਦ ਮਾਰ ਕੰਡੇ ਪੁਰਾਣ ਦਾ ਟੀਕਾ ਹੀ ਨਹੀਂ ਸਿਧ ਕਰ ਸਕਦੇ ਤਾਂ ਉਸ ਵਿਚ ਇਹ ਛੰਦ ਕਿਆਸ ਨਾਲ ਹੀ ਹੋਣੇ ਚਾਹੀਦੇ ਹਨ ਲਿਖ ਦੇਣੇ ਮਾਤ੍ਰ ਸੇ ਹੀ ਖੋਜ ਕਿਵੇਂ ਪੂਰੀ ਹੋ ਗਈ, ਖੋਜ ਤਾਂ ਮੰਨੀ ਜਾਂਦੀ ਜੇਕਰ ਮਾਰ ਕੰਡੇ ਪੁਰਾਣ ਵਿਚੋਂ ਦੇਵੀ ਸਤੋਤ੍ਰ ਦੇ ਮੂਲ ਸੰਸਕ੍ਰਿਤ ਸਲੋਕਾਂ ਦੇ ਅਤੇ ਇਨ੍ਹਾਂ ਵੀਹਾਂ ਛੰਦਾਂ ਦੇ ਅਰਥ ਨੰਬਰ ਵਾਰ ਮਿਲਾ ਕੇ ਕੁਛ ਨਮੂਨਾ ਲਿਖਦੇ ਔਰ ਬਾਕੀ ਦੇ ਸਲੋਕਾਂ ਧਿਆਵਾਂ ਦੇ ਨੰਬਰ ਪਤਾ ਲਿਖ ਦਿੰਦੇ ਕਿ ਇਹ ਛੰਦ ਫਲਾਨੀ ਥਾਂ ਤੇ ਪ੍ਰਕਰਨ ਅੰਨੁਸਾਰ ਜਾਣੇ ਚਾਹੀਦੇ ਹਨ ਕਿੰਤੂ ਇੰਜ ਨਾ ਕਰਨਾ ਖਾਲੀ ਕਹਿ ਦੇਣਾ ਮਾਤ੍ਰ ਹੀ ਕੋਈ

Digitized by Panjab Digital Library | www.panjabdigilib.org

ਖੋਜ ਨਹੀਂ ਕਹਾ ਸਕਦੀ ਮਲੂੰਮ ਹੁੰਦਾ ਹੈ ਇਹ ਸਾਰੇ ਬਹਾਨੇ ਇਸ ਲਈ ਕੀਤੇ ਜਾ ਰਹੇ ਹਨ ਕਿ ਕਿਵੇਂ ਅਸੀਂ ਕਹਿ ਸਕੀਏ ਕਿ ਇਨ੍ਹਾਂ ਛੰਦਾਂ ਦੇ ਜੁਮੇਵਾਰ ਸ੍ਰੀ ਦਸਮੇਸ਼ ਜੀ ਨਹੀਂ ਹਨ ਉਹ ਤਾਂ ਕੇਵਲ ਟੀਕਾ ਕਾਰ ਹਨ ਪਰ ਇੰਜ ਗੁਜਾਰਾ ਨਹੀਂ ਹੋਣਾ।

ਜੇਕਰ ਕਿਹਾ ਜਾਵੇ ਕਿ ਉਪ੍ਰੋਕਤ ਸ੍ਰੀ ਮਾਨ ਪੰਡਿਤ ਨਰੈਣ ਸਿੰਘ ਜੀ ਆਪਣੇ ਦਸਮ ਗੁਰੂ ਗ੍ਰੰਥ ਸਾਹਿਬ ਸਟੀਕ ਭਾਗ ਦੂਜੇ ਅਕਾਲ ਉਸਤਤਿ ਦੇ ਹੀ ਸਫਾ ੮੭ ਤੇ ਲਿਖਦੇ ਹਨ ਕਿ, ਇਹ ਨਿਯਮ ਹੈ ਕਿ ਸ਼ਕਤੀ ਸ਼ਕਤੇ ਤੋਂ ਭਿੰਨ ਨਹੀਂ ਹੋਇਆ ਕਰਦੀ ਜਿਵੇਂ ਦਾਹ ਸ਼ਕਤੀ ਅੱਗ ਤੋਂ ਭਿੰਨ ਨਹੀਂ ਰਹਿ ਸਕਦੀ, ਇਵੇਂ ਭਗਵੰਤ ਦੀ ਸ਼ਕਤੀ, ਭਗਵਤੀ, ਭਗਵੰਤ ਤੋਂ ਭਿੰਨ ਨਹੀਂ ਹੋ ਸਕਦੀ ਜਦ ਕਿ ਭਗਵੰਤ ਦਾ ਚਿੰਤਨ ਅਕਾਲ ਨਾਮ ਨਾਲ ਕੀਤਾ ਤਦ, ਤੂੰ ਮੇਰਾ ਪਿਤਾ ਤੂ ਹੈ ਮੇਰਾ ਮਾਤਾ, ਪਦ ਉਚਾਰਨ ਕਰਨ ਵਾਲੇ ਸਤਿਗੁਰੂ ਜੀ ਨੇ ਉਸੇ ਭਗਵੰਤ ਅਕਾਲ ਜੀ ਨੂੰ ਹੀ ਭਗਵਤੀ ਨਾਮ ਨਾਲ ਯਾਦ ਕੀਤਾ, ਇਉ ਕਹਿਣਾ ਚਾਹੀਦਾ ਹੈ ਪੁਲਿੰਗ ਤੇ ਇਸਤ੍ਰੀ ਲਿੰਗ ਵਿਚ ਜੋ ਭੀ ਉਪਮਾਂ ਕੀਤੀ ਹੈ ਉਹ ਸਭ ਅਕਾਲ ਜੀ ਦੀ ਹੈ ਅਕਾਲ ਤੋਂ ਬਿਨਾਂ ਹੋਰ ਕਿਸੇ ਦੀ ਉਪਮਾਂ ਨਹੀਂ ਹੈ, ਤਾਂ ਇਥੇ ਇਹ ਪ੍ਰਸ਼ਨ ਪੈਦਾ ਹੋ ਜਾਂਦਾ ਹੈ ਕਿ ਉਪ੍ਰੋਕਤ ਵੀਹ ਤ੍ਰਿਭੰਗੀ ਛੰਦਾਂ ਵਿਚ ਜਦ ਸਾਫ ਪਾਠ ਮਿਲਦਾ ਹੈ ਕਿ, ਅਸ਼ਟ ਭੁਜੇ ਅੜੇ ਜੈ ਜੈ ਹੋਸੀ ਮਹਖਾਸੁਰ ਮਰਦਨ, ਤਾਂ ਕੀ ਅਕਾਲ ਪੁਰਖ ਦੀਆਂ ਅਠ ਭੁਜਾਂ (ਬਾਹਵਾਂ) ਸਿਖ ਪੰਥ ਵਿਚ ਮੰਨੀਆਂ ਜਾਂਦੀਆਂ ਹਨ ਔਰ ਮਹਖਾਸੁਰੇ ਨੂੰ ਮਰਦਨ = ਮਾਰਨੇ ਵਾਲੀ

Digitized by Panjab Digital Library | www.panjabdigilib.org

ਦੀ ਜੈ ਹੋਵੇ ਜਦ ਲਿਖਿਆ ਹੈ ਤਾਂ ਫਿਰ ਕੀ ਇਥੇ ਇਹ ਅਰਥ ਕੀਤਾ ਜਾਵੇਗਾ ਕਿ ਅਕਾਲ ਪੁਰਖ ਦਾ ਹੀ ਮਹਖਾਸੁਰ ਨਾਲ ਜੁਧ ਹੋਇਆ ਸੀ ਜਿਸ ਕਰਕੇ ਮਹਿਖਾਸੁਰ ਮਾਰਿਆ ਗਿਆ ਸੀ, ਜੇਕਰ ਇੰਜ ਹੀ ਸੁਆਰਥ ਵਸ ਮੰਨਿਆ ਜਾਵੇ ਤਾਂ ਜਿਨ੍ਹਾਂ ਚੰਡੀ ਚਰਿਤ੍ਰਾਂ ਵਿਚ ਮਹਿਖਾਸੁਰ ਨੂੰ ਦੇਵੀ ਨੇ ਮਾਰਿਆ ਲਿਖਿਆ ਹੈ ਫਿਰ ਉਨ੍ਹਾਂ ਚੰਡੀ ਚਰਿਤ੍ਰਾਂ ਨੂੰ ਮਾਰਕੰਡੇ ਪੁਰਾਣ ਵਿਚੋਂ ਚੌਦਾਂ ਧਿਆਵਾਂ ਦਾ ਅਨੁਵਾਦ ਹਨ ਜਾਂ ਦੁਰਗਾ ਪੁਸ਼ਪਾਂਜਲੀ ਆਦਕਾਂ ਦਾ ਟੀਕਾ ਹਨ ਸ੍ਰੀ ਭਾਗ ਮਲ ਜੀ ਨੂੰ ਲਿਖਣ ਦੀ ਕੀ ਲੋੜ ਪਈ ਸੀ, ਫਿਰ ਤੇ ਓਥੇ ਵੀ ਇਹੋ ਗਲ ਲਿਖ ਦੇਣੀ ਕਾਫੀ ਸੀ ਕ੍ਰਿ ਅਕਾਲ ਪੁਰਖ ਨੇ ਹੀ ਮਹਿਖਾਸੁਰ ਆਦਕ ਰਾਖਸ਼ਾਂ ਨੂੰ ਮਾਰਿਆ ਹੈ ਉਸੇ ਅਕਾਲ ਪੁਰਖ ਦਾ ਇਨ੍ਹਾਂ ਚੰਡੀ ਚਰਿਤ੍ਰਾਂ ਵਿਚ ਚਿੰਤਨ ਕੀਤਾ ਹੈ, ਤਾਂਤੇ ਸਾਫ ਸਿਧ ਹੁੰਦਾ ਕਿ ਮਹਿਖਾਸੁਰ ਆਦਕਾਂ ਨੂੰ ਮਾਰਨ ਵਾਲੀ ਦੇਵੀ ਦਾ ਵਰਨਨ ਹੈ ਅਤੇ ਜੇਕਰ ਇਸ ਦੇਵੀ ਨੂੰ ਭਗਵੰਤ ਦੀ ਸ਼ਕਤੀ ਮੰਨਦੇ ਹਨ ਤਾਂ ਸ਼ਕਤੀ ਸ਼ਕਤੇ ਤੋਂ ਭਿੰਨ ਨਹੀਂ ਹੋ ਸਕਦੀ ਇੰਜ ਦੇਵੀ ਨੂੰ ਭਗਵੰਤ ਸਰੂਪ ਹੀ ਮੰਨਦੇ ਹਨ ਤਾਂ ਬੇਸ਼ਕ ਮੰਨਣ ਪ੍ਰੰਤੂ ਇਥੇ, ਮਹਖਾਸੁਰ ਮ੍ਰਦਨ, ਦਾ ਅਰਥ ਹੀ ਮਹਿਖਾਸੁਰ ਨੂੰ ਪ੍ਰਮਾਤਮਾਂ ਨੇ ਜੰਗ ਕਰਕੇ ਮਾਰਿਆ ਹੈ ਇਹ ਨਹੀਂ ਕੀਤਾ ਜਾ ਸਕੇਗਾ, ਜਦ ਨਹੀਂ ਕੀਤਾ ਜਾਵੇਗਾ ਤਾਂ ਫਿਰ ਇਥੇ ਕਿਵੇਂ ਇਹ ਅਰਥ ਕੀਤਾ ਜਾਵੇਗਾ ਕਿ, ਇਉਂ ਕਹਿਣਾ ਚਾਹੀਦਾ ਹੈ ਪੁਲਿੰਗ ਤੇ ਇਸਤ੍ਰੀ ਲਿੰਗ ਵਿਚ ਜੋ ਭੀ ਉਪਮਾਂ ਕੀਤੀ ਹੈ ਉਹ ਸਭ ਅਕਾਲ ਜੀ ਦੀ ਹੈ ਕਿਉਂਕਿ ਉਪ੍ਰੋਕਤ ਅਕਾਲ ਉਸਤਤਿ, ਵਿਚੋਂ ਪ੍ਰਮਾਣ ਹੈ ਕਿ,

Digitized by Panjab Digital Library | www.panjabdigilib.org

ਕਰਮ ਪ੍ਰਣਾਸ਼ਨ ਚੰਦ ਪ੍ਰਕਾਸ਼ਨ ਸੂਰਜ ਪ੍ਰਤੇਜਨ ਅਸਟ ਭੁਜੇ, ਜੈ ਜੈ ਹੋਸੀ ਮਹਖਾਸੁਰ ਮਰਦਨ ਭਰਮ ਬਿਨਾਸਨ ਧਰਮ ਧੁਜੇ, ਤਾਂਤੇ ਅਸਟ ਭੁਜੇ, ਮਹਖਾਸੁਰ ਮਰਦਨ ਆਦਕ ਪਦ ਸਪਸ਼ਟ ਦੇਵੀ ਵਲ ਹੀ ਲੈ ਜਾਂਦੇ ਹਨ ਇਨ੍ਹਾਂ ਦੇ ਅਰਥਾਂ ਵਿਚ ਖਿਚਾਤਾਨ ਕਰਨੀ ਪਖਪਾਤ ਹੀ ਹੈ।

**(੨੮) ਪ੍ਰਸ਼ਨ**—ਗੁਰਮਤ ਦਰਸ਼ਨ ਸਫਾ ੮੦ ਤੇ ਹੀ ਲਿਖਿਆ ਹੈ ਕਿ, ਕੀ ਤੁਸੀਂ ਆਪ ਇਤਨੀ ਵਿਚਾਰ ਵੀ ਨਹੀਂ ਕਰ ਸਕਦੇ ਕਿ ਇਨ੍ਹਾਂ ਛੰਦਾਂ ਦਾ ਸਿਰਲੇਖ ਜਦ, ਅਕਾਲ ਉਸਤਤਿ ਹੈ ਤਾਂ ਅੰਕਪਲੀ ਦੇ ਅਜੋੜ ਹੋਣ ਵਿਚ ਕੀ ਸੰਸਾ ਰਿਹਾ ਹਾਲਾਂ ਕਿ ਕ੍ਰਿਸ਼ਨ ਅਵਤਾਰੇ ਛੰਦਾਂ ਦਾ ਅਗੇ ਪਿਛੇ ਹੋਣਾ ਤੁਸੀਂ ਆਪ ਵੀ ਲਿਖ ਚੁਕੇ ਹੋ।

**ਉੱਤਰ**—ਛੰਦਾਂ ਦਾ ਅਗੇ ਪਿਛੇ ਹੋਣਾ ਕਿਤੇ ਨਹੀਂ ਲਿਖਿਆ ਹੋਇਆ, ਕਿੰਤੂ ਛੰਦਾਂ ਦੇ ਅੰਕਾਂ ਨੂੰ ਅਗੇ ਪਿਛੇ ਦੇਖਕੇ ਪੜਨਾ ਲਿਖਿਆ ਹੈ ਉਹ ਵੀ ਇਸ ਲਈ ਕਿ ਦਸਮ ਗੁਰੂ ਗ੍ਰੰਥ ਸਾਹਿਬ ਜੀ ਦੀ ਅਜ ਕਿਸੇ ਬੀੜ ਵਿਚ ਕ੍ਰਿਸ਼ਨ ਅਵਤਾਰ ਦੇ ਛੰਦ ਸਾਰੇ ੨੪੯੨ ਲਿਖੇ ਹੋਇ ਮਿਲਦੇ ਹਨ ਤੇ ਕਿਸੇ ਬੀੜ ਵਿਚ ਇਕ ਦੋ ਘਟ ਵੀ ਮਿਲਦੇ ਹਨ ਕਿੰਤੂ ਮੈ ਨ ਗਨੇਸਹਿ, ਵਾਲੀ ਚੌਪਈ ਦਾ ਪਤਾ ਛੰਦ ੪੩੪ ਲਿਖਿਆ ਹੈ ਜਿਸ ਬੀੜ ਵਿਚੋਂ ਛੰਦਾਂ ਦੇ ੪੩੪ ਅੰਕ ਵਿਚੋਂ ਨਾ ਮਿਲੇ ਓਥੇ ਪਿਛੇ ਅੰਕ ਵਲ ਦੇਖ ਕੇ ਪੜੇ ਤਾਂ ੪੩੩ ਜਾਂ ੪੩੨ ਅੰਕ ਪਰ ਇਹ ਚੌਪਾਈ ਮਿਲ ਜਾਵੇਗੀ ਆਦਕ ਇਹ ਵਿਸ਼ੇਸ਼ ਨਿਰਨਾ, ਗੁਰਮਤ ਵਿਚਾਰ ਸੂਰਜ ਦੇ ਸਫਾ ੩੮ ਤੋਂ ੪੦ ਤਕ

Digitized by Panjab Digital Library | www.panjabdigilib.org

ਵਿਚ ਖੋਹਲ ਕੇ ਲਿਖਿਆ ਹੋਇਆ ਹੈ ਉਥੇ ਦੇਖੋ।

ਬਾਕੀ ਕੋਈ ਇਹ ਨਿਯਮ ਨਹੀਂ ਕਿ ਜਿਥੇ ਸਿਰਲੇਖ ਅਕਾਲ ਉਸਤਤਿ ਲਿਖਿਆ ਹੋਇਆ ਹੋਵੇ ਉਸ ਵਿਚ ਬਗੈਰ ਅਕਾਲ ਪੁਰਖ ਦੇ ਹੋਰ ਕਿਸੇ ਦੇਵੀ ਆਦਕ ਦੀ ਉਪਮਾਂ ਨਹੀਂ ਹੋ ਸਕਦੀ ਜਿਸ ਕਰਕੇ ਸ੍ਰੀ ਭਾਗ ਮਲ ਜੀ ਅੰਕ ਪਲੀ ਦੇ ਸਿਲਸਿਲੇ ਨੂੰ ਹੀ ਅਜੋੜ ਹੋਣ ਦੀ ਸੂਚਨਾਂ ਦੇ ਰਹੇ ਹਨ ਕਿਉਂਕਿ ਦਸਮ ਗੁਰੂ ਗ੍ਰੰਥ ਸਾਹਿਬ ਜੀ ਵਿਚ ਹੀ ਬਚਿਤ੍ਰ ਨਾਟਕ ਧਿਆ ੧ ਤੇ ਇਕ ਬੀੜ ਵਿਚ, ਸ੍ਰੀ ਅਕਾਲ ਜੀ ਕੀ ਉਸਤਤ੍ਰਿ, ਇਹ ਸਿਰਲੇਖ ਹੈ ਪ੍ਰੰਤੂ ਇਸ ਸਿਰਲੇਖ ਹੇਠ ਅਕਾਲ ਪੁਰਖ ਤੋਂ ਬਿਨਾਂ, ਜੈ ਜੈ ਜਗ ਕਾਰਣ ਸ੍ਰਿਸਟਿ ਉਬਾਰਣ ਮਮ ਪ੍ਰਤਿ ਪਾਰਣ ਜੈ ਤੇਗੰ॥ ਆਦਕ (ਤੇਗੰ) ਤਲਵਾਰ ਦੀ ਉਪਮਾਂ ਕੀਤੀ ਹੋਈ ਹੈ ਅਤੇ, ਜਿਨੈ ਪਾਤਸਾਹੀ ਕਰੀ ਕੋਟ ਜੁਗਿਯੰ॥ ਰਸੰ ਆਨ ਰਸੰ ਭਲੀ ਭਾਤ ਭੁਗਿਯੰ॥ ਵਹੈ ਅੰਤ ਕੋ ਪਾਵ ਨਾਗੇ ਪਧਾਰੇ॥ ਗਿਰੇ ਦੀਨ ਦੇਖੇ ਹਠੀ ਕਾਲ ਮਾਰੇ॥ ੬੮ ਆਦਕ ਕਈਆਂ ਛੰਦਾਂ ਵਿਚ ਕਾਲ ਦੀ ਉਪਮਾਂ ਵੀ ਕੀਤੀ ਹੋਈ ਹੈ ਤਾਂਤੇ ਉਪ੍ਰੋਕਤ ਸ੍ਰੀ ਭਾਗ ਮਲ ਜੀ ਦੇ ਸਮਝੇ ਨਿਯਮ ਅਨੁਸਾਰ ਇੰਜ ਨਹੀਂ ਸੀ ਹੋਣਾ ਚਾਹੀਦਾ, ਪ੍ਰੰਤੂ ਸ੍ਰੀ ਅਕਾਲ ਜੀ ਕੀ, ਉਸਤਤਿ, ਸਿਰਲੇਖ ਹੇਠਾਂ ਅਕਾਲ ਪੁਰਖ ਤੋਂ ਬਿਨਾਂ, ਤਲਵਾਰ ਅਤੇ ਕਾਲ ਜੀ ਦੀ ਉਪਮਾਂ ਲਿਖੀ ਹੋਈ ਮਿਲਦੀ ਹੈ ਸ੍ਰੀ ਭਾਗ ਮਲ ਜੀ ਦੇ ਮਨੋ ਕਲਪਤ ਕੀਤੇ ਉਪ੍ਰੋਕਤ ਨਿਯਮ ਨੂੰ ਕੇੜ੍ਹਾ ਸਮਝ ਦਾਰ ਮੰਨ ਸਕਦਾ ਹੈ।

ਜੇਕਰ ਇਥੇ ਕਿਹਾ ਜਾਵੇ ਕਿ ਇਸ ਬਚਿਤ੍ਰ ਨਾਟਕ

Digitized by Panjab Digital Library | www.panjabdigilib.org

ਦੇ ਧਿਆ ੧ ਦੀ ਸਮਾਪਤੀ ਵਿਚ ਲਿਖਿਆ ਹੈ ਕਿ ਇਤਿ ਸ੍ਰੀ ਬਚਿਤ੍ਰ ਨਾਟਕ ਗ੍ਰੰਥੇ ਸ੍ਰੀ ਕਾਲ ਜੀ ਕੀ ਉਸਤਤਿ ਪ੍ਰਿਥਮ ਧਿਆਇ ਸੰਪੂਰਨ, ਇਸ ਲਈ ਪਹਿਲੇ ਵੀ ਸ੍ਰੀ ਕਾਲ ਜੀਕੀ ਉਸਤਤਿ,ਹੀ ਸਿਰਲੇਖ ਹੋਣਾ ਚਾਹੀਦਾਹੈ ਕਿੰਤੂ ਗਲਤੀ ਨਾਲ ਪਹਿਲੇ ਧਿਆ ਦੇ ਸ਼ੁਰੂ ਵਿਚ ਕਿਸੇ ਉਸ ਬੀੜ ਵਿਚ, ਸ੍ਰੀ ਅਕਾਲ ਉਸਤਤਿ, ਸਿਰ ਲੇਖ ਛਪ ਗਿਆ ਹੋਵੇਗਾ ਕਿਉਂਕਿ ਕਈਆਂ ਬੀੜਾਂ ਵਿਚ ਇਸ ਧਿਆ ਦੇ ਸ਼ੁਰੂ ਵਿਚ ਵੀ, ਸ੍ਰੀ ਕਾਲ ਜੀ ਕੀ ਉਸਤਤਿ ਸਿਰਲੇਖ ਹੀ ਛਪਿਆ ਹੋਇਆ ਮਿਲਦਾ ਹੈ, ਤਾਂ ਇੰਜ ਫਿਰ ਇਸ, ਸ੍ਰੀ ਕਾਲ ਜੀ ਕੀ ਉਸਤਤਿ, ਸਿਰਲੇਖ ਹੇਠਾਂ ਬਿਨਾਂ ਕਾਲ ਜੀ ਦੀ ਉਪਮਾਂ ਤੋਂ, ਮਮ ਪ੍ਰਤਿਪਾਰਣ ਜੈ ਤੇਗੰ, ਆਦਕ ਤਲਵਾਰ ਦੀ ਉਪਮਾਂ ਸ੍ਰੀ ਭਾਗ ਮਲ ਜੀ ਦੇ ਉਪ੍ਰੋਕਤ ਦਿਖਾਏ ਨਿਯਮ ਅਨੁਸਾਰ ਨਹੀਂ ਹੋਣੀ ਚਾਹੀਦੀ, ਅਤੇ ਨਾਂ ਹੀ ਅਕਾਲ ਪੁਰਖ ਦੀ ਉਪਮਾਂ ਹੋਣੀ ਚਾਹੀਦੀ ਹੈ ਪਰ ਇੰਜ ਨਹੀਂ, ਇਸੇ ਧਿਆ ੧ ਵਿਚ ਹੀ, ਸਦਾ ਏਕ ਜੋਤਯੰ ਅਜੂਨੀ ਸਰੂਪੰ, ਮਹਾਂ ਦੇਵ ਦੇਵੰ ਮਹਾਂ ਭੂਪ ਭੂਪੰ, ਨਿਰੰਕਾਰ ਨਿਤਯੰ ਨ ਰੂਪੰ ਨਿਰਬਾਣੰ, ਕਰੰ ਕਾਰਣੇਯੰ ਨਮੋ ਖੜਗ ਪਾਣੰ, ਇਤਆਦਕ ਕਈ ਛੰਦਾਂ ਵਿਚ ਕੇਵਲ ਅਕਾਲ ਪੁਰਖ ਦੀ ਹੀ ਉਪਮਾਂ ਲਿਖੀ ਹੋਈ ਮਿਲਦੀ ਹੈ।

ਜੇਕਰ ਇਥੇ ਕਿਹਾ ਜਾਵੇ ਕਿ ਕਾਲ, ਅਕਾਲ, ਇਕੋ ਚੀਜ ਹੈ ਇਸ ਲਈ ਅਕਾਲ ਜੀ ਕੀ ਉਸਤਤਿ, ਜਾਂ, ਕਾਲ ਜੀ ਕੀ ਉਸਤਤਿ, ਸਿਰਲੇਖ ਹੇਠ ਕਾਲ, ਅਕਾਲ ਦੋਹਾਂ ਦੀ ਉਪਮਾਂ ਹੋ ਸਕਦੀ ਹੈ ਤਾਂ ਇਸੇ ਧਿਆ ਵਿਚ ਲਿਖਿਆ ਹੈ ਕਿ

Digitized by Panjab Digital Library | www.panjabdigilib.org

ਪ੍ਰਮਾਤਮਾਂ ਨੇ ਸਭ ਕਾਲ ਬਲੀ ਦੇ ਹਥ ਹੀ ਅਧੀਨ ਕੀਤੇ ਹਨ, ਯਥਾ:-ਸਬੈ ਜੇਰ ਕੀਨੇ ਬਲੀ ਕਾਲ ਹਾਥੰ ੨੫ ਅਥਵਾ ਸ੍ਰੀ ਦਸਮੇਸ਼ ਜੀ ਦੇ ਹੋਰ ਵਾਕ, ਨਮੋ ਕਾਲ਼ ਕਾਲੇ ੨੩ ਜਾਪ ਸਾਹਿਬ, ਵਿਚੋਂ ਕਾਲ ਦਾ ਕਾਲ ਕਰਨ ਵਾਲਾ ਪ੍ਰਮਾਤਮਾਂ ਕਾਲ ਨਾਲੋਂ ਵਖਰਾ ਹੋਰ ਸਿਧ ਹੋ ਜਾਂਦਾ ਹੈ ਬਾਕੀ ਅਕਾਲ ਦਾ ਅਰਥ ਹੈ ਕਾਲ ਰਹਿਤ, ਤਾਂਤੇ ਅਕਾਲ, ਤੇ ਕਾਲ ਇਕੋ ਚੀਜ ਕਿਵੇਂ ਸਿਧ ਹੋਵੇਗੀ, ਤਥਾ:-ਗੁਰਮਤ ਦਰਸ਼ਨ ਦੇ ਸਫਾ ੪੧ ਤੇ ਲਿਖੇ, ਸੇਵੀ ਲੇ ਗੋਪਾਲ ਰਾਇ ॥ ਵਾਲੇ ਸ਼ਬਦ ਵਿਚ, ਕਉਤਕ ਕਾਲੁ ਬਪੁੜਾ ਕੋਟ ਵਾਲੁ ਸੁਕਰਾ ਸਿਰੀ (ਮਲਾਰ ਨਾਮ ਦਵ ਜੀ) ਪਾਠ ਹੈ ਜਿਸਦਾ ਭਾਵ ਭਾਈ ਬਿਸ਼ਨ ਸਿੰਘ ਜੀ ਗਿਆਨੀ ਦੇ ਟੀਕੇ ਅਨੁਸਾਰ ਇਹ ਹੈ ਕਿ ਤਮਾਸ਼ੇ ਕਰਨ ਵਾਲਾ ਕਾਲ ਵਿਚਾਰਾ ਕੋਤਵਾਲ ਹੈ ਸੋ ਜਿਸਦਾ (ਕਰਾ) ਡੰਡ ਸਾਰਿਆਂ ਦੇ (ਸਿਰੀ) ਸਿਰ ਉਤੇ ਹੈ, ਤਾਂ ਜਿਸ ਪ੍ਰਮਾਤਮਾਂ ਬਾਦਸ਼ਾਹ ਦਾ ਕਾਲ ਕੋਤਵਾਲ ਹੈ ਤਾਂ ਉਹ ਕੋਤਵਾਲ ਤੇ ਬਾਦਸ਼ਾਹ ਇਕੋ ਚੀਜ ਕਿਵੇਂ ਸ੍ਰੀ ਭਾਗ ਮਲ ਜੀ ਸਿਧ ਕਰ ਸਕਣਗੇ, ਜੇਕਰ ਕਹਿਣ ਕਿ ਕਾਲ ਦੇ ਹਥ ਵੀ ਤਾਕਤ ਪ੍ਰਮਾਤਮਾਂ ਦੀ ਹੀ ਦਿਤੀ ਹੋਈ ਹੈ ਇਸ ਲਈ ਕਾਲ ਪ੍ਰਮਾਤਮਾਂ ਇਕੋ ਹੀ ਹਨ ਤਾਂ ਇੰਜ ਫਿਰ ਜਦ ਆਪ ਹੀ ਮੰਨ ਰਹੇ ਹਨ ਕਿ, ਤੈਂਹੀ ਦੁਰਗਾ ਸਾਜਿ ਕੈ ਦੈਤਾਂ ਦਾ ਨਾਸ਼ ਕਰਾਯਾ, ਕਿ ਪ੍ਰਮਾਤਮਾਂ ਨੇ ਦੁਰਗਾ ਨੂੰ ਸਾਜ ਕੇ ਦੈਤਾਂ ਦਾ ਨਾਸ਼ ਕਰਵਾਯਾ ਹੈ, ਤਾਂ ਦੁਰਗਾ ਵਿਚ ਵੀ ਦੈਂਤਾਂ ਆਦਕਾਂ ਦੇ ਨਾਸ਼ ਕਰਨ ਵਾਲੀ ਤਾਕਤ ਫਿਰ ਪ੍ਰਮਾਤਮਾਂ ਦੀ ਹੀ ਸਿਧ ਹੋ ਗਈ ਤਾਂ ਦੁਰਗਾ ਅਤੇ ਪ੍ਰਮਾਤਮਾਂ ਵੀ ਇਕੋ ਹੀ ਹੋ ਸਕਦੇ ਹਨ ਫਿਰ

Digitized by Panjab Digital Library | www.panjabdigilib.org

ਇਹ ਉਤ੍ਰ ਕੀ ਅਰਥ ਰਖੇਗਾ ਕਿ ਸ੍ਰੀ ਅਕਾਲ ਜੀ ਕੀ ਉਸਤਤਿ, ਸਿਰਲੇਖ, ਹੇਠ ਸ੍ਰੀ ਦੇਵੀ ਜੀ ਦੀ ਉਪਮਾਂ ਨਹੀਂ ਹੋ ਸਕਦੀ, ਜੇਕਰ ਇਥੇ ਕਿਹਾ ਜਾਵੇ ਕਿ ਸਭ ਨੂੰ ਖਤਮ ਕਰਨ ਵਾਲਾ ਪ੍ਰਮਾਤਮਾਂ ਦਾ ਜੋ ਤੇਜਹੈ ਉਸਨੂੰ ਹੀ ਕਾਲ ਕਿਹਾ ਜਾਂਦਾ ਹੈ ਇਸ ਲਈ ਕਾਲ ਪ੍ਰਮਾਤਮਾਂ ਤੋਂ ਭਿੰਨ ਨਹੀਂ ਤਾਂ ਇੰਜ ਭਗਤਾਂ ਦੀ ਰਖਿਆ ਅਤੇ ਦੁਸ਼ਟਾਂ ਦੇ ਨਾਸ਼ ਕਰਨ ਲਈ ਜੋ ਪ੍ਰਮਾਤਮਾਂ ਦਾ ਤੇਜ = ਸ਼ਕਤੀ, ਜੁਆਲਾ ਚੰਡਿਕਾ, ਦੁਰਗਾ ਆਦਕ ਸਰੂਪਾਂ ਵਿਚ ਪ੍ਰਗਟ ਹੋਈ ਹੈ ਉਹ ਚੰਡਿਕਾ, ਦੁਰਗਾ, ਜੁਆਲਾ ਆਦਕ ਨਾਮਾਂ ਵਾਲੀ ਸ਼ਕਤੀ ਦੇਵੀ ਵੀ ਪ੍ਰਮਾਤਮਾਂ ਤੋਂ ਭਿੰਨ ਨਹੀਂ ਕਹੀ ਜਾਵੇਗੀ ਤਾਂ ਫਿਰ ਉਸਦੀ ਉਪਮਾਂ ਦਾ ਵਰਨਨ ਸ੍ਰੀ ਅਕਾਲ ਜੀ ਕੀ ਉਸਤਤਿ, ਸਿਰਲੇਖ ਹੇਠ ਕਿਵੇਂ ਨਹੀਂ ਹੋ ਸਕੇਗਾ।

ਤਥਾ ਸ੍ਰੀ ਭਾਗ ਮਲ ਜੀ ਦੀ ਤੱਸਲੀ ਲਈ ਉਨ੍ਹਾਂ ਦੇ ਗੁਰਮਤ ਦਰਸ਼ਨ ਸਫਾ ੨੦ ਤੇ ਮੰਨੇਹੋਇ ਬਚਿਤ੍ਰ ਨਾਟਕ ਵਿਚ ਆਈ ਆਪਣੀ ਕਥਾ ਆਦਿ, ਗੁਰੂ ਜੀ ਦੀ ਸੁਤੰਤ੍ਰ ਰਚਨਾ ਹੈ ਵਿਚੋਂ ਪ੍ਰਮਾਣ ਪ੍ਰਗਟ ਕਰਦੇ ਹਾਂ ਜਿਸ ਨੂੰ ਇਹ ਨਹੀਂ ਕਹਿ ਸਕਦੇ ਕਿ ਇਹ ਕਿਸੇ ਮੂਲ ਸੰਸਕ੍ਰਿਤ ਦਾ ਟੀਕਾ ਹੈ ਜਾਂ ਵਿਚ ਕਿਸੇ ਕਵੀ ਦੀ ਮਿਲੀ ਹੋਈ ਬਾਣੀ ਹੈ ਯਥਾ:-ਅਬ ਮੈ ਅਪਨੀ ਕਥਾ ਬਖਾਨੋ, ਤਪ ਸਾਧਤ ਜਿਹ ਬਿਧਿ ਮੁਹਿ ਆਨੋ, ਹੇਮ ਕੁੰਟ ਪਰਬਤ ਹੈ ਜਹਾਂ, ਸਪਤ ਸ੍ਰਿੰਗ ਸੋਭਿਤ ਹੈ ਤਹਾਂ,......ਤਹ ਹਮ ਅਧਿਕ ਤਪਸਿਆ ਸਾਧੀ, ਮਹਾਂ ਕਾਲ ਕਾਲਿਕਾ ਅਰਾਧੀ, ਬਿਚਿਤ੍ਰ ਨਾਟਕ ਧਿਆ ੬ ਭਾਵ ਸ੍ਰੀ ਦਸਮੇਸ਼ ਜੀ ਕਹਿੰਦੇ ਹਨ ਕਿ ਮੈ ਹੁਣ ਆਪਣੀ ਕਥਾ ਕਹਿੰਦਾ ਹਾਂ, ਤਪ

Digitized by Panjab Digital Library | www.panjabdigilib.org

ਸਾਧਦਿਆਂ ਜਿਸ ਤਰਾਂ ਮੇਰਾ ਆਉਣਾ ਹੋਇਆ, ਸਤਾਂ ਚੋਟੀਆਂ ਵਾਲਾ ਜੋ ਹੇਮ ਕੁੰਟ ਪਹਾੜ ਹੈ ਓਥੇ ਮੈਂ ਬਹੁਤ ਤਪਸਿਆ ਸਾਧੀ ਹੈ ਮਹਾਂ (ਬਹੁਤ) ਕਾਲ (ਸਮਾਂ) ਕਾਲਕਾ (ਦੇਵੀ) ਅਰਾਧੀ ਹੈ।

**(੨੯) ਪ੍ਰਸ਼ਨ**--ਉਪ੍ਰੋਕਤ ਮਹਾਂ ਕਾਲ ਕਾਲਿਕਾ ਅਰਾਧੀ, ਇਸ ਸ੍ਰੀ ਦਸਮੇਸ਼ ਜੀ ਦੇ ਵਾਕ ਪ੍ਰਮਾਣ ਦਾ ਉੱਤਰ ਵੀ ਗੁਰਮਤ ਦਰਸ਼ਨ ਸਫਾ ੭੧ ਤੇ ਲਿਖਿਆ ਹੈ ਕਿ ਮਹਾਂ ਕਾਲ (ਅਕਾਲ ਪੁਰਖ) ਲਿੰਗ ਭੇਦ ਰਹਿਤ ਹੈ, ਜਿਸ ਕਰਕੇ ਉਸ ਅਲਿੰਗ ਨੂੰ ਪੁਲਿੰਗ ਅਥਵਾ ਇਸਤ੍ਰੀ ਲਿੰਗ ਭਾਂਵੇ ਜਿਨ੍ਹਾਂ ਸ਼ਬਦਾਂ ਵਿਚ ਵੀ ਵਰਨਨ ਕੀਤਾ ਜਾਵੇ ਅਨੁਚਿਤ ਨਹੀਂ ਯਥਾ:-(ੳ) ਏਕਾ ਮਾਈ ਜੁਗਤਿ ਵਿਆਈ ॥ (ਅ) ਤੂ ਮੇਰੀ ਓਟ ਤੂ ਹੈ ਮੇਰਾ ਮਾਣਾ ॥ ਮਾਝ ਮ: ੫ ॥ (ੲ) ਨਮੋ ਪਰਮ ਗਿਆਤਾ, ਨਮੋ ਲੋਕ ਮਾਤਾ, ਜਾਪ ਸਾਹਿਬ (ਸ) ਕ੍ਰਿਪਾ ਕਰੀ ਹਮ ਪਰ ਜਗਮਾਤਾ, ਕ੍ਰਿਲ ਵਿਖ ਸਕਲ ਦੇਹ ਕੋ ਹਰਤਾ,......ਬੇਨਤੀ ਚੋਪਈ, (ਹ) ਸਰਬ ਕਾਲ ਹੈ ਪਿਤਾ ਹਮਾਰਾ, ਦੇਬਿ ਕਾਲਿਕਾ ਮਾਤ ਹਮਾਰਾ, ਬਚਿਤ੍ਰ ਨਾਟਕ, (ਕ) ਪ੍ਰਥਮ ਕਾਲ ਸਭ ਜਗ ਕੋ ਤਾਤਾ, ਤਾਤੇ ਭਯੋ ਤੇਜ ਬਖਯਾਤਾ, ਸੋਈ ਭਵਾਨੀ ਨਾਮ ਕਹਾਈ ਜਿਨ ਸਗਰੀ ਯਿਹ ਸ੍ਰਿਸਟਿ ਉਪਾਈ, ਚੌਬੀਸ ਅਵਤਾਰ, ਇਤਆਦਕ ਅਨੇਕਾਂ ਬਾਂਣੀ ਅਕਾਲ ਪੁਰਖ ਨੂੰ ਤ੍ਰਿਲਿੰਗ ਸ਼ਬਦਾਂ ਦੁਆਰਾ ਵੀ ਵਰਨਨ ਕੀਤਾ ਹੈ, ਇਸ ਉਪ੍ਰੋਕਤ ਸ੍ਰੀ ਭਾਗ ਮਲ ਜੀ ਦੇ ਲੇਖ ਦਾ ਭਾਵ ਇਹ ਹੈ ਕਿ, ਮਹਾਂ ਕਾਲ ਕਾਲਿਕਾ ਅਰਾਧੀ, ਵਾਕ

Digitized by Panjab Digital Library | www.panjabdigilib.org

ਵਿਚ ਮਹਾਂ ਕਾਲ = ਅਕਾਲ ਪੁਰਖ ਨੂੰ ਹੀ (ਅਰਾਧੀ, ਪਦ ਇਸਤ੍ਰੀ ਲਿੰਗ ਦੇ ਬੋਧਕ ਹੁੰਦਿਆਂ ਵੀ) ਅਰਾਧਿਆ ਗਿਆ ਹੈ ਕਿਉਂਕਿ ਅਕਾਲ ਪੁਰਖ ਲਿੰਗ ਭੇਦ ਰਹਿਤ ਹੈ, ਤਾਂਤੇ ਵਿਚ ਅਰਾਧੀ ਪਦ ਵੇਖਕੇ ਹੀ ਕਾਲਿਕਾ ਦੇਵੀ ਅਰਾਧੀ ਅਰਥ ਕਰਨਾ ਠੀਕ ਨਹੀਂ ਹੋਵੇਗਾ।

**ਉੱਤਰ:**--ਲਿੰਗ ਦਾ ਅਰਥ ਚਿੰਨ੍ਹ ਹੁੰਦਾ ਹੈ ਪਹਿਲੇ ਤਾਂ ਜੇਕਰ ਸ੍ਰੀ ਮਾਨ ਜੀ ਅਕਾਲ ਪੁਰਖ ਨੂੰ ਤ੍ਰਿਚਿੰਨ੍ਹ ਭੇਦ ਰਹਿਤ ਮੰਨਦੇ ਹਨ ਤਾਂ ਉਸਨੂੰ ਤ੍ਰਿਚਿੰਨ੍ਹ ਸਹਿਤ ਕਥਨ ਕਰਨਾ ਕੀ ਅਰਥ ਰਖੇਗਾ ਕਿਉਂਕਿ ਜੋ ਚੀਜ ਜਿਸ ਵਿਚ ਤਿੰਨ ਕਾਲ ਹੈ ਹੀ ਨਹੀਂ ਉਸ ਵਿਚ ਉਸ ਚੀਜ ਨੂੰ ਸਚਾਈ ਦੀ ਜੁਮੇਵਾਰੀ ਲੈ ਕੇ ਵਰਨਨ ਕਰਨਾ ਕੀ ਸਿਧ ਕਰੇਗਾ, ਔਰ ਇਥੇ ਇਹ ਪ੍ਰਸ਼ਨ ਹੋਵੇਗਾ ਕਿ ਉਪਮਾਂ ਲਈ ਸ਼ਾਨ ਵਾਧੇ ਵਾਲੇ ਸ਼ਬਦ ਵਰਤੇ ਜਾ ਸਕਦੇ ਹਨ ਚਾਹੇ ਉਹ ਉਪਮਾਂ ਯੋਗ ਵਸਤੂ ਉਨ੍ਹਾਂ ਸ਼ਬਦਾਂ ਦੇ ਅਰਥ ਰੂਪ ਗੁਣਾਂ ਰਹਿਤ ਵੀ ਹੋਵੇ, ਤਾਂ ਉਤਰ ਇਹ ਹੈ ਕਿ, ਜਿਥੇ ਉਪਮਾਂ ਲਈ ਸ਼ਾਨ ਵਾਧੇ ਵਾਲੇ ਸ਼ਬਦ ਵਰਤੇ ਜਾਂਦੇ ਹਨ ਉਥੇ ਉਨ੍ਹਾਂ ਸ਼ਬਦਾਂ ਦਾ ਅਰਥ ਉਪਮਾਂ ਮਾਤ੍ਰ ਵਿਚ ਹੀ ਲਿਆ ਜਾਂਦਾ ਹੈ ਪ੍ਰੰਤੂ ਜਿਥੇ ਜਿੰਨ੍ਹਾਂ ਸ਼ਬਦਾਂ ਸੇ ਉਪਮਾਂ ਭੀ ਨਾ ਵਧੇ ਉਲਟਾ ਘਟੇ ਉਥੇ ਉਨ੍ਹਾਂ ਸ਼ਬਦਾਂ ਦਾ ਵਰਨਨ ਕਰਨਾ ਕੀ ਅਰਥ ਰਖਦਾ ਹੈ ? ਕਿਉਂਕਿ ਸ੍ਰੀ ਭਾਗ ਮਲ ਜੀ ਆਪਣੇ ਅਕਾਲ ਪੁਰਖ ਬਾਬਤ ਆਪਣੇ ਗੁਰਮਤ ਦਰਸ਼ਨ ਦੇ ਸਫ਼ਾ ੨੮ ਤੇ ਲਿਖ ਚੁਕੇ ਹਨ ਕਿ, ਰੂਪ ਰੰਗ ਅਰ ਰੇਖ ਨਹਿ ਜੋ ਥਿਰ ਆਠੋ ਜਾਮ ॥ ਉਹ

Digitized by Panjab Digital Library | www.panjabdigilib.org

ਕਿਉਂ ਜਨਮੈ ਕਿਉਂ ਮਰੈ ਕਿਉਂ ਹੋ ਗੌਰ ਸਿਆਮ ॥ ਅਤੇ ਇਥੇ ਤ੍ਰਿਲਿੰਗ ਭੇਦ ਰਹਿਤ ਦੀ ਸੂਚਨਾਂ ਦੇ ਰਹੇ ਹਨ, ਤਾਂਤੇ ਅਜਿਹੇ ਅਕਾਲ ਪੁਰਖ ਦੀ ਉਪਮਾਂ ਲਈ, ਅੱਸਤ, ਜੜ੍ਹ, ਪ੍ਰਿਛਿੰਨ, ਸਾਕਾਰਤਾ, ਰੂਪ, ਰੰਗ, ਉਤਪਤੀ, ਨਾਸ਼ ਤ੍ਰਿਲਿੰਗ ਆਦਕਾਂ ਦੇ ਬੋਧਕ ਸ਼ਬਦ ਕੋਈ ਉਪਮਾਂ ਰੂਪ ਨਹੀਂ ਹੋ ਸਕਦੇ ਕਿਉਂਕਿ ਸਤਿ, ਨੂੰ ਅੱਸਤ ਦੀ, ਚੇਤਨ ਨੂੰ ਜੜ੍ਹ ਦੀ ਅਤੇ ਵਿਆਪਕ ਨੂੰ ਪ੍ਰਿਛਿੰਨ ਦੀ ਔਰ ਸੁਵਗਜ ਨੂੰ ਅਲਪਗਜ ਦੀ ਉਪਮਾਂ ਦੇਣੀ ਕੋਈ ਉਪਮਾਂ ਨਹੀਂ ਕਹੀ ਜਾਂਦੀ।

ਬਾਕੀ ਤ੍ਰਿਲਿੰਗ ਭੇਦ ਰਹਿਤ ਵਸਤੂ ਤੋ ਬਿਨਾਂ, ਕੇਵਲ ਪੁਲਿੰਗ ਅਥਵਾ ਇਸਤ੍ਰੀ ਲਿੰਗ ਵਸਤੂ ਵੀ ਤ੍ਰਿਲਿੰਗ ਸ਼ਬਦਾਂ ਵਿਚ ਵਰਨਨ ਕੀਤੀ ਜਾਂਦੀ ਹੈ ਕਿੰਤੂ ਜਿਥੇ ਕਿਸੇ ਅਲੰਕਾਰ ਸੇ ਰੂਪਕ ਵਿਚ ਉਸਨੂੰ ਵਰਨਨ ਕਰਨਾ ਹੋਵੇ ਜਾਂ ਆਪਣੀ ਰਖਿਆ ਵਾਸਤੇ ਪ੍ਰਾਰਥਨਾਂ ਕਰਨੀ ਹੋਵੇ ਅਥਵਾ ਤੂੰ ਹੀ ਮੇਰਾ ਸਭ ਕੁਛ ਹੈ ਜਣਾਉਣ ਵਾਸਤੇ ਤਥਾ ਉਸਨੂੰ ਸਰਬ ਰੂਪ ਵਿਚ ਨਿਸਚੇ ਕਰਨ ਵਾਸਤੇ ਜਿਥੇ ਕਥਨ ਹੋਵੇ ਇਨ੍ਹਾਂ ਉਪ੍ਰੋਕਤ ਦੱਸੇ ਗਏ ਕਾਰਨਾਂ ਤੋਂ ਬਿਨਾਂ ਕੇਵਲ ਵਸਤੂ ਮਾਤ੍ਰ ਦੀ ਸੂਚਨਾਂ ਕਰਾਉਣ ਹਿਤ ਜਾਂ ਸਰੂਪ ਮਾਤ੍ਰ ਵਰਨਨ ਵਿਚ ਤ੍ਰਿਲਿੰਗ ਸ਼ਬਦਾਂ ਦੁਆਰਾ ਇਸਤ੍ਰੀ ਜਾਂ ਪੁਰਸ਼ ਨੂੰ ਵਰਨਨ ਨਹੀਂ ਕੀਤਾ ਜਾਂਦਾ, ਕਿੰਤੂ ਇਸਤ੍ਰੀ ਵਾਸਤੇ ਪੁਲਿੰਗ ਸ਼ਬਦ ਉਪਮਾਂ ਰੂਪ ਹੁੰਦੇ ਹਨ ਇਸ ਲਈ ਇਸਤ੍ਰੀ ਉਪਮਾ ਹਿਤ ਵਰਤੇ ਜਾ ਸਕਦੇ ਹਨ ਔਰ ਪੁਰਸ਼ ਲਈ ਇਸਤ੍ਰੀ ਲਿੰਗ ਸ਼ਬਦ ਕੋਈ ਉਪਮਾਂ ਰੂਪ ਨਹੀਂ, ਇਸ ਲਈ ਪੁਰਸ਼ ਉਪਮਾਂ ਹਿਤ ਨਹੀਂ ਵਰਤੇ

Digitized by Panjab Digital Library | www.panjabdigilib.org

ਜਾਂਦੇ, ਤਾਂਤੇ ਸ੍ਰੀ ਗੁਰੂ ਜੀ ਨੇ ਉਪ੍ਰੋਕਤ, ਮਹਾਂਕਾਲ ਕਾਲਿਕਾ ਅਰਾਧੀ, ਵਾਕ ਵਿਚ ਬੀਤੇ ਹੋਇ ਵਕਤ ਦੇ ਆਪਣੇ ਉਪਾਸਜ ਦੇਵ ਮਾਤ੍ਰ ਦੀ ਸੂਚਨਾਂ ਕਰਾਈ ਹੈ ਕਿਸੇ ਅਲੰਕਾਰ ਸੇ ਰੂਪਕ ਵਿਚ ਮਹਾਂਕਾਲ ਕਾਲਿਕਾ ਅਰਾਧੀ, ਇਹ ਕਥਨ ਨਹੀਂ ਅਤੇ ਨਾਂ ਹੀ ਇਸ ਕਥਨ ਵਿਚ ਆਪਣੀ ਰਖਿਆ ਵਾਸਤੇ ਕੋਈ ਪ੍ਰਾਰਥਨਾਂ ਹੈ ਔਰ ਨਾਂ ਹੀ ਇਥੇ ਮੇਰਾ ਸਭ ਕੁਛ ਤੂੰ ਹੀ ਹੈ ਜਣਾਉਣ ਆਦਕ ਕੁਛ ਕਥਨ ਹੈ ਤਥਾ ਨਾਂ ਹੀ ਇਥੇ ਇਸ ਕਥਨ ਵਿਚ ਕੋਈ ਸਰਬ ਰੂਪ ਵਿਚ ਨਿਸਚੇ ਕਰਨ ਦੀ ਕੋਈ ਗਲ ਹੈ ਅਤੇ ਨਾਂ ਹੀ ਕੋਈ ਇਸ ਵਿਚ ਇਥੇ ਕੋਈ ਉਪਮਾਂ ਦਾ ਕਥਨ ਹੈ ਤਾਂ ਇਥੇ ਤ੍ਰਿਲਿੰਗ ਭੇਦ ਸਹਿਤ ਵਰਨਨ ਹੈ ਕਿਵੇਂ ਮੰਨ ਲਿਆ ਜਾਵੇ, ਜੇਕਰ ਇਥੇ ਇਹ ਕਿਹਾ ਜਾਵੇ ਕਿ ਤ੍ਰਿਲਿੰਗ ਭੇਦ ਰਹਿਤ ਅਕਾਲ ਪੁਰਖ ਨੂੰ ਸੂਚਨਾਂ ਮਾਤ੍ਰ ਵਿਚ ਅਥਵਾ ਸਰੂਪ ਮਾਤ੍ਰ ਵਰਨਨ ਵਿਚ ਵੀ ਇਸਤ੍ਰੀ ਲਿੰਗ ਸ਼ਬਦਾਂ ਵਿਚ ਵਰਨਨ ਕੀਤਾ ਜਾ ਸਕਦਾਂ ਹੈ, ਤਾਂ ਇੰਜ ਪਹਿਲੇ ਜਪੁਜੀ ਸਾਹਿਬ ਦੀ ਪਹਿਲੀ ਪੌੜੀ ਵਿਚ ਪ੍ਰਮਾਤਮਾਂ ਦਾ ਸਰੂਪ ਵਰਨਨ ਕੀਤਾ ਹੈ, ਸਤਿਨਾਮ ਕਰਤਾ ਪੁਰਖ ॥ ਆਦਕ ਕਿੰਤੂ ਸ੍ਰੀ ਭਾਗ ਮਲ ਜੀ ਦੇ ਨਿਯਮ ਅਨੁਸਾਰ, ਕਰਤਾ ਪੁਰਖਣੀ,ਸ਼ਬਦ ਵਿਚ ਵੀ ਕਿਉਂ ਨਹੀਂ ਵਰਨਨ ਕੀਤਾ, ਤਾਂਤੇ ਇਹ ਸ੍ਰੀ ਭਾਗ ਮਲ ਜੀ ਦੀ ਹਰ ਥਾਂ ਤੇ ਧਿੰਙਾ ਜ਼ੋਰੀ ਹੀ ਹੁੰਦੀ ਹੈ, ਨਹੀਂ ਤਾਂ ਤ੍ਰਿਲਿੰਗ ਭੇਦ ਰਹਿਤ ਅਕਾਲ ਪੁਰਖ ਮਾਤ੍ਰ ਨੂੰ ਭੀ ਜਣਾਉਂਣ ਹਿਤ ਜਾਂ ਸਰੂਪ ਮਾਤ੍ਰ ਵਰਨਨ ਵਿਚ ਪੁਲਿੰਗ ਸ਼ਬਦ ਹੀ ਵਰਤੇ ਜਾਂਦੇ ਹਨ, ਇਸਤ੍ਰੀ ਲਿੰਗ ਸ਼ਬਦ ਨਹੀਂ ਵਰਤੇ ਜਾਂਦੇ ਕਿੰਤੂ ਜਿਥੇ ਉਪ੍ਰੋਕਤ ਦੱਸੇ ਆਪਣੀ

Digitized by Panjab Digital Library | www.panjabdigilib.org

ਕੇਵਲ ਰਖਿਆ ਹਿਤ ਪ੍ਰਾਰਥਨਾ ਜਾਂ ਮੇਰਾ ਸਭ ਕੁਛ ਹੀ ਤੂੰ ਹੈਂ ਜਣਾਉਣ ਹਿਤ ਅਥਵਾ ਕਿਸੇ ਦੇ ਅਲੰਕਾਰ ਸੇ ਰੂਪਕ ਕਥਨ। ਤਥਾ:-ਸਰਬ ਰੂਪ ਨਿਸਚੇ ਕਰਨ ਆਦਕ ਕਾਰਨਾਂ ਕਰਕੇ ਕਥਨ ਹੋਵੇ ਉਥੇ ਤ੍ਰਿਲਿੰਗ ਸ਼ਬਦਾਂ ਦੁਆਰਾ ਵੀ ਕਥਨ ਹੁੰਦਾ ਹੈ ਕੇਵਲ ਵਸਤੂ ਮਾਤ੍ਰ ਦੇ ਜਣਾਉਂਣ ਆਦਕ ਹਿਤ ਨਹੀਂ।

ਅਤੇ ਜੇੜ੍ਹੇ ਸ੍ਰੀ ਮਾਨ ਜੀ ਨੇ ਉਪ੍ਰੋਕਤ ਪ੍ਰਮਾਣ ਪ੍ਰਗਟ ਕੀਤੇ ਹਨ ਉਨ੍ਹਾਂ ਦੇ ਅਰਥ ਵੀ ਇਥੇ ਪ੍ਰਗਟ ਕਰ ਦਿੰਦੇ ਹਾਂ ਕਿ ਕੇਵਲ ਪ੍ਰਮਾਤਮਾਂ ਮਾਤ੍ਰ ਨੂੰ ਜਣਾਉਣ ਹਿਤ ਜਾਂ ਸਰੂਪ ਮਾਤ੍ਰ ਵਰਨਨ ਹਿਤ ਉਪ੍ਰੋਕਤ ਵਾਕ ਹਨ ਕਿ ਉਪ੍ਰੋਕਤ ਦੱਸੇ ਗਏ ਪ੍ਰਾਰਥਨਾਂ ਆਦਕ ਕਾਰਨਾਂ ਵਿਚ ਹੀ ਕਥਨ ਹੈ ਯਥਾ:-ਏਕਾ ਮਾਈ ਜੁਗਤਿ ਵਿਆਈ॥ ਵਿਚ ਵਿਆਈ, ਪਦ ਮੌਜੂਦ ਹੈ ਜਿਸਦਾ ਅਰਥ ਪ੍ਰਸੂਤ ਹੋਣਾ ਹੈ ਜੇਕਰ ਸ੍ਰੀ ਭਾਗ ਮਲ ਜੀ ਇਥੇ ਏਕਾ ਮਾਈ॥ ਦਾ ਅਰਥ ਅਕਾਲ ਪੁਰਖ ਕਰਦੇ ਹਨ ਤਾਂ ਉਨ੍ਹਾਂ ਨੂੰ ਇਹ ਵੀ ਮੰਨਣਾ ਪਵੇਗਾ ਕਿ ਅਕਾਲ ਪੁਰਖ ਪ੍ਰਸੂਤ ਹੋਇਆ ਜੇਕਰ ਇੰਜ ਵੀ ਮੰਨ ਲੈਣ ਤਾਂ ਫਿਰ ਤ੍ਰਿਲਿੰਗ ਭੇਦ ਰਹਿਤ ਰੂਪ ਰੰਗ ਰਹਿਤ (ਜੋ ਥਿਰ ਆਠੋਂ ਜਾਮ) ਹਮੇਸ਼ਾਂ ਇਕ ਰਸ ਇਸਥਿਰ ਅਕਾਲ ਪੁਰਖ ਸਿਧ ਨਹੀਂ ਹੋਵੇਗਾ, ਜੇਕਰ ਕਿਹਾ ਜਾਵੇ ਕਿ ਅਕਾਲ ਪੁਰਖ ਪ੍ਰਸੂਤ ਨਹੀਂ ਹੋਇਆ ਕਿੰਤੂ ਇਸਤ੍ਰੀ ਪ੍ਰਸੂਤ ਦੇ ਅਲੰਕਾਰ ਸੇ ਰੂਪਕ ਕਥਨ ਹੈ ਕਿ ਪ੍ਰਮਾਤਮਾਂ ਰੂਪੀ ਮਾਈ ਪ੍ਰਸੂਤ ਹੋਈ ਤਾਂ ਇਹ ਅਸੀਂ ਪਿਛੇ ਉਪ੍ਰੋਕਤ ਕਾਰਨਾਂ ਵਿਚ ਦੱਸ ਆਏ ਹਾਂ ਕਿ ਕਿਸੇ ਅਲੰਕਾਰ ਸੇ ਰੂਪਕ ਕਥਨ ਵਿਚ ਕੇਵਲ ਪੁਲਿੰਗ ਵਸਤੂ ਵੀ

Digitized by Panjab Digital Library | www.panjabdigilib.org

ਇਸਤ੍ਰੀ ਲਿੰਗ ਸ਼ਬਦਾਂ ਵਿਚ ਵਰਨਨ ਹੋ ਸਕਦੀ ਹੈ, ਬਾਕੀ, ਏਕਾ ਮਾਈ ਵਿਚ ਮਾਈ, ਦਾ ਅਰਥ ਮਾਇਆ ਵੀ ਕਰਦੇ ਹਨ ਜਿਸ ਦਾ ਵਰਨਨ ਇਸਤ੍ਰੀ ਲਿੰਗ ਵਿਚ ਹੀ ਹੁੰਦਾ ਹੈ ਔਰ ਏਕਾ = ਏਕ ਬ੍ਰਹਮ ਦੇ ਨਾਲ ਜੁਗਤਿ = ਜੁੜੀ ਤਦ ਵਿਆਈ ਇੰਜ ਵੀ ਕਈ ਗਿਆਨੀ ਅਰਥ ਕਰਦੇ ਹਨ, ਪਰ ਸਾਡੀ ਇਥੇ ਇਸ ਉਤੇ ਬਹਿਸ ਨਹੀਂ ਕਿੰਤੂ ਸਾਡੇ ਸਾਹਮਣੇ ਇਥੇ ਗਲ ਇਹ ਹੈ ਕਿ ਇਸ ਪ੍ਰਮਾਣ ਵਿਚ ਪ੍ਰਮਾਤਮਾਂ ਨੂੰ ਇਸਤ੍ਰੀ ਲਿੰਗ ਸ਼ਬਦ ਦੁਆਰਾ ਵਰਨਨ ਕੀਤਾ ਹੈ, ਦੇਖਣਾ ਇਥੇ ਇਹ ਹੈ ਕਿ ਕੇਵਲ ਪ੍ਰਮਾਤਮਾਂ ਦੀ ਸੂਚਨਾਂ ਮਾਤ੍ਰ ਦਾ ਹੀ ਜਾਂ ਪ੍ਰਮਾਤਮਾਂ ਦੇ ਸਰੂਪ ਮਾਤ੍ਰ ਆਦਕ ਦਾ ਹੀ ਵਰਨਨ ਹੈ ਕਿ ਇਸ ਵਿਚ ਕਿਸੇ ਅਲੰਕਾਰ ਸੇ ਰੂਪਕ (ਕਥਨ) ਵਰਨਨ ਹੈ ਜੇਕਰ ਕਿਸੇ ਅਲੰਕਾਰ ਸੇ ਪ੍ਰਮਾਤਮਾਂ ਦਾ ਰੂਪਕ ਵਰਨਨ ਹੈ ਤਾਂ ਉਪ੍ਰੋਕਤ ਮਹਾਂ ਕਾਲ ਕਾਲਿਕਾ ਅਰਾਧੀ, ਵਾਕ ਵਿਚ ਕੇਵਲ ਆਪਣੇ ਇਸ਼ਟ ਦੇਵ ਦੀ ਸੂਚਨਾਂ ਹੀ ਕਰਾਈ ਹੈ ਹੋਰ ਕਿਸੇ ਅਲੰਕਾਰ ਸੇ ਰੂਪਕ ਆਦਕ ਦਾ ਵਰਨਨ ਨਹੀਂ।

ਅਤੇ ਜੇਕਰ ਇਸ ਪ੍ਰਮਾਣ ਵਿਚ ਕੇਵਲ ਪ੍ਰਮਾਤਮਾਂ ਦੀ ਸੂਚਨਾਂ ਹੀ ਕਰਾਈ ਹੈ ਜਾਂ ਸਰੂਪ ਮਾਤ੍ਰ ਦਾ ਵਰਨਨ ਹੈ ਤਾਂ ਵਿਆਈ, ਪਦ ਵਿਚ ਹੋਣੇ ਸੇ ਪ੍ਰਮਾਤਮਾਂ ਪ੍ਰਸੂਤ ਹੁੰਦਾ ਹੈ ਵੀ ਮੰਨਣਾ ਪਵੇਗਾ ਜਿਸ ਕਰਕੇ ਪਹਿਲੇ ਪ੍ਰਮਾਤਮਾਂ ਦਾ ਪੇਟ ਵੀ ਫੁਲਿਆ ਹੋਵੇਗਾ, ਤੇ ਬੀਜ ਵੀ ਕਿਸੇ ਕੋਲੋਂ ਲਿਆ ਹੋਵੇਗਾ ਇਸ ਲਈ ਇਕ ਰਸ, ਅਵਿਕਾਰੀ ਆਦਕ ਸਿਧ ਨਹੀਂ ਹੋ ਸਕੇਗਾ, ਤਾਂਤੇ ਏਕਾ ਮਾਈ ਜੁਗਤਿ ਵਿਆਈ॥ ਕਥਨ, ਮਹਾਂ ਕਾਲ ਕਾਲਿਕਾ ਅਰਾਧੀ, ਵਤ ਹੀ ਨਹੀਂ ਕਿੰਤੂ

Digitized by Panjab Digital Library | www.panjabdigilib.org

ਭਿੰਨ ਹੈਂ ਜਿਵੇਂ ਪ੍ਰਸੂਤ ਹੋਕਰ ਮਾਈ ਆਪਣੇ ਵਿਚੋਂ ਪੁਤ੍ਰ ਪੈਦਾ ਕਰਦੀ ਹੈਂ ਤਿਵੇਂ ਪ੍ਰਮਾਤਮਾਂ ਨੇ ਆਪਣੇ ਸਰੂਪ ਵਿਚੋਂ ਹੀ ਬ੍ਰਹਮਾਂ, ਵਿਸ਼ਨੂੰ ਸ਼ਿਵਜੀ ਤਿੰਨ ਚੇਲੇ ਪ੍ਰਗਟ ਕੀਤੇ ਇਥੇ ਇਹ ਜਣਾਇਆ ਹੈ ਇਸ ਲਈ ਇਹ ਮਾਈ ਦੇ ਦ੍ਰਿਸ਼ਟਾਂਤ ਦੁਆਰਾ ਰੂਪਕ ਕਥਨ ਹੈ ਕੇਵਲ ਪ੍ਰਮਾਤਮਾਂ ਦੀ ਹਸਤੀ ਜਣਾਉਣ ਮਾਤ੍ਰ ਜਾਂ ਸਰੂਪ ਮਾਤ੍ਰ ਹੀ ਕਥਨ ਨਹੀਂ ।

(ਅ) ਤੂ ਹੈ ਮੇਰੀ ਓਟ ਤੂ ਹੈ ਮੇਰਾ ਮਾਣਾ ॥ ਇਸ ਪ੍ਰਮਾਣ ਵਿਚ ਸ੍ਰੀ ਭਾਗ ਮਲ ਜੀ ਨੂੰ ਓਟ, ਪਦ ਇਸਤ੍ਰੀ ਲਿੰਗ ਭਾਸਿਆ ਹੈ ਪਰ ਓਟ ਦਾ ਅਰਥ ਹੈ ਆਸਰਾ, ਕਿੰਤੂ ਇਸਤੋਂ ਪਹਿਲੇ ਤੁਕ ਹੈ ਕਿ, ਤੂੰ ਮੇਰਾ ਰਾਖਾ ਸਭਨੀ ਥਾਂਈ ॥ ਤਾ ਭਉ ਕੇਹਾ ਕਾੜਾ ਜੀਉ ॥ ਇਸ ਵਿਚ ਏਥੇ ਆਪਣੀ ਰਖਿਆ ਲਈ ਪ੍ਰਾਰਥਨਾ ਕਥਨ ਹੈ ਇਹ ਪਿਛੇ ਦੱਸ ਆਏ ਹਾਂ ਕਿ ਆਪਣੀ ਰਖਿਆ ਹਿਤ ਪ੍ਰਾਰਥਨਾਂ ਕਰਨੀ ਹੋਵੇ ਤਾਂ ਪੁਲਿੰਗ ਵਸਤੂ ਦਾ ਵੀ ਇਸਤ੍ਰੀ ਲਿੰਗ ਸ਼ਬਦਾਂ ਵਿਚ ਵਰਨਨ ਕੀਤਾ ਜਾ ਸਕਦਾ ਹੈ ਪ੍ਰੰਤੂ ਪੁਲਿੰਗ ਵਸਤੂ ਦੇ ਕੇਵਲ ਸੂਚਨਾਂ ਮਾਤ੍ਰ ਵਰਨਨ ਵਿਚ ਜਾਂ ਸਰੂਪ ਮਾਤ੍ਰ ਦੇ ਵਰਨਨ ਵਿਚ ਇਸਤ੍ਰੀ ਲਿੰਗ ਸ਼ਬਦ ਨਹੀਂ ਵਰਤੇ ਜਾ ਸਕਦੇ ਅਤੇ ਇਸਤ੍ਰੀ ਲਿੰਗ ਵਸਤੂ ਦੇ ਵੀ ਕੇਵਲ ਸੂਚਨਾਂ ਮਾਤ੍ਰ ਵਰਨਨ ਵਿਚ ਜਾਂ ਸਰੂਪ ਮਾਤ੍ਰ ਦੇ ਵਰਨਨ ਵਿਚ ਪੁਲਿੰਗ ਸ਼ਬਦ ਨਹੀਂ ਵਰਤੇ ਜਾ ਸਕਦੇ ਕਿੰਤੂ ਉਪ੍ਰੋਕਤ ਦੱਸੇ ਗਏ ਆਪਣੀ ਰਖਿਆ ਹਿਤ ਪ੍ਰਾਰਥਨਾਂ ਆਦਕ ਕਿਸੇ ਕਾਰਨਾਂ ਵਿਚ ਕਥਨ ਹੋਵੇ ਤਾਂ ਪੁਲਿੰਗ ਵਸਤੂ ਨੂੰ ਇਸਤ੍ਰੀ ਲਿੰਗ ਸ਼ਬਦਾਂ ਵਿਚ ਅਤੇ ਇਸਤ੍ਰੀ ਲਿੰਗ ਵਸਤੂ ਨੂੰ ਵੀ ਪੁਲਿੰਗ

Digitized by Panjab Digital Library | www.panjabdigilib.org

ਸ਼ਬਦਾਂ ਵਿਚ ਵਰਨਨ ਕੀਤਾ ਜਾ ਸਕਦਾ ਹੈ, ਜਿਵੇਂ ਆਂਮ ਲੋਕ ਪੁਰਸ਼ ਅਫਸਰ (ਹਾਕਮ) ਨੂੰ ਪ੍ਰਾਰਥਨਾਂ ਕਰਦੇ ਹੋਇ ਕਹਿੰਦੇ ਹਨ ਕਿ ਆਪ ਹਮਾਰੇ ਮਾਈ ਬਾਪ ਹੋ ਪ੍ਰੰਤੂ ਉਸ ਪੁਰਸ਼ ਅਫਸਰ ਦੇ ਆਉਣ ਮਾਤ੍ਰ ਦੀ ਸੂਚਨਾਂ ਹੀ ਦੇਣੀ ਹੋਵੇ ਤਾਂ ਕੀ ਉਹ ਸੂਚਨਾਂ ਦੇਣ ਵਾਲਾ ਇਹ ਕਹੈਗਾ ਕਿ ਫਲਾਨੀ ਅਫਸਰ ਕਲ ਇਥੇ ਪਹੁੰਚੇਗੀ ਪਰ ਇੰਜ ਇਸਤ੍ਰੀ ਲਿੰਗ ਸ਼ਬਦਾਂ ਵਿਚ ਪੁਰਸ਼ ਸਰੂਪ ਅਫਸਰ ਦੇ ਆਉਣ ਦੀ ਸੂਚਨਾਂ ਨਹੀਂ ਕਹਿ ਸਕਦਾ ਤਾਂਤੇ ਤਿਵੇਂ ਆਪਣੀ ਰਖਿਅ ਹਿਤ ਪ੍ਰਾਰਥਨਾਂ ਆਦਕ ਕਾਰਨਾਂ ਵਿਚ ਪ੍ਰਮਾਤਮਾਂ ਲਈ ਇਸਤ੍ਰੀ ਲਿੰਗ ਸ਼ਬਦ ਵਰਤੇ ਜਾ ਸਕਦੇ ਹਨ ਪ੍ਰੰਤੂ ਕੇਵਲ ਸੂਚਨਾਂ ਮਾਤ੍ਰ ਵਰਨਨ ਵਿਚ ਇਸਤ੍ਰੀ ਲਿੰਗ ਸ਼ਬਦ ਨਹੀਂ ਵਰਤੇ ਜਾ ਸਕਦੇ ਔਰ, ਮਹਾਂ ਕਾਲ ਕਾਲਿਕਾ ਅਰਾਧੀ, ਵਿਚ ਕੋਈ ਪ੍ਰਾਰਥਨਾਂ ਆਦਕ ਕਥਨ ਨਹੀਂ ਜਿਸ ਲਈ ਪ੍ਰਮਾਤਮਾਂ ਲਈ ਇਸਤ੍ਰੀ ਲਿੰਗ ਸ਼ਬਦ ਵਰਤੇ ਗਏ ਹੋਣ ਕਿੰਤੂ ਸ੍ਰੀ ਗੁਰੂ ਜੀ ਨੇ ਕੇਵਲ ਆਪਣੇ ਅਰਾਧਜ ਦੇਵ ਜੀ ਦੀ ਸੂਚਨਾਂ ਮਾਤ੍ਰ ਦਾ ਹੀ ਵਰਨਨ ਕੀਤਾ ਹੈ ਤਾਂਤੇ, ਤੂ ਹੈ ਮੇਰੀ ਓਟ ਤੂ ਹੈ ਮੇਰਾ ਮਾਣਾ ॥ ਆਦਕ ਪ੍ਰਮਾਣ ਸੇ ਇਹ, ਕਾਲਿਕਾ ਅਰਾਧੀ, ਕਥਨ ਭਿੰਨ ਹੈ ਇਸ ਲਈ ਇਸ ਵਿਚ ਅਕਾਲ ਪੁਰਖ ਲਈ ਇਸਤ੍ਰੀ ਲਿੰਗ ਸ਼ਬਦ ਵਰਤਿਆ ਗਿਆ ਹੈ ਅਰਥ ਕਰਨਾ ਅਨੁਚਿਤ ਹੈ।

(ਝ) ਨਮੋ ਪਰਮ ਗਿਆਤਾ, ਨਮੋ ਲੋਕ ਮਾਤਾ ॥ ਇਸ ਵਿਚ ਵੀ ਪਿਛੇ ਦੱਸੇ ਗਏ ਕਾਰਨਾਂ ਅਨੁਸਾਰ, ਸਰਬ ਰੂਪ ਵਿਚ ਨਿਸਚੇ ਕਰਨ ਹਿਤ ਕਥਨ ਹੈ ਜੋ, ਨਮੋ ਸਰਬ ਰੂਪੇ, ਨਮੋ ਸਰਬ ਭੁਉਣੇ, ਆਦਕ ਤੁਕਾਂ ਤੇ ਸਪਸ਼ਟ ਪ੍ਰਗਟ ਹੋ

Digitized by Panjab Digital Library | www.panjabdigilib.org

ਰਿਹਾ ਹੈ, ਤਾਂਤੇ ਇਸ ਪ੍ਰਮਾਣ ਵਿਚ ਕੇਵਲ ਪ੍ਰਮਾਤਮਾਂ ਦੀ ਸੂਚਨਾਂ ਮਾਤ੍ਰ ਦਾ ਵਰਨਨ ਨਹੀਂ, ਕਿੰਤੂ ਮਹਾਂ ਕਾਲ ਕਾਲਿਕਾ ਅਰਾਧੀ, ਵਿਚ ਕੇਵਲ ਉਪਾਸਜ ਦੇਵ ਦੀ ਸੂਚਨਾਂ ਮਾਤ੍ਰ ਦਾ ਕਥਨ ਹੈ ਇਸ ਲਈ ਨਮੋ ਪਰਮ ਗਿਆਂਤਾ, ਆਦਕ ਪ੍ਰਮਾਣ ਵਿਚ ਪ੍ਰਮਾਤਮਾਂ ਦਾ ਤ੍ਰਿਲਿੰਗ ਸ਼ਬਦਾਂ ਵਿਚ ਵਰਨਨ ਹੋ ਸਕਦਾ ਹੈ ਕੋਈ ਹਰਜ ਨਹੀਂ ਪ੍ਰੰਤੂ ਮਹਾਂ ਕਾਲ ਕਾਲਿਕਾ ਅਰਾਧੀ, ਵਾਕ ਵਿਚ ਪ੍ਰਮਾਤਮਾਂ ਲਈ ਇਸਤ੍ਰੀ ਲਿੰਗ ਸ਼ਬਦ ਨਹੀਂ ਵਰਤਿਆ ਜਾ ਸਕਦਾ, ਕਿਉਂਕਿ ਇਸ ਵਿਚ ਕੇਵਲ ਸੂਚਨਾਂ ਮਾਤ੍ਰ ਦਾ ਕਥਨ ਹੈ, ਜੇਕਰ ਕਦੀਂ ਹਠ ਹੀ ਹੋਵੇ ਕਿ ਅਕਾਲ ਪੁਰਖ ਲਈ ਹਮੇਸ਼ਾਂ ਸੂਚਨਾਂ ਮਾਤ੍ਰ ਵਿਚ ਵੀ ਇਸਤ੍ਰੀ ਲਿੰਗ ਸ਼ਬਦ ਵਰਤੇ ਜਾਂਦੇ ਹਨ, ਤ੍ਰਾਂ ਮੈਂ ਹਮੇਸ਼ਾਂ ਹੀ ਸਿੱਖ ਪੰਥ ਦੇ ਦਿਵਾਨਾਂ ਅਤੇ ਗੁਰਦੁਆਰਿਆਂ ਵਿਚ ਜਾਂਦਾ ਰਿਹਾ ਹਾਂ ਕਦੀ ਵੀ ਕਿਸੇ ਗੁਰਦੁਆਰੇ ਜਾਂ ਦਿਵਾਨ ਵਿਚ ਅਰਦਾਸੇ ਦੇ ਵਕਤ ਜਾਂ ਕਥਾ ਪ੍ਰਚਾਰ ਵਿਚ ਕਿਸੇ ਨੂੰ ਇਹ ਕਹਿੰਦਿਆਂ ਕਦੀਂ ਨਹੀਂ ਸੁਣਿਆਂ ਕਿ ਹੇ ਅਕਾਲ ਪੁਰਖੀ ਜਾਂ ਸਚੀ ਪਾਤਸ਼ਾਹਣੀ ਤੇਰੇ ਅਗੇ ਅਰਦਾਸ ਹੈ ਅਥਵਾਂ ਅਕਾਲ ਪੁਰਖੀ ਦੇ ਉਪਾਸ਼ਕ ਹਾਂ, ਕਮ ਸੇ ਕਮ ਮਹੀਨੇ ਵਿਚੋਂ ਇਕ ਦਿਨ ਤੇ ਅਰਦਾਸੇ ਵਿਚ ਹੇ ਅਕਾਲ ਪੁਰਖੀ ਤੇਰੇ ਅਗੇ ਅਰਦਾਸ ਹੈ ਆਦਕ ਇਸਤ੍ਰੀ ਲਿੰਗ ਸ਼ਬਦ ਪ੍ਰਮਾਤਮਾਂ ਲਈ ਕਹਿਣੇ ਚਾਹੀਦੇ ਸਨ ਜੋ ਕਦੀਂ ਵੀ ਨਹੀਂ ਕਹੇ ਜਾਂਦੇ ਤਾਂਤੇ ਮਲੂੰਮ ਹੁੰਦਾ ਹੈ ਕਿ ਗੁਰੂ ਘਰ ਵਿਚ ਆਮ ਬੋਲ ਚਾਲ ਵਿਚ ਪ੍ਰਮਾਤਮਾਂ ਦਾ ਕਥਨ ਪੁਲਿੰਗ ਸ਼ਬਦਾਂ ਵਿਚ ਹੀ ਹੁੰਦਾ ਹੈ ਇਸਤ੍ਰੀ ਲਿੰਗ ਸ਼ਬਦਾਂ ਵਿਚ ਕਦੀ ਵੀ ਨਹੀਂ ਹੁੰਦਾ।

Digitized by Panjab Digital Library | www.panjabdigilib.org

ਜੇਕਰ ਕਦੀਂ ਸ੍ਰੀ ਭਾਗ ਮਲ ਜੀ ਦਾ ਇਹ ਹਠ ਹੋਵੇ ਕਿ ਤ੍ਰਿਲਿੰਗ ਭੇਦ ਰਹਿਤ ਵਸਤੂ ਦਾ ਹੀ ਹਰ ਇਕ ਥਾਂ ਤੇ ਤ੍ਰਿਲਿੰਗ ਸ਼ਬਦਾਂ ਵਿਚ ਵਰਨਨ ਹੋ ਸਕਦਾ ਹੈ ਕਿੰਤੂ ਕੇਵਲ ਪੁਲਿੰਗ ਵਸਤੂ ਜਾਂ ਇਸਤ੍ਰੀ ਲਿੰਗ ਵਸਤੂ ਦਾ ਨਹੀਂ ਹੋ ਸਕਦਾ ਜਿਵੇਂ ਗੁਰਮਤ ਦਰਸ਼ਨ ਦੇ ਸਫ਼ਾ ੩੭ ਤੇ ਲਿਖ ਰਹੇ ਹਨ ਕਿ ਦੇਵੀ ਲਈ ਨਿਰੋਲ ਇਸਤ੍ਰੀ ਵਾਚਕ ਸ਼ਬਦ ਹੀ ਸੰਕੇਤ ਹੋਣੇ ਚਾਹੀਦੇ ਨੇ, ਤਾਂ ਇੰਜ ਤ੍ਰਿਯਾ ਚਰਿਤ੍ਰ ਪਹਿਲੇ ਵਿਚ ਸ੍ਰੀ ਦੇਵੀ ਜੀ ਨੂੰ ਸਰਬ ਰੂਪ ਵਿਚ ਨਿਸਚੇ ਕਰਨ ਹਿਤ, ਤੁਹੀ ਬਿਸੁਨ ਤੂੰ ਬ੍ਰਹਮ ਤੂੰ ਰੁਦ੍ਰ ਰਾਜੈ ॥ ਤੁਹੀ ਬਿਸਵ ਮਾਤਾ ਸਦਾ ਜੈ ਬਿਰਾਜੈ ॥ ਆਦਕ ਕਥਨ ਹੈ, ਤਾਂ ਇਥੇ ਸ੍ਰੀ ਦੇਵੀ ਇਸਤ੍ਰੀ ਹੈ ਪ੍ਰੰਤੂ ਉਸ ਲਈ ਬ੍ਰਹਮਾਂ ਵਿਸ਼ਨੂੰ ਸ਼ਿਵਜੀ ਪੁਲਿੰਗ ਸ਼ਬਦ ਹਨ ਜੋ ਸਪਸ਼ਟ ਵਰਤੇ ਗਏ ਹਨ ਤਾਂ ਕੀ ਇੰਜ ਸ੍ਰੀ ਭਾਗ ਮਲ ਜੀ ਇਥੇ ਸ੍ਰੀ ਦੇਵੀ ਜੀ ਨੂੰ ਤ੍ਰਿਲਿੰਗ ਭੇਦ ਰਹਿਤ ਅਕਾਲ ਪੁਰਖ ਹੀ ਮੰਨਣਗੇ, ਜੇਕਰ ਨਹੀਂ ਤਾਂ ਪਿਛੇ ਸਾਡੇ ਦੱਸੇ ਗਏ ਸਰਬ ਰੂਪ ਵਿਚ ਨਿਸਚੇ ਕਰਨ ਹਿਤ ਆਦਕ ਕਾਰਨਾਂ ਕਰਕੇ ਪੁਲਿੰਗ ਵਸਤੂ ਨੂੰ ਭੀ ਇਸਤ੍ਰੀ ਲਿੰਗ ਸ਼ਬਦਾਂ ਵਿਚ ਤੇ ਇਸਤ੍ਰੀ ਲਿੰਗ ਵਸਤੂ ਨੂੰ ਭੀ ਪੁਲਿੰਗ ਸ਼ਬਦਾਂ ਵਿਚ ਵਰਨਨ ਕੀਤਾ ਜਾ ਸਕਦਾਂ ਹੈ ਪ੍ਰੰਤੂ ਕੇਵਲ ਸੂਚਨਾਂ ਮਾਤ੍ਰ ਦੇ ਕਥਨ ਵਿਚ ਨਹੀਂ, ਤਿਵੇਂ ਅਕਾਲ ਪੁਰਖ ਲਈ ਭੀ ਸਰਬ ਰੂਪ ਵਿਚ ਨਿਸਚੇ ਕਰਨ ਹਿਤ ਇਸਤ੍ਰੀ ਲਿੰਗ ਅਤੇ ਪੁਲਿੰਗ ਸ਼ਬਦ ਵਰਤੇ ਗਏ ਹਨ, ਕਿੰਤੂ ਕੇਵਲ ਸੂਚਨਾਂ ਮਾਤ੍ਰ ਦੇ ਕਥਨ ਵਿਚ ਨਹੀਂ ਵਰਤੇ ਜਾਂਦੇ, ਤਾਂਤੇ ਹਰ ਇਕ ਥਾਂ ਤੇ ਅਕਾਲ

Digitized by Panjab Digital Library | www.panjabdigilib.org

ਪੁਰਖ ਨੂੰ ਤ੍ਰਿਲਿੰਗ ਸ਼ਬਦਾਂ ਵਿਚ ਵਰਨਨ ਨਹੀਂ ਕੀਤਾ ਜਾ ਸਕਦਾ ਇਹ ਐਵੇ ਹਠ ਮਾਤ੍ਰ ਹੈ।

ਜੇਕਰ ਇਥੇ ਕਿਹਾ ਜਾਵੇ ਕਿ, ਤ੍ਰਿਯਾ ਚਰਿਤ੍ਰ ਪਹਿਲੇ ਵਿਚ ਵੀ ਅਕਾਲ ਪੁਰਖ ਦਾ ਹੀ ਵਰਨਨ ਹੈ ਸ੍ਰੀ ਦੇਵੀ ਦਾ ਨਹੀਂ, ਤਾਂ ਉਸ ਪਹਿਲੇ ਤ੍ਰਿਯਾ ਚਰਿਤ੍ਰ ਵਿਚ ਹੀ ਸ੍ਰੀ ਗੁਰੂ ਜੀ ਨੇ ਲਿਖਿਆ ਹੈ ਕਿ, ਪ੍ਰਥਮ ਧਯਾਇ ਸ੍ਰੀ ਭਗਵਤੀ ਬਰਨੌ ਤ੍ਰਿਯਾ ਪ੍ਰਸੰਗ, ਮੋ ਘਟ ਮੈ ਤੁਮ ਹ੍ਵੈ ਨਦੀ ਉਪਜਹੁ ਬਾਕ ਤਰੰਗ, ਕਵਿਤਾ ਅੰਕ ੪੬ ਤਥਾ ਇਸ ਤ੍ਰਿਯਾ ਚਰਿਤ੍ਰ ਪਹਿਲੇ ਦੀ ਸਮਾਪਤੀ ਵਿਚ ਵੀ ਲਿਖਿਆ ਹੈ ਕਿ ਇਤਿ ਸ੍ਰੀ ਚਰਿਤ੍ਰ ਪਖਿਆਨੇ ਚੰਡੀ ਚਰਿਤ੍ਰੇ ਪ੍ਰਥਮ ਧਯਾਇ ਸਮਾਪਤ, ਇਨ੍ਹਾਂ ਵਾਕਾਂ ਤੋਂ ਸਿਧ ਹੁੰਦਾ ਹੈ ਕਿ ਇਸ ਪਹਿਲੇ ਤ੍ਰਿਯਾ ਚਰਿਤ੍ਰ ਵਿਚ ਭਗਵਤੀ ਦੇਵੀ ਦਾ ਹੀ ਪ੍ਰਸੰਗ ਵਰਨਨ ਕੀਤਾ ਹੈ, ਚੰਡੀ ਚਰਿਤ੍ਰੇ ਦਾ ਅਰਥ ਵੀ ਦੇਵੀ ਚਰਿਤ੍ਰ ਹੀ ਹੋ ਸਕਦਾ ਹੈ, ਤਾਂਤੇ ਅਕਾਲ ਪੁਰਖ ਦਾ ਇਸ ਪਹਿਲੇ ਚਰਿਤ੍ਰ ਵਿਚ ਵਰਨਨ ਨਹੀਂ ਕਿੰਤੂ ਸ੍ਰੀ ਭਗਵਤੀ ਦੇਵੀ ਨੂੰ ਕਿਹਾ ਹੈ ਕਿ, ਮੋ ਘਟ ਮੈ ਤੁਮ ਹ੍ਵੈ ਨਦੀ ਉਪਜਹੁ ਬਾਕ ਤਰੰਗ, ਪਰ ਮਲੂਮ ਹੁੰਦਾ ਹੈ ਕਿ ਜੇਕਰ ਹੋਰ ਕੁਝ ਨਾ ਹੋਇਆ ਤਾਂ ਇਹੋ ਕਹਿ ਦੇਣਗੇ ਕਿ ਇਹ ਤ੍ਰਿਯਾ ਚਰਿਤ੍ਰ ਗੁਰੂ ਜੀ ਦੇ ਰਚੇ ਹੋਇ ਹੀ ਨਹੀਂ, ਤਾਂ ਫਿਰ ਇਹ ਪ੍ਰਸ਼ਨ ਹੋਵੇਗਾ ਕਿ ਇਨ੍ਹਾਂ ਤ੍ਰਿਯਾਂ ਚਰਿਤ੍ਰਾਂ ਦਾ ਦਸਵੇਂ ਗੁਰੂ ਸਾਹਿਬ ਜੀ ਦੇ ਦਸਮ ਗੁਰੂ ਗ੍ਰੰਥ ਸਾਹਿਬ ਜੀ ਵਿਚ ਲਿਖੇ ਜਾਣ ਦਾ ਕੀ, ਕਾਰਨ, ਕਈ ਸੱਜਣ ਇੰਜ ਵੀ ਕਹੇ ਛਡਦੇ ਹਨ ਕਿ ਇਹ ਤ੍ਰਿਯਾ ਚਰਿਤ੍ਰ ਸਾਰੇ ਗੁਰੂ ਜੀ ਨੇ ਆਪਣੇ ਹਜ਼ੂਰੀ ੫੨ ਕਵੀਆਂ ਕੋਲੋਂ ਲਿਖਵਾਏ ਸੀ, ਤਾਂ

Digitized by Panjab Digital Library | www.panjabdigilib.org

ਫਿਰ ਵੀ ਗੁਰੂ ਜੀ ਨੇ ਆਪਣੀ ਇਛਾ ਅਨੁਸਾਰ ਲਿਖਵਾਏ ਹੋਣ ਕਰਕੇ ਗੁਰੂ ਜੀ ਹੀ ਇਨ੍ਹਾਂ ਤ੍ਰਿਯਾਂ ਚਰਿਤ੍ਰਾਂ ਦੇ ਜੁਮੇਵਾਰ ਹੋ ਸਕਦੇ ਹਨ, ਜੇਕਰ ਇਥੇ ਕਿਹਾ ਜਾਵੇ ਕਿ ਉਨ੍ਹਾਂ ਕਵੀਆਂ ਨੇ ਆਪਣੀ ਇਛਾ ਅਨੁਸਾਰ ਹੀ ਲਿਖੇ ਸੀ ਤਾਂ ਉਨ੍ਹਾਂ ਕਵੀਆਂ ਦੀ ਹੋਰ ਵੀ ਬਿਅੰਤ ਬਾਣੀ ਉਚਾਰੀ ਹੋਈ ਹੈ ਉਹ ਕਿਉਂਨਾਂ ਫਿਰ ਸਾਰੀ ਦਸਮ ਗੁਰੂ ਗ੍ਰੰਥ ਸਾਹਿਬ ਜੀ ਵਿਚ ਲਿਖੀ ਗਈ, ਕੇਵਲ ਇਨ੍ਹਾਂ ਤ੍ਰਿਯਾਂ ਚਰਿਤ੍ਰਾਂ ਦਾ ਹੀ ਲਿਖੇ ਜਾਣ ਦਾ ਕੀ ਕਾਰਨ ?

(ਸ) ਕ੍ਰਿਪਾ ਕਰੀ ਹਮ ਪਰ ਜਗ ਮਾਤਾ ॥ ਗ੍ਰੰਥ ਕਰਾ ਪੂਰਨ ਸੁਭ ਰਾਤਾ, ਇਸ ਵਿਚ, ਜਗ ਮਾਤਾ, ਅਕਾਲ ਪੁਰਖ ਨੂੰ ਨਹੀਂ ਕਿਹਾ, ਕਿੰਤੂ ਦੇਵੀ ਜੀ ਨੂੰ ਹੀ ਕਿਹਾ ਹੈ, ਔਰ ਕਿਲ ਵਿਖ ਸਕਲ ਦੇਹ ਕੋ ਹਰਤਾ ॥ ਵਿਚ ਅਕਾਲ ਪੁਰਖ ਨੂੰ ਹੀ ਹਰਤਾ, ਕਿਹਾ ਹੈ ਕਿਉਂਕਿ ਇਥੇ ਤ੍ਰਿਯਾਂ ਚਰਿਤ੍ਰਾਂ ਰੂਪ ਗ੍ਰੰਥ ਨਿਰਵਿਘਨ ਪੂਰਨ ਹੋਣ ਵਿਚ ਅਕਾਲ ਪੁਰਖ ਅਤੇ ਸ੍ਰੀ ਦੇਵੀ ਮਾਤਾ ਜੀ ਦੋਹਾਂ ਦੀ ਕ੍ਰਿਪਾ ਜਣਾਈ ਹੈ, ਜੇਕਰ ਕਿਹਾ ਜਾਵੇ ਕਿ, ਕ੍ਰਿਪਾ ਕਰੀ ਹਮ ਪਰ ਜਗ ਮਾਤਾ ॥ ਵਿਚ ਪ੍ਰਮਾਤਮਾਂ ਨੂੰ ਹੀ ਕਿਹਾ ਗਿਆ ਹੈ ਕਿ ਮੇਰੇ ਉਤੇ ਕ੍ਰਿਪਾ ਕੀਤੀ ਹੈ ਜੋ ਗ੍ਰੰਥ ਪੂਰਨ ਕੀਤਾ ਹੈ ਤਾਂ ਇਸਤੋਂ ਅੱਗੇ ਦੋਂਹ ਤੁਕਾਂ ਤੋਂ ਬਾਦ (ਬਿਨਾਂ ਕਿਸੇ ਲੰਮੀ ਵਿਥਦੇ) ਫਿਰ ਲਿਖਿਆ ਹੈ ਕਿ, ਸ੍ਰੀ ਅਸਿਧੁਜ ਜਬ ਭਏ ਦਯਾਲਾ ॥ ਪੂਰਨ ਕਰਾ ਗ੍ਰੰਥ ਤਤਕਾਲਾ ॥ ਤਾਂ ਫਿਰ ਦੂਜੀ ਵੇਰ ਉਸੇ ਅਕਾਲ ਪੁਰਖ ਦੀ ਉਸੇ ਗ੍ਰੰਥ ਦੇ ਪੂਰਨ ਹੋਣ ਵਿਚ ਕ੍ਰਿਪਾ ਦੱਸਣ ਦੀ ਕੋਈ ਲੋੜ ਨਹੀਂ ਹੋ ਸਕਦੀ ਕਿਉਂਕਿ ਜਦ ਇਕ ਵੇਰ ਪਹਿਲੇ

Digitized by Panjab Digital Library | www.panjabdigilib.org

ਅਕਾਲ ਪੁਰਖ ਦੀ ਕ੍ਰਿਪਾ ਜਣਾਈ ਤਾਂ ਫਿਰ ਤਤ ਕਾਲ ਦੋਂਹ ਤੁਕਾਂ ਤੋਂ ਬਾਦ ਉਸੇ ਅਕਾਲ ਪੁਰਖ ਦੀ ਕ੍ਰਿਪਾ ਉਸੇ ਗ੍ਰੰਥ ਦੇ ਪੂਰਨ ਹੋਣ ਦੀ ਲਿਖਣੀ ਕੋਈ ਅਰਥ ਨਹੀਂ ਰਖਦੀ ਇਸ ਲਈ ਪਹਿਲੇ, ਕ੍ਰਿਪਾ ਕਰੀ ਹਮ ਪਰ ਜਗ ਮਾਤਾ, ਵਿਚ (ਜਗਮਾਤਾ = ਸ੍ਰੀ ਦੇਵੀ ਜੀ ਦੀ ਕ੍ਰਿਪਾ ਦਾ ਵਰਨਨ ਹੈ ਤੇ ਕਿਲਵਿਖ ਸਕਲ ਦੇਹ ਕੋ ਹਰਤਾ, ਸ੍ਰੀ ਅਸਿਧੁਜ ਜਬ ਭਏ ਦਯਾਲਾ, ਵਿਚ ਅਕਾਲ ਪੁਰਖ ਦੀ ਦਿਆਲਤਾ ਦਾ ਵਰਨਨ ਹੈ ਤਾਂਤੇ ਸ੍ਰੀ ਭਾਗ ਮਲ ਜੀ ਨੂੰ ਟਪਲਾ ਲਗਾ ਹੈ ਜੋ ਕ੍ਰਿਪਾ ਕਰੀ ਹਮ ਪਰ ਜਗਮਾਤਾ, ਵਿਚ, ਜਗਮਾਤਾ ਸ਼ਬਦ ਅਕਾਲ ਪੁਰਖ ਲਈ ਵਰਤੇ ਗਏ ਦੱਸਣ ਦੀ ਖੇਚਲ ਕੀਤੀ ਹੈ ਜੇਕਰ ਇਥੇ ਇਹ ਕਿਹਾ ਜਾਵੇ ਕਿ ਇਕ ਗ੍ਰੰਥ ਦੇ ਨਿਰ ਵਿਘਨ ਪੂਰਨ ਹੋਣ ਵਿਚ ਇਕ ਦੀ ਹੀ ਕ੍ਰਿਪਾ ਕਿਉਂ ਨਹੀਂ ਜਣਾਈ ਕਿਉਂਕਿ ਇਕ ਦੇਵੀ ਜਾਂ ਕੇਵਲ ਅਕਾਲ ਪੁਰਖ ਹੀ ਨਿਰਵਿਘਨ ਪੂਰਨ ਕਰਵਾ ਸਕਦੇ ਸੀ, ਤਾਂ ਇਹ ਕਵੀ ਜੀ ਦੀ ਸ਼ਰਧਾ ਦੇ ਅਧੀਨ ਹੁੰਦੀ ਹੈ ਜਿਵੇਂ ਅਜ ਕਲ ਵੀ ਕਈ ਗੁਰ ਸਿਖਾਂ ਦੇ ਗ੍ਰੰਥ ਲਿਖੇ ਹੋਇ ਹਨ ਜਿਨ੍ਹਾਂ ਵਿਚ ਗ੍ਰੰਥ ਨਿਰਵਿਘਨ ਸਮਾਪਤ ਹੋਣ ਲਈ ਅਕਾਲ ਪੁਰਖ ਅਗੇ ਪ੍ਰਾਰਥਨਾ ਕੀਤੀ ਹੋਈ ਹੈ ਤੇ ਫਿਰ ਉਸੇ ਗ੍ਰੰਥ ਦੇ ਨਿਰਵਿਘਨ ਸਮਾਪਤ ਹੋਣ ਲਈ ਦਸਾਂ ਗੁਰੂ ਸਹਿਬਾਂ ਅੱਗੇ ਵੀ ਪ੍ਰਾਰਥਨਾਂ ਕੀਤੀ ਗਈ ਹੋਈ ਹੈ ਕਿੰਤੂ ਕੇਵਲ ਅਕਾਲ ਪੁਰਖ ਦੀ ਕ੍ਰਿਪਾ ਜਾਂ ਸਿਰਫ ਦਸਾਂ ਗੁਰੂ ਸਾਹਿਬਾਂ ਦੀ ਕ੍ਰਿਪਾ ਹੀ ਗ੍ਰੰਥ ਨਿਰਵਿਘਨ ਪੂਰਨ ਕਰਵਾ ਸਕਦੀ ਹੈ, ਫਿਰ ਕਿਸ ਲਈ ਦੋਂਹ ਅੱਗੇ ਪ੍ਰਾਰਥਨਾਂ ਕਰਨ ਦੀ ਲੋੜ ਪਈ ਹੈ, ਜੇਕਰ

Digitized by Panjab Digital Library | www.panjabdigilib.org

ਕਿਹਾ ਜਾਵੇ ਕਿ, ਗੁਰਸਿਖ ਅਕਾਲ ਪੁਰਖ ਤੇ ਦਸਾਂ ਗੁਰੂ ਸਾਹਿਬਾਂ ਨੂੰ ਆਪਣਾ ਇਸ਼ਟ ਮੰਨਦੇ ਹਨ ਇਸ ਲਈ ਦੋਂਹ ਅੱਗੇ ਹੀ ਪ੍ਰਾਰਥਨਾ ਕਰਦੇ ਹਨ, ਤਾਂ ਇੰਜ ਸ੍ਰੀ ਦਸਮੇਸ਼ ਜੀ ਭੀ ਅਕਾਲ ਪੁਰਖ ਅਤੇ ਸ੍ਰੀ ਦੇਵੀ ਜੀ ਦੋਹਾਂ ਨੂੰ ਆਪਣਾ ਇਸ਼ਟ ਮੰਨ ਸਕਦੇ ਸਨ ਜਿਸ ਲਈ ਦੋਹਾਂ ਦੀ ਇਥੇ ਕ੍ਰਿਪਾ ਦਾ ਵਰਨਨ ਕੀਤਾ ਹੈ।

ਜੇਕਰ ਕਿਹਾ ਜਾਵੇ ਕਿ ਦਸੇ ਗੁਰੂ ਸਾਹਿਬ ਅਕਾਲ ਪੁਰਖ ਦੇ ਭੇਜੇ ਹੋਇ ਹੋਣ ਕਰਕੇ ਵੀ ਅਕਾਲ ਪੁਰਖ ਦਾ ਸਰੂਪ ਹੀ ਸਮਝੇ ਜਾਂਦੇ ਹਨ ਤਾਂ ਇੰਜ ਸ੍ਰੀ ਦੇਵੀ ਜੀ ਭੀ ਅਕਾਲ ਪੁਰਖ ਰੂਪ ਹੀ ਸਮਝੀ ਗਈ ਹੋਵੇਗੀ ਜਿਸ ਲਈ ਸ੍ਰੀ ਦਸਮੇਸ਼ ਜੀ ਨੇ ਕਈ ਥਾਂਈ ਦੇਵੀ ਮਨਾਈ ਹੈ ਬਲਕਿ ਇਨ੍ਹਾਂ ਤ੍ਰਿਯਾਂ ਚਰਿਤ੍ਰਾਂ ਦੇ ਪਹਿਲੇ ਚਰਿਤ੍ਰ ਦੇ ਆਦਿ ਵਿਚ ਹੀ ਲਿਖਿਆ ਹੈ ਕਿ, ਸ੍ਰੀ ਭਗੌਤੀਏ ਨਮਹ ॥ ਤੂਹੀ ਖੜਗ ਧਾਰਾ ਤੂਹੀ ਬਾਢਵਾਰੀ ॥ ਤੁਹੀ ਤੀਰ ਤਰਵਾਰ ਕਾਤੀ ਕਟਾਰੀ ॥ ਹਲਬੀ ਜੁਨਬੀ ਮਗਰਬੀ ਤੁਹੀ ਹੈਂ ॥ ਨਿਹਾਰੋਂ ਜਹਾਂ ਆਪ ਠਾਢੀ ਵਹੀ ਹੈਂ......ਤੁਮੀ ਸੁੰਭ ਨੈਸੁੰਭ ਦਾਨੌ ਸੰਘਾਰੇ ॥ ੪.........

ਤਥਾ:–ਤੁਹੀ ਕੇਸਰੀ ਬਾਹਨੀ ਕੈ ਕਹਾਈ ੮...ਜਯੰਤੀ ਤੁਹੀ ਮੰਗਲਾ ਰੂਪ ਕਾਲੀ ॥ ਕਪਾਲਨਿ ਤੁਹੀ ਹੈਂ ਭਦ੍ਰ ਕਾਲੀ ॥ ਦੁਰਗਾ ਤੂੰ ਛਿਮਾਂ ਤੂੰ ਸਿਵਾ ਰੂਪ ਤੇਰੋ ॥ ਤੁਧਾਤ੍ਰੀ ਸ੍ਵਾਹਾ ਨਮਸਕਾਰ ਮੇਰੋ......ਔਰ ਮਇਯਾ ਜਾਨ ਚੇਰੋ ਮਯਾ ਮੋਹਿ ਕੀਜੈ ॥ ਚਹੌ ਚਿਤ ਮੈਂ ਜੋ ਵਹੈ ਮੋਹਿ ਦੀਜੈ ॥ ੧੯ ਪਰ ਮਲੂੰਮ ਹੁੰਦਾ ਹੈ ਕਿ ਇਥੇ ਵੀ ਸ੍ਰੀ ਮਾਨ ਜੀ ਇਹੋ ਕਹਿ

Digitized by Panjab Digital Library | www.panjabdigilib.org

ਦੇਣਗੇ ਕਿ ਇਹ ਤ੍ਰਿਲਿੰਗ ਭੇਦ ਰਹਿਤ ਅਕਾਲ ਪੁਰਖ ਨੂੰ ਹੀ ਕਿਹਾ ਹੈ ਪ੍ਰੰਤੂ ਇਹ ਪਿਛੇ ਇਸੇ ਦੇ (ੲ) ਦੇ ਉਤਰ ਵਿਚ ਦੱਸਿਆ ਗਿਆ ਹੈ ਕਿ ਇਸ ਪਹਿਲੇ ਤ੍ਰਿਯਾ ਚਰਿਤ੍ਰ ਵਿਚ ਅਕਾਲ ਪੁਰਖ ਦਾਂ ਵਰਨਨ ਨਹੀਂ, ਜੇਕਰ ਇਂਜ ਹੀ ਹੋਵੇ ਤਾਂ ਫਿਰ ਪ੍ਰਸ਼ਨ ਪੈਦਾ ਹੋਵੇਗਾ ਕਿ ਸ੍ਰੀ ਦੇਵੀ ਜੀ ਦੀ ਉਪਮਾਂ ਕੇੜ੍ਹੀ ਬਾਣੀ ਵਿਚ ਹੈ, ਇਂਜ ਤਾਂ ਚੰਡੀ, ਚਰਿਤ੍ਰ, ਚੰਡੀ ਦੀ ਵਾਰ ਵਿਚ ਭੀ ਕਿਹਾ ਜਾ ਸਕਦਾ ਸੌ ਕਿ ਇਹ ਵੀ ਤ੍ਰਿਲਿੰਗ ਭੇਦ ਰਹਿਤ ਅਕਾਲ ਪੁਰਖ ਦਾ ਹੀ ਵਰਨਨ ਹੈ, ਕਿਉਂਕਿ ਅਕਾਲ ਪੁਰਖ ਸਰਬ ਵਿਆਪਕ ਹੈ ਇਸ ਲਈ ਦੇਵੀ ਵਿਚ ਵੀ ਉਸ ਦੀ ਸੱਤਾ ਵਿਆਪਕ ਸੀ ਤਾਂਤੇ ਫਿਰ ਚੰਡੀ ਚਰਿਤ੍ਰ ਆਦਕ ਦੁਰਗਾ ਪੁਸ਼ਪਾਂਜਲੀ, ਆਦਕਾਂ ਦਾ ਟੀਕਾ ਹਨ ਇਹ ਕਹਿਣ ਦੀ ਵੀ ਕੋਈ ਲੋੜ ਨਹੀਂ ਸੀ ਪੈ ਸਕਦੀ ਅਤੇ ਨਾਂ ਹੀ ਇਹ ਕਹਿਣ ਦੀ ਕੁਛ ਲੋੜ ਰਹਿਣੀ ਸੀ ਕਿ ਸ੍ਰੀ ਦਸਮੇਸ਼ ਜੀ ਕੇਵਲ ਟੀਕਾ ਕਾਰ ਹੀ ਹਨ ਇਸ ਲਈ ਦੇਵੀ ਉਪਮਾਂ ਦੇ ਜੁਮੇਵਾਰ ਨਹੀਂ।

(ਹ) ਸਰਬ ਕਾਲ ਹੈ ਪਿਤਾ ਹਮਾਰਾ, ਬਚਿਤ੍ਰ ਨਾਟਕ ਧਿਆ ੧੪ ਵਿਚ ਪਾਠ, ਪਿਤਾ ਹਮਾਰਾ, ਨਹੀਂ ਕਿੰਤੂ ਪਾਠ ਹੈ, ਸਰਬ ਕਾਲ ਹੈ ਪਿਤਾ ਅਪਾਰਾ, ਅਤੇ ਅਰਥ ਇਸ ਦਾ ਅੰਨਵੈ ਇਂਜ ਹੈ ਕਿ ਦੇਵੀ ਕਾਲਕਾ ਮਾਤਾ ਔਰ ਅਪਾਰ ਸਰਬ ਕਾਲ ਹਮਾਰਾ ਪਿਤਾ ਹੈ, ਤਾਂਤੇ ਇਸ ਵਿਚ ਹਮਾਰਾ, ਪਦ ਪਿਤਾ ਲਈ ਹੀ ਵਰਤਿਆ ਹੋਇਆ ਹੈ ਕਿੰਤੂ ਸ੍ਰੀ ਭਾਗ ਮਲ ਜੀ ਜਾਣ ਬੁਝ ਕੇ ਅਪਾਰਾ ਦੀ ਥਾਂਵੇ 'ਹਮਾਰਾ ਪਾਠ

Digitized by Panjab Digital Library | www.panjabdigilib.org

ਲਿਖਕੇ ਤੇ ਦੇਵੀ ਕਾਲਿਕਾ ਲਈ, ਹਮਾਰਾ ਪਦ ਵਰਤਿਆ ਗਿਆ ਦਰਸਾ ਕੇ ਆਪਣਾ ਪਖ ਪੁਸ਼ਟ ਕਰਨ ਦੀ ਧੁੰਨ ਵਿਚ ਹਨ ਪ੍ਰੰਤੂ ਇੰਜ ਹੈ ਨਹੀਂ ਜੇਕਰ ਕਿਹਾ ਜਾਵੇ ਕਿ, ਹਮਾਰਾ, ਪਦ ਦਾ ਸਬੰਧ, ਦੇਵਿ ਕਾਲਿਕਾ ਮਾਤ, ਨਾਲ ਹੈ ਸਰਬਕਾਲ ਹੈ ਪਿਤਾ ਅਪਾਰਾ, ਨਾਲ ਨਹੀਂ ਤਾਂ ਵਿਦਵਾਨਾਂ ਵਿਚ ਅਰਥ ਕਰਨ ਵਿਚ ਜਿਥੇ ਕੋਈ ਪਦ ਮੇਲ ਖਾਵੇ ਓਥੇ ਹੀ ਵਰਤਿਆ ਜਾਂਦਾ ਹੈ ਇਸੇ ਲਈ ਅੰਨਵੈ ਕਰਕੇ ਅਰਥ. ਕਰਨ ਦੀ ਰੀਤੀ ਵੀ ਹੈ, ਇਸ ਤੋਂ ਕੋਈ ਵੀ ਵਿਦਵਾਨ ਨਾਂਹ ਨਹੀਂ ਕਰ ਸਕਦੇ ਤਥਾ ਜੇਕਰ ਕੋਈ ਹਠ ਵੀ ਕਰਨ ਤਾਂ ਵੀ ਇਥੇ ਕਾਮਯਾਬੀ ਨਹੀਂ ਹੋਣੀ ਕਿਉਂਕਿ ਇਹ ਸਾਰਾ ਯਤਨ ਇਸ ਲਈ ਕੀਤਾ ਜਾ ਰਿਹਾ ਹੈ ਕਿ ਜੇਕਰ ਅਰਾਧੀ (ਇਸਤ੍ਰੀ ਲਿੰਗ) ਪਦ ਅਕਾਲ ਪੁਰਖ ਲਈ ਹੀ ਵਰਤਿਆ ਗਿਆ ਸਿਧ ਕਰੀਏ ਤਾਂ, ਮਹਾਂ ਕਾਲ ਕਾਲਿਕਾ ਅਰਾਧੀ, ਦਾ ਅਰਥ ਸ੍ਰੀ ਦਸਮੇਸ਼ ਜੀ ਨੇ ਕਾਲਿਕਾ ਦੇਵੀ ਅਰਾਧੀ ਨਹੀਂ ਹੋ ਸਕੇਗਾ।

ਪ੍ਰੰਤੂ ਜੇਕਰ ਇਥੇ ਇਹੀ ਹਠ ਕਰਨ ਕਿ, ਹਮਾਰਾ, ਪਦ ਦਾ ਸਬੰਧ ਦੇਵਿ ਕਾਲਕਾ ਮਾਤ ਨਾਲ ਹੀ ਹੈ ਤਾਂ ਵੀ ਸ੍ਰੀ ਭਾਗ ਮਲ ਜੀ ਆਪਣੇ ਪੁਸਤਕ ਦੇ ਸਫਾ ੭੩ ਤੇ ਲਿਖਦੇ ਹਨ ਕਿ ਦੇਵੀ ਲਈ ਨਿਰੋਲ ਇਸਤ੍ਰੀ ਵਾਚਕ ਸ਼ਬਦ ਹੀ ਸੰਕੇਤ ਹੋਣੇ ਚਾਹੀਦੇ ਨੇ, ਕਿੰਤੂ ਇਥੇ ਹਮਾਰਾ ਪਦ ਪੁਲਿੰਗ ਹੈ ਤੇ ਦੇਵੀ ਕਾਲਿਕਾ ਮਾਤਾ ਲਈ ਵਰਤਿਆ ਗਿਆ ਹੈ ਤਾਂਤੇ ਉਪ੍ਰੋਕਤ ਸਫਾ ੭੩ ਵਾਲਾ ਕਥਨ ਗਲ਼ਤ ਸਾਬਤ ਹੋ ਗਿਆ ਬਾਕੀ ਮਹਾਂ ਕਾਲ ਕਾਲਿਕਾ ਅਰਾਧੀ, ਵਿਚੋਂ ਕਾਲਿਕਾ ਦੇਵੀ ਨਹੀਂ ਅਰਾਧੀ ਗਈ ਸਿਧ ਕਰਨ ਦੀ ਕੋਸ਼ਿਸ਼ ਕੀਤੀ

Digitized by Panjab Digital Library | www.panjabdigilib.org

ਪਰ ਇਥੇ ਉਹੋ, ਸਰਬਕਾਲ ਹੈ ਪਿਤਾ ਅਪਾਰਾ ਦੇਵਿ ਕਾਲਿਕਾ ਮਾਤ ਹਮਾਰਾ॥ ਵਿਚ ਦੇਵੀ ਕਾਲਿਕਾ ਮਾਤਾ ਹੈ ਤੇ ਸਰਬ ਕਾਲ ਅਪਾਰ, ਹਮਾਰਾ ਪਿਤਾ ਹੈ ਸਿਧ ਹੋ ਰਿਹਾ ਹੈ ਤਾਂ ਦੇਵੀ ਕਾਲਿਕਾ ਨਹੀਂ ਅਰਾਧੀ ਗਈ ਅਰਥ ਦੀ ਵੀ ਕੀ ਸਚਾਈ ਰਹਿ ਗਈ ਕਿਉਂਕਿ ਜਦ ਦੇਵੀ ਕਾਲਕਾ ਨੂੰ ਇਥੇ ਮਾਤਾ ਹੈ ਮੰਨਦੇ ਹਨ ਤਾਂ ਉਥੇ ਕਾਲਿਕਾ ਦੇਵੀ ਅਰਾਧੀ ਗਈ ਮੰਨ ਲਈ ਜਾਵੇ ਤਾਂ ਕੀ ਹਰਜ ਹੋ ਜਾਂਦਾ ਹੈ, ਜੇਕਰ ਕਿਹਾ ਜਾਵੇ ਕਿ ਇਥੇ, ਦੇਵੀ ਕਾਲਿਕਾ ਮਾਤ ਹਮਾਰਾ॥ ਵਿਚ ਵੀ, ਦੇਵੀ ਕਾਲਿਕਾ ਦਾ ਅਰਥ ਅਕਾਲ ਪੁਰਖ ਹੀ ਹੈ ਤਾਂ ਫਿਰ ਸਰਬ ਕਾਲ ਅਪਾਰਾ॥ ਦਾ ਅਰਥ ਕੀ ਹੋਵੇਗਾ ਜੇਕਰ ਸਰਬ ਕਾਲ ਅਪਾਰਾ॥ ਦਾ ਅਰਥ ਵੀ ਅਕਾਲ ਪੁਰਖ ਹੀ ਕਰਨਗੇ ਤਾਂ ਫਿਰ ਦੁਬਾਰਾ ਉਥੇ ਹੀ ਦੇਵਿ ਕਾਲਕਾ ਦਾ ਅਰਥ ਅਕਾਲ ਪੁਰਖ ਕਿਵੇਂ ਕੀਤਾ ਜਾ ਸਕੇਗਾ ਤਥਾ:-ਦੇਵਿ ਕਾਲਿਕਾ, ਦਾ ਅਰਥ ਕਿਸ ਵਯਾਕਰਨ ਜਾਂ ਵਿਧੀ ਅਨੁਸਾਰ ਇਥੇ ਅਕਾਲ ਪੁਰਖ ਕੀਤਾ ਜਾ ਸਕੇਗਾ ਅਤੇ ਪਿਛੇ ਦੱਸੇ ਅਨੁਸਾਰ ਇੰਜ ਫਿਰ ਕੇੜ੍ਹਾ ਪਦ ਹੈ ਦਸਮ ਗੁਰੂ ਗ੍ਰੰਥ ਸਾਹਿਬ ਜੀ ਵਿਚ ਜਿਸਦਾ ਅਰਥ ਸ੍ਰੀ ਦੇਵੀ ਜੀ ਕੀਤਾ ਜਾ ਸਕਦਾ ਹੈ ਕਿਉਂਕਿ ਇੰਜ ਤਾਂ ਫਿਰ ਹਰ ਇਕ ਸ਼ਬਦ ਅਤੇ ਪਦਾਂ ਦੇ ਅਰਥ ਅਕਾਲ ਪੁਰਖ ਹੀ ਹੈ ਕਰੀ ਜਾਣ ਫਿਰ ਚੰਡੀ ਚਰਿਤ੍ਰ ਆਦਕਾਂ ਵਿਚ ਵੀ ਸ੍ਰੀ ਦੇਵੀ ਜੀ ਦਾ ਯਸ਼ ਮੂਲ ਗ੍ਰੰਥਾਂ ਦਾ ਟੀਕਾ ਹੈ ਆਦਕ ਮੰਨਣ ਦੀ ਕੋਈ ਲੋੜ ਨਹੀਂ ਪੈਂਦੀ, ਤਾਂਤੇ ਧਿੰਙਾ ਜੋਰੀ ਸੇ ਕੰਮ ਨਹੀਂ ਚਲ ਸਕਦਾ ਕਿਸੇ ਨਿਜਮ

Digitized by Panjab Digital Library | www.panjabdigilib.org

ਅਨੁਸਾਰ ਹੀ ਸ਼ਬਦਾਂ ਦੇ ਅਰਥ ਕੀਤੇ ਜਾਣੇ ਚਾਹੀਦੇ ਹਨ।

(ਕ) ਪ੍ਰਿਥਮ ਕਾਲ ਸਭ ਜਗ ਕੋ ਤਾਤਾ, ਸੋਈ ਭਵਾਨੀ ਨਾਮ ਕਹਾਈ, ਆਦਕ ਵਿਚ ਵੀ ਕਹਾਇਾ, ਇਸਤ੍ਰੀ ਲਿੰਗ ਸ਼ਬਦ ਪ੍ਰਮਾਤਮਾਂ ਲਈ ਨਹੀਂ ਵਰਤਿਆ ਗਿਆ, ਇਹ ਭਵਾਨੀ ਲਈ ਵਰਤਿਆ ਗਿਆ ਹੈ ਸੋ ਭਵਾਨੀ ਇਸਤ੍ਰੀ ਹੈ ਪੁਰਸ਼ ਨਹੀਂ, ਜੇਕਰ ਇਥੇ ਇਹ ਕਿਹਾ ਜਾਵੇ ਕਿ ਪ੍ਰਮਾਤਮਾਂ ਦਾ ਤੇਜ ਹੀ ਭਵਾਨੀ ਕਹਾਈ ਹੈ ਕਿੰਤੂ ਤੈਜ, ਪੁਲਿੰਗ ਮਲੂਮ ਹੁੰਦਾ ਹੈ ਤਾਂ ਇਹ ਜਰੂਰੀ ਨਿਜਮ ਨਹੀਂ ਕਿ ਪ੍ਰਮਾਤਮਾਂ ਤ੍ਰਿਲਿੰਗ ਭੇਦ ਰਹਿਤ ਹੈ ਓਹੋ ਇਸਤ੍ਰੀ ਹੋ ਸਕਦਾ ਹੈ ਕਿੰਤੂ ਪਿਤਾ ਦਾ ਬੀਰਜ ਪੁਲਿੰਗ ਮਲੂਮ ਹੁੰਦਾ ਹੈ ਪਰ ਲੜਕੀ ਹੋ ਜਾਂਦਾ ਹੈ ਫਿਰ ਉਸ ਲੜਕੀ ਨੂੰ ਇਸਤ੍ਰੀ ਲਿੰਗ ਸ਼ਬਦਾਂ ਵਿਚ ਕਥਨ ਕੀਤਾ ਜਾਂਦਾ ਹੈ ਅਤੇ ਜੇਕਰ ਇਥੇ ਕਿਹਾ ਜਾਵੇ ਕਿ ਪਿਤਾ ਦਾ ਬੀਰਜ ਪੁਲਿੰਗ ਨਹੀਂ ਤਾਂ ਇੰਜ ਤੇਜ ਵੀ ਪੁਲਿੰਗ ਨਹੀਂ ਕਿਉਂਕਿ ਗੁਰਬਾਣੀ ਅਦੁਤੀ ਕੋਸ਼, ਸਾਈਜ ਗੁਟਕਾ ਪ੍ਰਕਾਸ਼ਕ ਭਾਈ ਪ੍ਰਤਾਪ ਸਿੰਘ ਸੁੰਦਰ ਸਿੰਘ ਪੁਸਤਕਾਂ ਵਾਲੇ ਬਜ਼ਾਰ ਮਾਈ ਸੇਵਾਂ ਅੰਮ੍ਰਿਤਸਰ ਵਿਚ ਤੇਜ ਦਾ ਅਰਥ ਸਰੀਰ ਦੀ ਜੋਤਿ ਵੀ ਕੀਤਾ ਹੈ, ਜੋਤਿ, ਪਦ ਇਸਤ੍ਰੀ ਲਿੰਗ ਮਲੂਮ ਹੁੰਦਾ ਹੈ, ਸੁਰਬ ਜੋਤਿ ਤੇਰੀ ਪਸਰਿ ਰਹੀ॥ ਰਾਮਕਲੀ ਮਃ ੧ ਵਾਕ ਵਿਚ ਜੋਤਿ ਪਦ ਪੁਲਿੰਗ ਹੁੰਦਾ ਤਾਂ ਪਾਠ ਪਸਰ ਰਿਹਾ, ਹੁੰਦਾ ਤਾਂਤੇ ਇਥੇ ਇਹ ਪ੍ਰਮਾਣ ਕੋਈ ਸਹਾਇਤਾ ਨਹੀਂ ਕਰਦਾ ਪ੍ਰਮਾਤਮਾਂ ਦਾ ਤੇਜ ਜਦ ਭਵਾਨੀ ਸਰੂਪ ਵਿਚ ਪ੍ਰਗਟ ਹੋਇਆ ਹੈ ਤਾਂ ਉਸ ਭਵਾਨੀ ਲਈ ਇਸਤ੍ਰੀ ਲਿੰਗ ਪਦ ਵਰਤਿਆ ਗਿਆ ਹੈ ਕੇਵਲ ਪ੍ਰਮਾਤਮਾਂ ਲਈ ਨਹੀਂ ਵਰਤਿਆਂ, ਜੇਕਰ

Digitized by Panjab Digital Library | www.panjabdigilib.org

ਇਥੇ ਕਿਹਾ ਜਾਵੇ ਕਿ, ਸੋਈ ਭਵਾਨੀ ਨਾਮ ਕਹਾਈ, ਜਿਨ ਸਗਰੀ ਯਿਹ ਸ੍ਰਿਸਟਿ ਉਪਾਈ (ਚੌਬੀਸ ਅਵਤਾਰ ਕਵਿਤਾ ਅੰਕ ੨੯) ਸਾਰੀ ਸ੍ਰਿਸਟੀ ਨੂੰ ਪੈਦਾ ਕਰਨ ਵਾਲੀ ਹੋਣੇ ਸੇ ਭਵਾਨੀ ਦਾ ਅਰਥ ਵੀ ਇਥੇ ਪ੍ਰਮਾਤਮਾਂ ਹੀ ਹੈ ਤਾਂ ਇਸਤੋਂ ਅਗਲੀਆਂ ਤੁਕਾਂ ਵਿਚ ਹੀ ਲਿਖਿਆ ਹੈ ਕਿ, ਤਾਂਤੇ ਜਗਤ ਭਯੋ ਬਿਸਥਾਰਾ ॥ ਪੁਰਖ ਪ੍ਰਕ੍ਰਿਤਿ ਜਬ ਦੁਹੂ ਬਿਚਾਰਾ ॥੩੦॥ ਜਗਤ ਭਯੋ ਤਾਂਤੇ ਸਭ ਜਨੀਯਤ, ਤਾਂ ਫਿਰ ਇਥੇ ਪੁਰਸ਼ ਅਤੇ ਪ੍ਰਕ੍ਰਿਤੀ ਦੋਂਹਾਂ ਨੇ ਵਿਚਾਰਾ ਲਿਖਿਆ ਹੈ ਅਤੇ ਜਗਤ ਇਨ੍ਹਾਂ ਤੋਂ ਹੋਯਾ ਜਾਣਨਾ ਹੈ ਤਾਂ ਭਵਾਨੀ ਦਾ ਸ੍ਰਿਸਟੀ = ਜਗਤ ਨੂੰ ਪੈਦਾ ਕਰਨ ਵਾਲੀ ਹੋਣ ਕਰਕੇ ਕੇਵਲ ਪ੍ਰਮਾਤਮਾਂ ਅਰਥ ਕਿਵੇਂ ਕੀਤਾ ਜਾ ਸਕੇਗਾ, ਕਿਉਂਕਿ ਜੇਕਰ ਕੇਵਲ ਪ੍ਰਮਾਤਮਾਂ ਨੇ ਹੀ ਸ੍ਰਿਸਟੀ ਦੀ ਰਚਨਾਂ ਕੀਤੀ ਹੈ ਤਾਂ ਫਿਰ ਪੁਰਸ਼ ਪ੍ਰਕ੍ਰਿਤੀ ਦੋਂਹ ਨੇ, ਕੀ ਵਿਚਾਰਿਆ ਤੇ ਜਗਤ ਭਯੋ ਤਾਂਤੇ ਸਭ ਜਨੀਯਤ ਕੀ ਸਿਧ ਕਰੇਗਾ।

ਜੇਕਰ ਕਿਹਾ ਜਾਵੇ ਕਿ ਇਥੇ ਪੁਰਸ਼ ਅਤੇ ਪ੍ਰਕ੍ਰਿਤੀ ਇਕੋ ਚੀਜ਼ ਹੈ ਤਾਂ ਦੋਂਹ ਬਿਚਾਰਾ, ਪਾਠ ਕੀ ਸਿੱਧ ਕਰਦਾ ਹੈ ਜੇਕਰ ਪੁਰਸ਼ ਅਤੇ ਪ੍ਰਕ੍ਰਿਤੀ ਦੋ ਚੀਜ਼ਾਂ ਸਾਬਤ ਕਰਦਾ ਹੈ ਤਾਂ ਉਪ੍ਰੋਕਤ ਭਵਾਨੀ ਦਾ ਅਰਥ ਕੇਵਲ ਪ੍ਰਮਾਤਮਾਂ ਕਿਵੇਂ ਕੀਤਾ ਜਾ ਸਕਦਾ ਹੈ ਤਥਾ:-ਜੇਕਰ ਕਿਹਾ ਜਾਵੇ ਕਿ ਪ੍ਰਮਾਤਮਾਂ ਦਾ ਤੇਜ ਹੀ ਭਵਾਨੀ ਰੂਪ ਹੋਇਆ ਹੈ ਇਸ ਲਈ ਉਹ ਪ੍ਰਮਾਤਮਾਂ ਸਰੂਪ ਹੀ ਹੈ ਤਾਂ ਇੰਜ ਪਿਛੇ ਇਸੇ ਦੇ ਪ੍ਰਸ਼ਨ ਨੰਬਰ ੨੫ ਦੇ ਉਤਰ ਵਿਚ ਵੀ ਦੱਸਿਆ ਹੈ ਕਿ ਏਹੁ ਵਿਸੁ ਸੰਸਾਰ ਤੁਮ ਦੇਖਦੇ ਹਰਿਕਾ ਰੂਪ ਹੈ ਅਥਵਾ ਜੋ ਦੀਸੈ ਸੋ ਤੇਰਾ ਰੂਪ ਜਾਂ,

Digitized by Panjab Digital Library | www.panjabdigilib.org

ਅਨਿਕ ਭਾਂਤਿ ਹੋਇ ਪਸਰਿਆ ਨਾਨਕ ਏਕੰਕਾਰੁ ॥ ਥਿਤ ਗਉੜੀ ਮ: ੫ ॥ ਇਹ ਸੰਸਾਰ ਵੀ ਸਾਰਾ ਪ੍ਰਮਾਤਮਾਂ ਸਰੂਪ ਹੀ ਹੈ ਤਾਂ ਫਿਰ ਇਸ ਸੰਸਾਰ ਦਾ ਪ੍ਰਮਾਤਮਾਂ ਨਾਲੋਂ ਅਲਗ ਵਰਨਨ ਨਹੀਂ ਹੋਣਾ ਚਾਹੀਦਾ ਪ੍ਰੰਤੂ ਇਸ ਸੰਸਾਰ ਦਾ, ਕੂੜ ਸਭ ਸੰਸਾਰ, ਸੁਪਨੈ ਜਿਉ ਸੰਸਾਰ ॥ ਜਗ ਰਚਨਾਂ ਸਭ ਝੂਠ ਹੈ, ਆਦਕ ਵਾਕਾਂ ਵਿਚ ਅਲਗ ਸਰੂਪ ਵੀ ਵਰਨਨ ਕੀਤਾ ਹੈ ਤਾਂਤੇ ਭਵਾਨੀ ਦਾ ਵੀ ਪ੍ਰਮਾਤਮਾਂ ਨਾਲੋਂ ਇਥੇ ਅਲਗ ਕਥਨ ਹੈ ਕਿ, ਜਿਨਿ ਸਗਰੀ ਯਿਹ ਸ੍ਰਿਸਟਿ ਉਪਾਈ ॥ ਹੈ ਪਹਿਲੇ, ਫਿਰ ਓਹੋ ਭਵਾਨੀ ਸਰੂਪ ਹੋਈ ਹੈ।

ਜੇਕਰ ਕਿਹਾ ਜਾਵੇ ਕਿ ਭਵਾਨੀ ਦਾ ਪ੍ਰਮਾਤਮਾਂ ਨਾਲੋਂ ਕੋਈ ਵਖਰਾ ਸਰੂਪ ਕਦੀ ਨਹੀਂ ਹੋਯਾ ਇਸ ਲਈ ਅਲਗ ਕਥਨ ਵੀ ਨਹੀਂ ਤਾਂ ਫਿਰ ਪ੍ਰਸ਼ਨ ਪੈਦਾ ਹੁੰਦਾ ਹੈ ਕਿ ਪ੍ਰਮਾਤਮਾਂ ਦੇ ਤੇਜ ਨੇ ਭਵਾਨੀ ਨਾਮ ਕਿਉਂ ਕਹਾਯਾ ਕਿਉਂਕਿ ਭਵਾਨੀ ਨਾਮ ਤਾਂ ਸ਼ਿਵਜੀ ਦੀ ਘਰ ਵਾਲੀ ਧਰਮ ਪਤਨੀ ਤੋਂ ਹੀ ਪ੍ਰਸਿਧ ਹੈ।

**(੩੦) ਪ੍ਰਸ਼ਨ**—ਗੁਰਮਤ ਦਰਸ਼ਨ ਸਫਾ ੭੨ ਤੇ ਲਿਖਿਆ ਹੈ ਕਿ, ਕਾਲਿਕਾ ਅਰਾਧੀ ਪਾਠ ਨੂੰ ਇਸਤ੍ਰੀ ਲਿੰਗ ਦੀ ਓਟ ਲੈਕੇ ਦੇਵੀ ਅਰਾਧੀ ਅਰਥ ਮੰਨਿਆ ਜਾਵੇ ਤਾਂ ਮਹਾਂਕਾਲ ਦਾ ਕੀ ਅਰਥ ਕਰੋਗੇ।

**ਉੱਤਰ**—ਇਹ ਪਿਛੇ ਪ੍ਰਸ਼ਨ ਨੰਬਰ ੨੯ ਦੇ ਅਖੀਰ ਤੇ ਮਹਾਂਕਾਲ, ਦਾ ਅਰਥ ਮਹਾਂ (ਬਹੁਤ) ਕਾਲ (ਸਮਾਂ) ਕੀਤਾ ਗਿਆ ਹੈ ਕਿ ਬਹੁਤ ਸਮਾਂ ਕਾਲਿਕਾ (ਦੇਵੀ) ਅਰਾਧੀ ਹੈ

Digitized by Panjab Digital Library | www.panjabdigilib.org

ਪ੍ਰੰਤੂ ਮਹਾਂਕਾਲ ਦਾ ਅਰਥ ਇਥੇ ਅਕਾਲ ਪੁਰਖ ਕਰਕੇ ਤੇ ਸ੍ਰੀ ਮਾਨ ਜੀ ਉਪ੍ਰੋਕਤ ਤੁਕ ਵਿਚੋਂ ਕਾਲਿਕਾ, ਦਾ ਅਰਥ ਕੀ ਕਰਨਗੇ ਕਿਉਂਕਿ ਪਾਠ ਹੈ ਮਹਾਂਕਾਲ ਕਾਲਿਕਾ ਅਰਾਧੀ, ਕੇਵਲ ਮਹਾਂਕਾਲ ਅਰਾਧੀ, ਪਾਠ ਨਹੀਂ, ਜੇਕਰ ਕਹਿਣ ਕਿ ਕਾਲਿਕਾ, ਪਦ ਕੋਈ ਅਕਾਲ ਪੁਰਖ ਦਾ ਵਿਸ਼ੇਸ਼ਣ ਹੈ ਤਾਂ ਫਿਰ ਪ੍ਰਮਾਤਮਾਂ ਦੇ ਹਰ ਇਕ ਨਾਮ ਨਾਲ ਇਹ ਕਾਲਿਕਾ ਪਦ ਲਿਖਣਾ ਚਾਹੀਦਾ ਸੀ ਅਤੇ ਜੇਕਰ ਪ੍ਰਮਾਤਮਾਂ ਨਾਲੋਂ ਇਹ ਕਾਲਿਕਾ ਕੋਈ ਵਖਰੀ ਚੀਜ ਹੈ ਤਾਂ ਉਹ ਕੀ ਹੈ, ਫਿਰ ਉਸਨੂੰ ਵੀ ਗੁਰੂ ਜੀ ਨੇ ਕਿਉਂ ਧਿਆਇਆ ਔਰ ਜੇਕਰ ਪ੍ਰਮਾਤਮਾਂ ਨਾਲੋਂ ਕੋਈ ਵਖਰੀ ਚੀਜ ਨਹੀਂ ਕੇਵਲ ਪ੍ਰਮਾਤਮਾਂ ਸਰੂਪ ਹੀ ਹੈ ਤਾਂ ਫਿਰ ਇਥੇ ਮਹਾਂਕਾਲ, ਨਾਲ ਹੋਰ ਕਾਲਿਕਾ, ਨਾਮ ਵਖਰਾ ਕਿਉਂ ਲਿਖਿਆ, ਜੇਕਰ ਇਥੇ ਇਹ ਕਿਹਾ ਜਾਵੇ ਕਿ, ਕਾਲਿਕਾ, ਦਾ ਅਰਥ ਵੀ ਅਕਾਲ ਪੁਰਖ ਹੀ ਹੈ ਤਾਂ ਅਕਾਲ ਪੁਰਖ ਦੇ ਕਿਸ ਗੁਣ ਕਰਮ ਨੂੰ ਲੈ ਕੇ, ਕਾਲਿਕਾ, ਨਾਮ ਅਕਾਲ ਪੁਰਖ ਦਾ ਪ੍ਰਸਿੱਧ ਹੋਇਆ, ਤੇ ਮਹਾਂ ਕਾਲ ਨਾਮ ਪ੍ਰਮਾਤਮਾਂ ਦਾ ਲਿਖਣ ਕਰਕੇ ਜਦ ਪ੍ਰਮਾਤਮਾਂ ਨੂੰ ਅਰਾਧਨ ਦਾ ਗਿਆਨ ਹੋ ਗਿਆ ਤਾਂ ਫਿਰ ਕਾਲਿਕਾ ਨਾਮ ਪ੍ਰਮਾਤਮਾਂ ਦਾ ਕੀ ਜਣਾਉਣ ਲਈ ਲਿਖਿਆ।

ਬਾਕੀ ਆਪ ਜੀ ਦੇ ਹਮ ਖਿਆਲੀ ਸ੍ਰ: ਬ: ਸ੍ਰ: ਕਾਹਨ ਸਿੰਘ ਨਾਭਾ ਜੀ ਨੇ ਆਪਣੇ ਰਚੇ ਮਹਾਨ ਕੋਸ਼ ਵਿਚ, ਕਾਲਿਕਾ, ਪਦ ਦੇ ਪੰਜ ਅਰਥ ਕੀਤੇ ਹਨ ਕਿੰਤੂ ਅਕਾਲ ਪੁਰਖ ਅਰਥ ਵਿਚ ਕੋਈ ਨਹੀਂ ਕੀਤਾ ਯਥਾ:—ਕਾਲਿਕਾ,

Digitized by Panjab Digital Library | www.panjabdigilib.org

ਸੰ. ਸੰਗਯਾ–ਸਿਆਹੀ ਕਾਲਸ ੨ ਕਾਲੇ ਰੰਗ ਦੀ ਦੇਵੀ ਕਾਲੀ, ੩ ਜਲਭਰੀ ਮੇਘ ਮਾਲਾ ੪ ਕਾਲ ਕੜਛੀ ਚਿੜੀ. ਸ਼ਜਾਮਾਂ ੫ ਕਾਲ ਭਗਵਾਨ ਦੀ ਉਹ ਸ਼ਕਤਿ ਜਿਸ ਨਾਲ ਸਾਰੇ ਸੰਸਾਰ ਨੂੰ ਲੈਕਰਦਾ ਹੈ ਸੰਹਾਰ ਸ਼ਕਤਿ (ਦੂਜੀ ਜਿਲਦ ਸਫਾ ੯੬੯) ਇਨ੍ਹਾਂ ਵਿਚੋਂ ਪੰਜਵਾਂ ਕਾਲ ਦੀ ਸੰਹਾਰ ਸ਼ਕਤੀ ਹੈ ਪ੍ਰੰਤੂ ਪ੍ਰਮਾਤਮਾਂ ਕਾਲ ਦਾ ਭੀ ਕਾਲ ਹੈ ਯਥਾ:–ਨਮੋ ਕਾਲ ਕਾਲੇ (੨੩ ਜਾਪ ਸਾਹਿਬ) ਤਾਂਤੇ ਪ੍ਰਮਾਤਮਾਂ ਅਰਥ ਕੋਈ ਨਹੀਂ ਅਤੇ ਜੇਕਰ ਕੋਈ ਹਠ ਵੀ ਕੀਤਾ ਜਾਵੇ ਤਾਂ ਫਿਰ, ਇਕ ਲਾਇ ਦੀਬਾਣ (ਜਪੁਜੀ ਸਾਹਿਬ) ਵਾਕ ਅਨੁਸਾਰ ਸੰਸਾਰ ਨੂੰ ਲੈ ਕਰਨ ਵਾਲਾ ਸ਼ਿਵਜੀ ਹੀ ਸਿਧ ਹੋ ਗਿਆ ਜਿਸ ਦੀ ਉਪਾਸ਼ਨਾਂ ਦੇ ਸ੍ਰੀ ਭਾਗ ਮਲ ਜੀ ਵਿਰੁਧ ਹਨ।

ਤਥਾ:–ਜੇ ਕਿਹਾ ਜਾਵੇ ਕਿ, ਮਹਾਂ ਕਾਲ ਤੇ ਕਾਲਿਕਾ ਇਹ ਦੋਵੇਂ ਪਦ ਇਕਠੇ ਹੀ ਪ੍ਰਮਾਤਮਾਂ ਦੇ ਬੋਧਕ ਹਨ ਤਾਂ ਫਿਰ ਜਿਥੇ, ਮਹਾਂ ਕਾਲ ਪੁਨਿ ਜੀਜ ਮੈ ਕੋਪਾ॥ (ਕਵਿਤਾ ਅੰਕ ੩੭੨ ਚਰਿਤ੍ਰ ੪੦੫) ਆਦਕ ਵਾਕ ਹਨ ਉਥੇ ਇਕਲੇ ਮਹਾਂ ਕਾਲ ਦਾ ਅਰਥ ਪ੍ਰਮਾਤਮਾਂ ਕਿਵੇਂ ਕੀਤਾ ਜਾ ਸਕੇਗਾ ਔਰ ਜੇਕਰ ਕਿਹਾ ਜਾਵੇ ਕਿ, ਕਾਲਿਕਾ, ਕਾਲ ਦੀ ਸੰਹਾਰ ਸ਼ਕਤੀ ਸਹਿਤ ਅਕਾਲ ਪੁਰਖ ਨੂੰ ਅਰਾਧਿਆ ਅਰਥ ਹੋ ਸਕਦਾ ਹੈ, ਤਾਂ ਫਿਰ ਪ੍ਰਸ਼ਨ ਹੁੰਦਾ ਹੈ ਕਿ, ਕੇਵਲ ਪ੍ਰਮਾਤਮਾਂ ਦੀ ਅਰਾਧਨਾ ਸੇ ਕੀ ਕਾਮਯਾਬੀ ਨਹੀਂ ਹੋ ਸਕਦੀ ਜਿਸ ਲਈ ਨਾਲ ਮਦਤ ਵਾਸਤੇ ਕਾਲ ਦੀ ਸੰਹਾਰ ਸ਼ਕਤੀ ਦੀ ਵੀ ਅਰਾਧਨਾਂ ਕੀਤੀ ਗਈ ਮੰਨੀਏ, ਜੇਕਰ ਇੰਜ ਵੀ ਹੋਵੇ ਤਾਂ ਜਿਥੇ ਜਿਥੇ ਕਾਲ ਦੀ

Digitized by Panjab Digital Library | www.panjabdigilib.org

ਸੰਹਾਰ ਸ਼ਕਤੀ ਤੋਂ ਬਿਨਾਂ ਕੇਵਲ ਪ੍ਰਮਾਤਮਾਂ ਨੂੰ ਹੀ ਗੁਰਬਾਣੀ ਵਿਚ ਅਰਾਧਿਆ ਹੈ ਓਥੇ ਓਥੇ ਉਹ ਅਰਾਧਨਾਂ ਕੀ ਫਿਰ ਪੂਰੀ ਨਹੀਂ ਮੰਨੀ ਜਾਵੇਗੀ ਜੇਕਰ ਪੂਰੀ ਮੰਨੀ ਜਾ ਸਕਦੀ ਹੈ ਤੇ ਨਾਲ ਕਾਲ ਦੀ ਸੰਹਾਰ ਸ਼ਕਤੀ ਦੀ ਵੀ ਅਰਾਧਨਾ ਕੀਤੀ ਜਾਵੇ ਤਾਂ ਵੀ ਅਰਾਧਨਾਂ ਪੂਰੀ ਮੰਨੀ ਜਾ ਸਕਦੀ ਹੈ ਤਾਂ ਤਿਵੇਂ ਨਾਲ ਦੇਵੀ (ਪ੍ਰਮਾਤਮਾਂ ਦੀ ਸ਼ਕਤੀ ਦੇ ਅਵਤਾਰ) ਦੀ ਅਰਾਧਨਾਂ ਕਰਨੇ ਸੇ ਵੀ ਪ੍ਰਮਾਤਮਾਂ ਦੀ ਅਰਾਧਨਾਂ ਅਧੂਰੀ ਨਹੀਂ ਮੰਨੀ ਜਾ ਸਕਦੀ, ਤਾਂਤੇ ਸਿਧੀ ਗਲ਼ ਹੈ ਕਿ, ਮਹਾਂਕਾਲ ਦਾ ਅਰਥ ਇਥੇ ਪ੍ਰਮਾਤਮਾਂ ਨਹੀਂ ਕਿੰਤੂ ਬਹੁਤ ਕਾਲ ਹੈ ਅਤੇ ਕਾਲਿਕਾ ਦਾ ਅਰਥ ਸ੍ਰੀ ਕਾਲੀ ਦੇਵੀ ਹੈ।

**(੩੧) ਪ੍ਰਸ਼ਨ**--ਗੁਰਮਤ ਦਰਸ਼ਨ ਸਫਾ ੭੨ ਤੇ ਲਿਖਿਆ ਹੈ ਕਿ ਉਤੇ ਦਿਤੇ ਪ੍ਰਮਾਣਾਂ ਵਿਚ ਜੋ ਏਕਾ ਮਾਈ ਵਾਲਾ ਪ੍ਰਮਾਣ ਹੈ ਉਸਦਾ ਕੀ ਅਰਥ ਕਰੋਗੇ ਕਿਉਂਕਿ ਏਕਾ ਮਾਈ ਪਾਠ ਵਿਚ ਮਾਈ, ਇਸਤ੍ਰੀ ਲਿੰਗ ਸ਼ਬਦ ਹੈ ਪਰ ਇਸੇ ਮਾਈ ਨੂੰ ਇਸ ਤੋਂ ਅਗਲੀ ਪਉੜੀ ਵਿਚ, ਕਰਿ ਕਰਿ ਵੇਖੈ ਸਿਰਜਨਹਾਰ......ਤੋ ਹੀ ਪ੍ਰਤੱਖ ਦਿਸ ਰਿਹਾ ਹੈ ਕਿ ਇਥੇ ਮਾਈ ਪਾਠ ਅਕਾਲ ਪੁਰਖ ਬੋਧਕ ਹੈ......ਤਿਵੇਂ ਹੀ, ਦੇਵਿ ਕਾਲਕਾ ਮਾਤ ਹਮਾਰਾ, ਪਾਠ ਵਿਚ ਹਮਾਰਾ ਪਦ ਪੁਲਿੰਗ ਹੈ, ਪ੍ਰੰਤੂ ਕਾਲਿਕਾ ਅਰਾਧੀ, ਦਾ ਅਰਥ ਦੇਵੀ ਅਰਾਧੀ ਕਰਨ ਤੋਂ ਫਿਰ, ਦੇਵਿ ਕਾਲਿਕਾ ਮਾਤ ਹਮਾਰੀ, ਪਾਠ ਹੋਣਾ ਚਾਹੀਦਾ ਸੀ।

**ਉੱਤਰ**—ਏਕਾ ਮਾਈ ਜੁਗਤਿ ਵਿਆਈ, ਪ੍ਰਮਾਣ ਦਾ

Digitized by Panjab Digital Library | www.panjabdigilib.org

ਉਤਰ ਪਿਛੇ ਦਿਤਾ ਜਾ ਚੁਕਾ ਹੈ ਕਿ ਇਹ ਮਾਈ = ਮਾਤਾ ਦੇ ਅਲੰਕਾਰ ਸੇ ਰੂਪਕ ਕਥਨ ਹੈ ਕੇਵਲ ਸੂਚਨਾਂ ਮਾਤ੍ਰ ਦਾ ਕਥਨ ਨਹੀਂ, ਜੇਕਰ ਹਠ ਹੀ ਹੈ ਤਾਂ ਵਿਚ, ਵਿਆਈ, ਪਦ ਵੀ ਪ੍ਰਤਖ ਦਿਸ ਰਿਹਾ ਹੈ ਉਸਦਾ ਅਰਥ ਕੀ ਕੀਤਾ ਜਾਵੇਗਾ, ਕੀ ਤ੍ਰਿਲਿੰਗ ਭੇਦ ਰਹਿਤ ਨਿਰਾਕਾਰ ਅਕਾਲ ਪੁਰਖ ਪ੍ਰਸੂਤ ਹੋਇਆ, ਇਕ ਪਾਸੇ ਜਦ ਅਕਾਲ ਪੁਰਖ ਦਾ ਚਿੰਨ੍ਹ ਹੀ ਕੋਈ ਨਹੀਂ ਮੰਨ ਰਹੇ ਹਨ ਤਾਂ ਫਿਰ ਉਸਦਾ ਪ੍ਰਸੂਤ ਹੋਣਾ ਕਿਵੇਂ ਮੰਨਿਆ ਜਾ ਸਕੇਗਾ, ਕਿੰਤੂ ਜੇਕਰ ਇਹੀ ਹਠ ਕੀਤਾ ਜਾਵੇ ਕਿ ਪ੍ਰਮਾਤਮਾਂ ਤ੍ਰਿਲਿੰਗ ਭੇਦ ਰਹਿਤ ਹੈ ਇਸ ਲਈ ਉਸਨੂੰ ਇਸਤ੍ਰੀ ਲਿੰਗ ਸ਼ਬਦਾਂ ਵਿਚ ਵੀ ਵਰਨਨ ਕੀਤਾ ਜਾ ਸਕਦਾ ਹੈ ਤਾਂ ਇਹੀ ਸ੍ਰੀ ਮਾਨ ਭਾਗ ਮਲ ਜੀ ਆਪਣੇ ਰਚੇ ਗੁਰਮਤ ਦਰਸ਼ਨ ਦੇ ਸਫਾ ੧੯–੨੦ ਤੇ ਲਿਖ ਰਹੇ ਹਨ ਕਿ ਮਹਾਂਕਾਲ ਸਾਹਿਬ ਰਾਜਨ ਕੇ ਰਾਜਾ, ਗ੍ਰੀਬ ਨਿਵਾਜਾ ਆਦੀ ਦੇਵੀ ਵਾਸਤੇ ਕਦਾ ਚਿਤ ਹੀ ਨਹੀਂ ਵਰਤੇ ਜਾ ਸਕਦੇ, ਇਹ ਪਦ ਕੇਵਲ ਅਕਾਲ ਬੋਧਕ ਹੀ ਹੋ ਸਕਦੇ ਹਨ,......ਆਪ ਇਤਨੀ ਵਿਚਾਰ ਵੀ ਨਹੀਂ ਕਰ ਸਕਦੇ ਕਿ ਮਹਾਂਕਾਲ ਆਦੀ ਉਪ੍ਰੋਕਤ ਸਾਰੇ ਪਦ ਪੁਲਿੰਗ ਹਨ ਪ੍ਰੰਤੂ ਦੇਵੀ ਲਈ ਕੇਵਲ ਇਸਤ੍ਰੀ ਲਿੰਗ ਹੀ ਪਦ ਚਾਹੀਦੇ ਨੇ, ਜਦ ਇਕ ਪਾਸੇ ਇਹ ਸ੍ਰੀ ਮਾਨ ਜੀ ਉਥੇ ਲਿਖ ਰਹੇ ਹਨ ਕਿ ਰਾਜਨ ਕੇ ਰਾਜਾ, ਗ੍ਰੀਬ ਨਿਵਾਜਾ ਆਦੀ ਸਾਰੇ ਪਦ ਪੁਲਿੰਗ ਹਨ ਇਹ ਕੇਵਲ ਅਕਾਲ ਪੁਰਖ ਬੋਧਕ ਹੀ ਹੋ ਸਕਦੇ ਹਨ ਤੇ ਇਥੇ ਇਸਤ੍ਰੀ ਲਿੰਗ ਪਦ ਵੀ ਅਕਾਲ ਪੁਰਖ ਲਈ ਵਰਤੇ ਜਾ ਸਕਦੇ ਹਨ ਕਹਿ ਰਹੇ ਹਨ ਪਤਾ ਨਹੀਂ ਉਥੇ ਅਕਾਲ ਪੁਰਖ ਤ੍ਰਿਲਿੰਗ

Digitized by Panjab Digital Library | www.panjabdigilib.org

ਭੇਦ ਰਹਿਤ ਨਹੀਂ ਸੀ ਜਿਸ ਲਈ ਪੁਲਿੰਗ ਪਦ ਹੀ ਕੇਵਲ ਅਕਾਲ ਪੁਰਖ ਬੋਧਕ ਹੋ ਸਕਦੇ ਹਨ ਦੀ ਸੂਚਨਾਂ ਦਿਤੀ ਗਈ ਹੈ।

ਬਾਕੀ ਰਿਹਾ, ਦੇਵੀ ਲਈ ਕੇਵਲ ਇਸਤ੍ਰੀ ਲਿੰਗ ਪਦ ਹੀ ਚਾਹੀਦੇ ਨੇ, ਪ੍ਰੰਤੂ ਚੰਡੀ ਚਰਿਤ੍ਰ ਦੂਜਾ ਦੇਵੀ ਉਸਤਤੀ ਛੰਦ ੨੩੩ ਵਿਚ ਗੁਰੂ ਜੀ ਨੇ, ਨਮੋ ਦੋਖ ਦਾਹੀ ਨਮੋ ਦੁਖਿਯ ਹਰਤਾ॥ ਨਮੋ ਸ਼ਸਤ੍ਰਣੀ ਅਸਤ੍ਰਣੀ ਕਰਮ ਕਰਤਾ॥ ਦੇਵੀ ਲਈ ਹਰਤਾ, ਕਰਤਾ, ਪੁਲਿੰਗ ਪਦ ਵਰਤੇ ਹਨ, ਜਿਨ੍ਹਾਂ ਨੂੰ ਸ੍ਰੀ ਭਾਗ ਮਲ ਜੀ ਗੁਰਮਤ ਦਰਸ਼ਨ ਸਫਾ ੭੨ ਸਤਰ ੨੨ ਵਿਚ ਲਿਖ ਰਹੇ ਹਨ ਕਿ, ਹਰਤਾ ਅਤੇ ਕਰਤਾ ਪੁਰਸ਼ ਵਾਚੂ ਸ਼ਬਦ ਹਨ, ਜੇਕਰ ਕਿਹਾ ਜਾਵੇ ਕਿ ਦੇਵੀ ਲਈ ਪੁਲਿੰਗ ਪਦ ਕਿਉਂ ਵਰਤੇ ਗਏ ਤਾਂ ਇਹ ਪਿਛੇ ਦੱਸ ਚੁਕੇ ਹਾਂ ਕਿ ਇਸਤ੍ਰੀ ਲਈ ਪਲਿੰਗ ਸ਼ਬਦ ਉਪਮਾਂ ਰੂਪ ਹੁੰਦੇ ਹਨ ਇਸ ਲਈ ਇਸਤ੍ਰੀ ਉਪਮਾਂ ਹਿਤ ਵਰਤੇ ਜਾ ਸਕਦੇ ਹਨ ਪ੍ਰੰਤੂ ਪੁਰਸ਼ ਲਈ ਇਸਤ੍ਰੀ ਲਿੰਗ ਸ਼ਬਦ ਕੋਈ ਉਪਮਾਂ ਰੂਪ ਨਹੀਂ ਬਣਦੇ ਇਸ ਲਈ ਪੁਰਸ਼ ਉਪਮਾਂ ਹਿਤ ਨਹੀਂ ਵਰਤੇ ਜਾਂਦੇ ਕਿੰਤੂ ਕਿਸੇ ਅਲੰਕਾਰ ਸੇ ਰੂਪਕ ਕਥਨ ਜਾਂ ਆਪਨੀ ਰਖਿਆ ਹਿਤ ਆਦਕ ਕਾਰਨਾਂ ਕਰਕੇ ਪੁਰਸ਼ ਲਈ ਵੀ ਵਰਤੇ ਜਾ ਸਕਦੇ ਹਨ।

ਔਰ ਦੇਵਿ ਕਾਲਕਾ ਮਾਤ ਹਮਾਰਾ॥ ਪ੍ਰਮਾਣ ਦਾ ਵੀ ਉਤਰ ਪਿਛੇ ਦਿਤਾ ਜਾ ਚੁਕਾ ਹੈ ਕਿ ਹਮਾਰਾ ਪਦ ਦਾ ਅਨਵੈ ਕਰਕੇ ਸਰਬ ਕਾਲ ਹੈ ਪਿਤਾ ਅਪਾਰਾ ਨਾਲ ਸਬੰਧ ਹੈ, ਦੇਵੀ ਕਾਲਿਕਾ ਮਾਤ, ਨਾਲ ਨਹੀਂ ਕਿੰਤੂ ਜੇਕਰ ਹਠ ਹੀ

Digitized by Panjab Digital Library | www.panjabdigilib.org

ਕੀਤਾ ਜਾਵੇ ਕਿ ਇਥੇ ਹਮਾਰਾ ਪਦ, ਦਾ ਸਬੰਧ ਦੇਵਿ ਕਾਲਿਕਾ ਮਾਤ, ਨਾਲ ਹੀ ਹੈ ਤਾਂ ਵੀ ਉਪ੍ਰੋਕਤ ਦੇਵੀ ਲਈ ਹਰਤਾ, ਕਰਤਾ ਪੁਲਿੰਗ ਪਦ ਵਰਤੇ ਗਏ ਅਨੁਸਾਰ ਇਥੇ ਵੀ ਹਮਾਰਾ ਪਦ ਪੁਲਿੰਗ ਦੇਵੀ ਮਾਤਾ ਲਈ ਵਰਤਿਆ ਗਿਆ ਮੰਨ ਸਕਦੇ ਹਨ, ਕੋਈ ਹਰਜ ਨਹੀਂ ਹੋਵੇਗਾ ਜੇਕਰ ਕਿਹਾ ਜਾਵੇ ਕਿ, ਹਮਾਰਾ ਪਦ ਦਾ ਸਬੰਧ, ਸਰਬ ਕਾਲ ਹੈ ਪਿਤਾ ਅਪਾਰਾ, ਨਾਲ ਕੀਤਾ ਜਾਵੇ ਤਾਂ ਫਿਰ, ਦੇਵਿ ਕਾਲਿਕਾ ਮਾਤ, ਲਈ ਹਮਾਰੀ ਪਦ ਦੀ ਜਰੂਰਤ ਹੋਵੇਗੀ, ਤਾਂ ਅਰਥ ਕਰਨ ਵਿਚ ਉਤੋਂ ਗ੍ਰਹਿਣ ਹੋ ਸਕਦਾ ਹੈ ਇਹ ਕੋਈ ਵਡੀ ਗਲ ਨਹੀਂ ਕਿਉਂਕਿ ਅਰਥ ਕਰਨ ਵਿਚ ਵਿਦਵਾਨਾਂ ਦਾ ਨਿਯਮ ਹੈ ਕਿ ਯੋਗਤਾ ਅਨੁਸਾਰ ਜਿਸ ਪਦ, ਕ੍ਰਿਯਾ ਦੀ ਜਰੂਰਤ ਹੋਵੇ ਉਸ ਦਾ ਉਤੋਂ ਗ੍ਰਹਿਣ ਹੋ ਸਕਦਾ ਹੈ ਜਿਵੇਂ, ਪਖਾ ਪਾਣੀ ਪੀਸਿ ਬਿਗਸਾਂ ਪੈਰ ਧੋਇ, ਗੂਜਰੀ ਕੀ ਵਾਰ ਮ: ੫ ॥ ਇਸ ਵਾਕ ਵਿਚ ਪਖੇ ਅਤੇ ਚੱਕੀ ਵਾਸਤੇ ਝਲਾਂ ਔਰ ਪੀਹਣਾਂ ਇਹ ਪਦ ਉਤੋਂ ਗ੍ਰਹਿਣ ਕਰਨੇ ਪੈਂਦੇ ਹਨ ਨਹੀਂ ਤਾਂ ਕੇਵਲ ਧੋਇ, ਪਦ, ਦਾ ਪਖੇ, ਚੱਕੀ, ਨਾਲ ਸਬੰਧ ਨਹੀਂ ਕੀਤਾ ਜਾ ਸਕਦਾ, ਕਿਉਂਕਿ ਧੋਇ ਦਾ ਅਰਥ ਹੈ, ਧੋਕੇ ਭਾਵ ਪਾਣੀ ਨਾਲ ਪੈਰ ਧੋਕੇ ਪਖਾ ਝਲਾਂ ਤੇ ਚੱਕੀ ਪੀਹਵਾਂ ਤੇ ਪ੍ਰਸੰਨ ਹੋਵਾਂ, ਤਾਂਤੇ ਪਖੇ ਅਤੇ ਚੱਕੀ ਨੂੰ ਧੋਣਾ ਨਹੀਂ ਕਿੰਤੂ ਝਲਣਾ ਤੇ ਪੀਹਣਾ ਹੈ ਇਸ ਲਈ ਝਲਾਂ ਅਤੇ ਪੀਹਵਾਂ ਦਾ ਉਤੋਂ ਗ੍ਰਹਿਣ ਹੁੰਦਾ ਹੈ।

## (੩੨) ਪ੍ਰਸ਼ਨ—ਗੁਰਮਤ ਦਰਸ਼ਨ ਸਫਾ ੭੨-੭੩

Digitized by Panjab Digital Library | www.panjabdigilib.org

ਤੇ ਲਿਖਿਆ ਹੈ ਕਿ ਨਮੋ ਪਰਮ ਗਿਆਤਾ, ਨਮੋ ਲੋਕ ਮਾਤਾ, ਤਥਾ ਕ੍ਰਿਪਾ ਕਰੀ ਹਮ ਪਰ ਜਗਮਾਤਾ, ਦਾ ਕੀ ਅਰਥ ਕਰੋਗੇ, ਕਿਉਂਕਿ ਨਮੋ ਪਰਮ ਗਿਆਤਾ, ਤੁਕ ਵਿਚ ਗਿਆਤਾ, ਪਦ ਪੁਲਿੰਗ ਹੈ ਪ੍ਰੰਤੂ ਨਮੋ ਲੋਕ ਮਾਤਾ, ਵਿਚ ਮਾਤਾ, ਇਸਤ੍ਰੀ ਲਿੰਗ ਸ਼ਬਦ ਹੈ......ਤਿਵੇਂ ਹੀ ਪ੍ਰਥਮ ਕਾਲ ਸਭ ਜਗ ਕੋ ਤਾਤਾ, ਵਾਲੇ ਪ੍ਰਮਾਣ ਵਿਚ (ਤੇਜ) ਪਦ ਪੁਲਿੰਗ ਹੈ ਪਰ ਅਗੇ ਸੋਈ ਭਵਾਨੀ ਨਾਮ ਕਹਾਈ, ਕਹਿਕੇ ਇਸੇ ਤੇਜ ਨੂੰ ਇਸਤ੍ਰੀ ਲਿੰਗ ਸ਼ਬਦ ਵਿਚ ਵਰਤਿਆ ਹੈ......ਉਪ੍ਰੋਕਤ ਪ੍ਰਮਾਣਾਂ ਤੋਂ ਇਹ ਸਿਧ ਹੋਯਾ ਕਿ ਪੁਲਿੰਗ ਅਥਵਾ ਇਸਤ੍ਰੀ ਲਿੰਗ ਪਦ ਅਕਾਲ ਪੁਰਖ ਲਈ ਤਾਂ ਸਾਰੇ ਹੀ ਵਰਤੇ ਜਾ ਸਕਦੇ ਹਨ ਪ੍ਰੰਤੂ ਦੇਵੀ ਲਈ ਨਿਰੋਲ ਇਸਤ੍ਰੀ ਵਾਚਕ ਸ਼ਬਦ ਹੀ ਸੰਕੇਤ ਹੋਣੇ ਚਾਹੀਦੇ ਨੇ, ਇਸ ਕਾਰਨ ਇਥੇ ਮਹਾਂਕਾਲ ਤੇ ਕਾਲਿਕਾ ਪਦ ਅਕਾਲ ਪੁਰਖ ਬੋਧਕ ਹਨ।

**ਉਤਰ:**--ਪ੍ਰਸ਼ਨ ਨੰਬਰ ੩੧ ਦੇ ਉਤਰ ਵਿਚ ਪਿਛੇ ਦੱਸ ਚੁਕੇ ਹਾਂ ਕਿ ਇਹ ਸ੍ਰੀ ਮਾਨ ਜੀ ਇਕ ਪਾਸੇ ਤਾਂ ਇਹ ਲਿਖ ਰਹੇ ਹਨ ਕਿ, ਰਾਜਨਕੇ ਰਾਜਾ, ਗ੍ਰੀਬ ਨਿਵਾਜਾ, ਆਦੀ ਸਾਰੇ ਪਦ ਪੁਲਿੰਗ ਹਨ ਇਹ ਕੇਵਲ ਅਕਾਲ ਪੁਰਖ ਬੋਧਕ ਹੀ ਹੋ ਸਕਦੇ ਹਨ, ਜਦ ਸ੍ਰੀ ਮਾਨ ਜੀ ਦੇ ਨਿਸਚੇ ਵਿਚ ਅਕਾਲ ਪੁਰਖ ਪੁਰਸ਼ ਨਹੀਂ ਤ੍ਰਿਲਿੰਗ ਭੇਦ ਰਹਿਤ ਹੈ ਤਾਂ ਫਿਰ ਪੁਲਿੰਗ ਪਦ ਹੀ ਸਾਰੇ ਕੇਵਲ ਅਕਾਲ ਬੋਧਕ ਕਿਉਂ ਹੋ ਸਕਦੇ ਹਨ ਜੀ, ਔਰ ਇਥੇ ਲਿਖਦੇ ਹਨ ਕਿ ਪੁਲਿੰਗ ਅਥਵਾ ਇਸਤ੍ਰੀ ਲਿੰਗ ਪਦ ਅਕਾਲ ਪੁਰਖ ਲਈ

Digitized by Panjab Digital Library | www.panjabdigilib.org

ਸਾਰੇ ਹੀ ਵਰਤੇ ਜਾ ਸਕਦੇ ਹਨ ਇਹ ਬੇਸੁਰੇ ਗੀਤ ਕਿਉਂ ਗਾਏ ਹਨ।

ਬਾਕੀ ਉਪ੍ਰੋਕਤ ਪ੍ਰਮਾਣਾਂ ਵਿਚ ਇਹ ਕਿਤੇ ਨਹੀਂ ਸਿਧ ਹੋਇਆ ਕਿ, ਪ੍ਰਮਾਤਮਾਂ ਦੇ ਸੂਚਨਾਂ ਮਾਤ੍ਰ ਕਥਨ ਵਿਚ ਇਸਤ੍ਰੀ ਲਿੰਗ ਸ਼ਬਦ ਵੀ ਵਰਤੇ ਗਏ ਹਨ, ਕਿੰਤੂ ਪਿਛੇ ਦੱਸਿਆ ਗਿਆ ਹੈ ਕਿਸੇ ਅਲੰਕਾਰ ਸੇ ਰੂਪਕ ਕਥਨ ਜਾਂ ਆਪਣੀ ਰਖਿਆ ਹਿਤ ਪ੍ਰਾਰਥਨਾਂ ਆਦਕ ਕਾਰਨਾਂ ਦੇ ਕਥਨ ਵਿਚ ਇਸਤ੍ਰੀ ਲਿੰਗ ਸ਼ਬਦ ਵਰਤੇ ਗਏ ਹਨ, ਇੰਜ ਇਹਨਾਂ ਕਾਰਨਾਂ ਦੇ ਕਥਨ ਵਿਚ ਪੁਰਸ਼ ਲਈ ਵੀ ਇਸਤ੍ਰੀ ਲਿੰਗ ਸ਼ਬਦ ਵਰਤੇ ਜਾ ਸਕਦੇ ਹਨ, ਕੇਵਲ ਤ੍ਰਿਲਿੰਗ ਭੇਦ ਰਹਿਤ ਪ੍ਰਮਾਤਮਾਂ ਵਾਸਤੇ ਹੀ ਨਿਯਮ ਨਹੀਂ ਔਰ ਦੇਵੀ ਵਾਸਤੇ ਸ੍ਰੀ ਮਾਨ ਜੀ ਨਿਰੋਲ ਇਸਤ੍ਰੀ ਵਾਚਕ ਸ਼ਬਦ ਹੀ ਸੰਕੇਤ ਹੋਣੇ ਚਾਹੀਦੇ ਕਹੇ ਰਹੇ ਹਨ, ਕਿੰਤੂ ਉਪ੍ਰੋਕਤ ਦੱਸੇ ਗਏ ਆਪਣੀ ਰਖਿਆ ਹਿਤ ਕਾਰਨਾਂ ਕਰਕੇ ਜਾਂ ਉਪਮਾਂ ਲਈ ਦੇਵੀ ਵਾਸਤੇ ਵੀ ਪੁਲਿੰਗ ਪਦ ਵਰਤੇ ਜਾ ਸਕਦੇ ਹਨ ਕਿੰਤੂ ਦੇਵੀ ਦੇ ਸੂਚਨ ਮਾਤ੍ਰ ਕਥਨ ਵਿਚ ਠੀਕ ਨਿਰੋਲ ਇਸਤ੍ਰੀ ਵਾਚਕ ਸ਼ਬਦ ਹੀ ਹੋਣੇ ਚਾਹੀਦੇ ਹਨ, ਤਾਂਤੇ ਮਹਾਂ ਕਾਲ ਕਾਲਿਕਾ ਅਰਾਧੀ, ਵਿਚ ਕੇਵਲ ਆਪਣੇ ਉਪਾਸਜ ਦੇਵ ਦਾ ਸੂਚਨਾਂ ਮਾਤ੍ਰ ਹੀ ਕਥਨ ਹੈ, ਉਪ੍ਰੋਕਤ ਕਾਰਨਾਂ ਵਿਚੋਂ ਕੋਈ ਆਪਣੀ ਰਖਿਆਹਿਤ ਆਦਕ ਕਥਨ ਨਹੀਂ, ਇਸ ਲਈ ਮਹਾਂਕਾਲ ਕਾਲਿਕਾ ਅਰਾਧੀ, ਦਾ ਅਰਥ ਬਹੁਤ ਕਾਲ ਕਾਲਿਕਾ = ਦੇਵੀ ਅਰਾਧੀ ਹੀ ਠੀਕ ਸਿਧ ਹੁੰਦਾ ਹੈ, ਔਰ ਜੋ ਲਿਖ ਰਹੇ ਹਨ ਕਿ ਮਹਾਂਕਾਲ ਤੇ ਕਾਲਿਕਾ ਪਦ

Digitized by Panjab Digital Library | www.panjabdigilib.org

ਅਕਾਲ ਪੁਰਖ ਬੋਧਕ ਹਨ ਇਸ ਦਾ ਵੀ ਪਿਛੇ ਪ੍ਰਸ਼ਨ ਨੰਬਰ ੩੦ ਦੇ ਉਤਰ ਵਿਚ ਜਿਕਰ ਕੀਤਾ ਹੈ ਕਿ ਕਾਲਿਕਾ, ਪਦ ਕਿਸੁ ਵ੍ਯਾਕਰਨ ਅਨੁਸਾਰ ਅਕਾਲ ਪੁਰਖ ਦਾ ਬੋਧਕ ਹੈ ਅਤੇ ਜੇ ਹੈ ਤਾਂ ਮਹਾਂਕਾਲ ਤੇ ਕਾਲਿਕਾ ਇਹ ਦੋ ਅਕਾਲ ਪੁਰਖ ਬੋਧਕ ਪਦ ਇਥੇ ਇੱਕਠੇ ਲਿਖਣ ਦੀ ਕੀ, ਲੋੜ ਸੀ ਔਰ ਜੇਕਰ ਇਹ ਦੋਵੇਂ ਇੱਕਠੇ ਹੀ ਅਕਾਲ ਪੁਰਖ ਦੇ ਬੋਧਕ ਹਨ ਤਾਂ ਜਿਥੇ, ਮਹਾਂਕਾਲ ਪੁਨਜੀਜ ਮੈ ਕੋਪਾ, ਆਦਕ ਪਾਠ ਹੈ ਉਥੇ ਇੱਕਲੇ ਮਹਾਂਕਾਲ ਪਦ, ਦਾ ਅਰਥ ਪ੍ਰਮਾਤਮਾਂ ਕਿਵੇਂ ਕੀਤਾ ਜਾ ਸਕੇਗਾ ਆਦਕ ਸਾਰਾ ਖੋਲ੍ਹ ਕੇ ਦੱਸ ਆਏ ਹਾਂ ਉਥੇ ਦੇਖੋ।

ਔਰ ਨਮੋ ਪਰਮ ਗਿਆਤਾ, ਤੁਕ ਵਿਚ ਗਿਆਤਾ ਪਦ ਪੁਲਿੰਗ ਹੈ ਤੇ ਨਮੋ ਲੋਕ ਮਾਤਾ, ਵਿਚ ਮਾਤਾ, ਇਸਤ੍ਰੀ ਲਿੰਗ ਸ਼ਬਦ ਹੈ ਦਾ ਉੱਤਰ ਵੀ ਪਿਛੇ ਪ੍ਰਸ਼ਨ ਨੰਬਰ ੨੯ ਦੇ ਉਤਰ ਵਿਚ (ੲ) ਹੇਠ ਦੱਸ ਆਏ ਹਾਂ ਕਿ, ਇਸ ਵਿਚ ਵੀ ਪਿਛੇ ਦੱਸੇ ਕਾਰਨਾਂ ਅਨੁਸਾਰ ਸਰਬ ਰੂਪ ਵਿਚ ਨਿਸਚੇ ਕਰਨ ਹਿਤ ਕਥਨ ਹੈ ਕੇਵਲ ਪ੍ਰਮਾਤਮਾਂ ਦੀ ਸੂਚਨਾਂ ਮਾਤ੍ਰ ਦਾ ਹੀ ਇਸ ਵਿਚ ਵਰਨਨ ਨਹੀਂ ਔਰ ਕ੍ਰਿਪਾ ਕਰੀ ਹਮ ਪਰ ਜਗਮਾਤਾ, ਦਾ ਵੀ ਪਿਛੇ ਪ੍ਰਸ਼ਨ ਨੰਬਰ ੨੯ ਦੇ ਉਤਰ ਵਿਚ (ਸ) ਹੇਠ ਉਤਰ ਦਿੱਤਾ ਗਿਆ ਹੈ ਓਥੇ ਦੇਖੋ ਕਿ ਜਗਮਾਤਾ ਸ਼ਬਦ ਇਥੇ ਸ੍ਰੀ ਦੇਵੀ ਜੀ ਲਈ ਹੀ ਵਰਤਿਆ ਗਿਆ ਹੈ, ਅਕਾਲ ਪੁਰਖ ਲਈ ਨਹੀਂ ਅਤੇ ਦੇਹ ਕੋ ਹਰਤਾ, ਛੈ ਕਰਤਾ, ਪ੍ਰਮਾਤਮਾਂ ਲਈ ਹੀ ਵਰਤੇ ਗਏ ਹਨ, ਇਹ ਦੇਵੀ ਲਈ ਇਥੇ ਨਹੀਂ ਵਰਤੇ ਹੋਇ, ਇਹ ਸਭ ਕੁਛ ਓਥੇ ਦੇਖੋ।

Digitized by Panjab Digital Library | www.panjabdigilib.org

ਪ੍ਰਥਮ ਕਾਲ ਸਭ ਜਗ ਕੋ ਤਾਤਾ, ਵਾਲੇ ਪ੍ਰਮਾਣ ਵਿਚ ਤੇਜ ਪਦ ਪੁਲਿੰਗ ਹੈ ਤਾਂ ਇਹ ਤੇਜ ਜਦ ਭਵਾਨੀ ਰੂਪ ਵਿਚ ਪ੍ਰਗਟ ਹੋਇਆ ਹੈ ਤਦ ਕਹਾਈ, ਇਸਤ੍ਰੀ ਲਿੰਗ ਸ਼ਬਦ ਵਿਚ ਵਰਨਨ ਕੀਤਾ ਹੈ ਪਹਿਲੇ ਤੇਜ ਸਰੂਪ ਵਿਚ ਹੀ ਇਸਤ੍ਰੀ ਲਿੰਗ, ਸ਼ਬਦ ਵਿਚ ਕਥਨ ਨਹੀਂ ਕੀਤਾ, ਸੋ ਭਵਾਨੀ ਇਸਤ੍ਰੀ ਹੈ ਪੁਰਸ਼ ਨਹੀਂ ਇਸ ਲਈ ਇਸਤ੍ਰੀ ਲਿੰਗ ਸ਼ਬਦ ਵਿਚ ਹੀ ਵਰਨਨ ਹੋ ਸਕਦੀ ਹੈ, ਇਸਦਾ ਵਿਸ਼ੇਸ਼ ਨਿਰਣਯ ਦੇਖੋ ਪ੍ਰਸ਼ਨ ਨੰਬਰ ੨੯ ਦੇ ਉਤਰ ਵਿਚ (ਕ) ਹੇਠ ਕੀਤਾ ਗਿਆ ਹੈ।

**(੩੩) ਪ੍ਰਸ਼ਨ:**—ਗੁਰਮਤ ਦਰਸ਼ਨ ਸਫਾ ੭੩ ਤੇ ਲਿਖਿਆ ਹੈ, ਪ੍ਰਸ਼ਨ: ਜੇ ਮਹਾਂ ਕਾਲ ਦਾ ਅਰਥ ਅਕਾਲ ਪੁਰਖ ਤੇ ਕਾਲਿਕਾ ਦਾ ਅਰਥ ਕਾਲਿਕਾ ਦੇਵੀ......ਅਰਾਧੀ ਕਰ ਲਿਆ ਜਾਵੇ ਤਾਂ ਹੋ ਸਕਦਾ ਹੈ ਜਾਂ ਨਹੀਂ। ਉਤਰ ਕਦਾਚਿਤ ਨਹੀਂ ਕਾਰਨ ਇਹ ਕਿ ਇਕ ਤਾਂ ਸ੍ਰੀ ਗੁਰੂ ਜੀ ਦੀ, ਤੁਮੈ ਛਾਡ ਕੋਈ ਅਵਰ ਨ ਧਿਆਊਂ॥ ਆਦਿ ਕੀਤੀ ਪ੍ਰੱਤਿਗਿਆ ਦੇ ਤੋੜ ਦੇਣ ਦਾ ਦੋਸ਼ ਅਰੋਪਨ ਹੁੰਦਾ ਹੈ ਕਿ ਗੁਰੂ ਸਾਹਿਬ ਕਹਿੰਦੇ ਹੋਰ ਤੇ ਕਰਦੇ ਕੁਝ ਹੋਰ ਸਨ,......ਦੂਜਾ ਅਰਾਧੀ ਪਦ ਇਕ ਅਰਾਧਯ ਦਾ ਲਖਾਇਕ ਹੈ ਜੇ ਮਹਾਂ ਕਾਲ ਅਤੇ ਕਾਲਿਕਾ ਦੋ ਅਰਾਧ੍ਯ ਹੁੰਦੇ ਤਾਂ ਪਾਠ ਅਰਾਧੀ ਦੀ ਥਾਂਇੰ ਅਰਾਧੇ ਹੋਣਾ ਸੀ।

**ਉਤ੍ਰ:**—ਮਹਾਂ ਕਾਲ ਦਾ ਅਰਥ ਪਿਛੇ ਦਸਿਆ ਗਿਆ ਹੈ ਕਿ ਇਥੇ ਬਹੁਤ ਕਾਲ ਹੈ ਤਾਂਤੇ ਇਥੇ ਪ੍ਰਸ਼ਨ ਹੀ ਨਹੀਂ ਪੈਂਦਾ

Digitized by Panjab Digital Library | www.panjabdigilib.org

ਹੁੰਦਾ ਕਿ ਮਹਾਂ ਕਾਲ ਦਾ ਅਰਥ ਅਕਾਲ ਪੁਰਖ ਕਰ ਲਿਆ ਜਾਵੇ ਅਤੇ ਜਦ ਇਕੋ ਕਾਲਿਕਾ ਦੇਵੀ ਅਰਾਧਯ ਹੈ ਤਾਂ ਫਿਰ ਅਰਾਧੀ ਪਾਠ ਦੀ ਥਾਂਵੇ ਅਰਾਧੇ ਪਾਠ ਲਿਖਣ ਦੀ ਵੀ ਕੋਈ ਲੋੜ ਨਹੀਂ ਸੀ, ਔਰ ਜੇਕਰ ਇਥੇ ਦੋ ਅਰਾਧਯ ਜ਼ਰੂਰੀ ਭੀ ਸਿਧ ਕਰਨੇ ਹੋਣ ਤਾਂ ਅਕਾਲ ਪੁਰਖ ਲਈ ਅਰਾਧਿਆ, ਪਦ, ਦਾ ਯੋਗਤਾ ਲੋੜ ਅਨੁਸਾਰ ਉਤੋਂ ਅਧਿਯਾਰੋਪ ਹੋ ਸਕਦਾ ਹੈ ਕੋਈ ਹਰਜ ਨਹੀਂ, ਬਾਕੀ ਰਹੀ ਗਲ ਕਿ ਜੇਕਰ ਸ੍ਰੀ ਦਸਮੇਸ਼ ਜੀ ਇਥੇ ਸ੍ਰੀ ਦੇਵੀ ਜੀ ਨੂੰ ਅਰਾਧਯ ਮੰਨਦੇ ਹਨ ਤਾਂ ਉਨ੍ਹਾਂ ਦੀ, ਤੁਮੈ ਛਾਡ ਕੋਈ ਅਵਰ ਨ ਧਿਆਊਂ ॥ ਪ੍ਰਤਿਗਿਆ ਟੁਟਦੀ ਹੈ ਕਿ ਹੇ ਅਕਾਲ ਪੁਰਖ ਤੈਨੂੰ ਛਡਕੇ ਮੈ ਹੋਰ ਕਿਸੇ ਨੂੰ ਨਹੀਂ ਧਿਆਊਂਗਾ, ਪ੍ਰੰਤੂ ਇਸਦਾ ਉਤਰ ਅਗੇ ਸ੍ਰੀ ਭਾਗ ਮਲ ਜੀ ਖੁਦ ਆਪਣੇ ਲਿਖੇ ਗੁਰਮਤ ਦਰਸ਼ਨ ਦੇ ਸਫਾ ੧੮ ਤੇ ਲਿਖ ਰਹੇ ਹਨ ਕਿ ਪਹਿਲੀਆਂ ਦੋ ਪਉੜੀਆਂ ਵਿਚ ਸ੍ਰੀ ਦਸਮੇਸ਼ ਜੀ ਵਲੋਂ ਆਦਿ ਗੁਰੂ ਸਾਹਿਬਾਂ ਦਾ ਮੰਗਲ ਅਤੇ ਅਕਾਲ ਪੁਰਖ ਦਾ ਯਸ਼ ਵਰਨਨ ਹੈ, ਉਪ੍ਰੋਕਤ ਆਦਿ ਗੁਰੂ ਸਾਹਿਬਾਂ ਦਾ ਮੰਗਲ ਲਿਖਣ ਦਾ ਭਾਵ (੯) ਨੌਂ ਗੁਰੂ ਸਾਹਿਬਾਂ ਨੂੰ ਸ੍ਰੀ ਦਰਮੇਸ਼ ਜੀ ਨੇ ਧਿਆਇਆ ਹੈ ਤਾਂ ਇਥੇ ਇਹੋ ਪ੍ਰਸ਼ਨ ਸ੍ਰੀ ਭਾਗ ਮਲ ਜੀ ਉਤੇ ਵੀ ਹੋ ਸਕਦਾ ਹੈ ਕਿ ਜਦ ਅਕਾਲ ਪੁਰਖ ਨੂੰ ਛਡਕੇ ਹੋਰ ਕਿਸੇ ਨੂੰ ਨਹੀਂ ਧਿਆਊਂਗਾ, ਇਹ ਪ੍ਰਤਿਗਿਆ ਹੈ ਤਾਂ ਆਦਿ ਨੌਂ ਗੁਰੂ ਸਾਹਿਬਾਂ ਨੂੰ ਧਿਆਉਣ ਕਰਕੇ ਉਪ੍ਰੋਕਤ ਪ੍ਰਤਗਿਆ ਟੁਟਣ ਦਾ ਕੋਈ ਦੋਸ਼ ਨਹੀਂ ? ਤਾਂ ਸ੍ਰੀ ਦੇਵੀ ਜੀ ਨੂੰ ਧਿਆਉਣ ਕਰਕੇ ਪ੍ਰਤਗਿਆ ਟੁਟਣ ਦਾ ਦੋਸ਼ ਕਿਵੇਂ ਅਰੋਪਨ ਹੋ ਸਕੇਗਾ, ਤਾਂਤੇ ਜੋ ਉੱਤਰ ਇਥੇ ਸ੍ਰੀ

Digitized by Panjab Digital Library | www.panjabdigilib.org

ਭਾਗ ਮਲ ਜੀ ਦੇਣਗੇ ਓਹੋ ਉਤਰ ਦੇਵੀ ਧਿਆਉਣ ਕਰਕੇ ਪ੍ਰੱਤਗਿਆ ਟੁਟਣ ਦਾ ਹੋਵੇਗਾ, ਜੇਕਰ ਕਿਹਾ ਜਾਵੇ ਕਿ ਨੌਂ ਗੁਰੂ ਸਾਹਿਬ ਆਮ ਜੀਵਾਂ ਵਤ ਨਹੀਂ ਆਏ ਕਿੰਤੂ ਸਪੈਸ਼ਲ ਪ੍ਰੋਗ੍ਰਾਮ ਲਈ ਪ੍ਰਮਾਤਮਾਂ ਨੇ ਭੇਜੇ ਸਨ ਇਸ ਲਈ ਉਨ੍ਹਾਂ ਨੂੰ ਧਿਆਉਂਣ ਕਰਕੇ ਕੋਈ ਦੋਸ਼ ਪ੍ਰੱਤਗਿਆ ਟੁਟਣ ਦਾ ਨਹੀਂ ਹੋ ਸਕਦਾ, ਤਾਂ ਇੰਜ ਸ੍ਰੀ ਦੇਵੀ ਜੀ ਨੂੰ ਭੀ, ਤੈਹੀ ਦੁਰਗਾ ਸਾਜਿਕੈ ਦੈਤਾਂ ਦਾ ਨਾਸ਼ ਕਰਾਇਆ, ਵਾਕ ਦੇ ਸ੍ਰੀ ਭਾਗ ਮਲ ਜੀ ਦੇ ਸਮਝੇ ਅਰਥ ਅਨੁਸਾਰ ਦੈਂਤਾਂ ਦੇ ਨਾਸ਼ ਕਰਨ ਲਈ ਪ੍ਰਮਾਤਮਾਂ ਨੇ ਸਪੈਸ਼ਲ ਪ੍ਰੋਗ੍ਰਾਮ ਦੇ ਕੇ ਭੇਜਿਆ ਸਿਧ ਹੁੰਦਾ ਹੈ, ਜੇਕਰ ਕਿਹਾ ਜਾਵੇ ਕਿ ਨੌ ਗੁਰੂ ਸਾਹਿਬ ਪ੍ਰਮਾਤਮਾਂ ਦੀ ਭਗਤੀ ਕਰਦੇ ਸਨ ਇਸ ਲਈ ਉਨ੍ਹਾਂ ਨੂੰ ਧਿਆਉਣ ਦਾ ਦੋਸ਼ ਨਹੀਂ ਤਾਂ ਸ੍ਰੀ ਦੇਵੀ ਜੀ ਨੂੰ ਜਦ ਸ੍ਰੀ ਦਸਮੇਸ਼ ਜੀ ਲਿਖਦੇ ਹਨ ਕਿ ਚਰਨ ਸਰਨ ਜਿਹ ਬਸਤ ਭਵਾਨੀ, ਕਿ ਪ੍ਰਮਾਤਮਾਂ ਦੇ ਚਰਨਾਂ ਵਿਚ ਸਦਾ ਭਵਾਨੀ = ਦੇਵੀ ਵਸਦੀ ਹੈ, ਜਿਸਦੀ ਬਾਬਤ ਪਿੱਛੇ ਦੇਵੀ ਪੂਜਨ ਪੜਤਾਲ ਦੇ ਸਫਾ ੨੦ ਤੇ ਸ੍ਰੀ ਮਾਨ ਭਾਈ ਵੀਰ ਸਿੰਘ ਜੀ ਭੀ ਮੰਨ ਰਹੇ ਹਨ ਕਿ ਜਿਥੇ ਦੇਵੀ ਦੀ ਅਲਗ ਰੂਪਤਾ ਆਵੇਗੀ ਉਥੇ......ਅਕਾਲ ਪੁਰਖ ਤੋਂ ਨੀਵੀਂ ਉਸਦੇ ਚਰਨਾਂ ਵਿਚ ਵਸਨ ਵਾਲੀ ਵਰਨਨ ਹੋਵੇਗੀ ਯਥਾ:—ਚਰਨ ਸਰਨ ਜਿਹ ਬਸਤ ਭਵਾਨੀ ॥ ਤਾਂ ਸਿਧ ਹੁੰਦਾ ਹੈ ਕਿ ਦੇਵੀ ਵਿਚ ਵੀ ਪ੍ਰਮਾਤਮਾਂ ਦੀ ਅਤਿਅੰਤ ਭਗਤੀ ਹੈ ਜਿਸ ਲਈ ਸਦਾ ਚਰਨਾਂ ਵਿਚ ਵਸਦੀ ਹੈ, ਜੇਕਰ ਕਿਹਾ ਜਾਵੇ ਕਿ ਨੌਂ ਗੁਰੂ ਸਾਹਿਬ ਸਾਖਿਆਤ ਪ੍ਰਮਾਤਮਾਂ ਸਨ ਤਾਂ ਭਾਗ ਮਲ ਜੀ ਨੇ ਪ੍ਰਮਾਤਮਾਂ ਬਾਬਤ ਲਿਖਿਆ ਹੈ ਕਿ, ਰੂਪ

Digitized by Panjab Digital Library | www.panjabdigilib.org

ਰੰਗ ਅਰ ਰੇਖ ਨਹਿ ਜੋ ਥਿਰ ਆਠੋਂ ਜਾਮ ॥ ਆਦਕ ਤਾਂ ਇਸ ਲਿਖੇ ਅਨੁਸਾਰ ਸਾਖਿਆਤ ਪ੍ਰਮਾਤਮਾਂ ਸਿਧ ਨਹੀਂ ਹੋ ਸਕਦੇ ਅਤੇ ਜੇਕਰ ਕਿਸੇ ਰੂਪ ਰੰਗ ਵਾਲੀ ਵਯਕਤੀ ਨੂੰ ਸ਼ਾਖਿਆਤ ਪ੍ਰਮਾਤਮਾਂ ਮੰਨਣਗੇ ਤਾਂ ਫਿਰ ਰਾਮ ਕ੍ਰਿਸ਼ਨ ਆਦਕ ਅਵਤਾਰ ਭੀ ਸਾਖਿਆਤ ਪ੍ਰਮਾਤਮਾਂ ਮੰਨੇ ਜਾਣਗੇ ਫਿਰ ਦੇਵੀ ਦੀ ਅੜਚਨ ਵੀ ਕੋਈ ਨਹੀਂ ਰਹਿਣੀ ਕਿਉਂਕਿ ਫਿਰ ਦੇਵੀ ਭੀ ਪ੍ਰਮਾਤਮਾਂ ਦਾ ਹੀ ਅਵਤਾਰ ਮੰਨੀ ਜਾ ਸਕੇਗੀ ।

**(੩੪) ਪ੍ਰਸ਼ਨ:**—ਗੁਰਮਤ ਦਰਸ਼ਨ ਸਫ਼ਾ ੭੩-੭੪ ਤੇ ਲਿਖਿਆ ਹੈ ਕਿ ਮਹਾਂ ਕਾਲ ਅਤੇ ਕਾਲਿਕਾ ਇਹ ਦੋ ਅਰਾਧਜ ਤੇ ਇਕ ਅਰਾਧਕ...ਗੁਰੂ ਜੀ, ਤਿੰਨ ਹੁੰਦੇ ਤਾਂ ਅਗਲੀ ਤੁਕ ਦਾ ਜੋ, ਇਹ ਬਿਧ ਕਰਤ ਤਪਸਜਾ ਭਯੋ ॥ ਦ੍ਵੈ ਤੇ ਏਕ ਰੂਪ ਹ੍ਵੈ ਗਯੋ ॥ ਪਾਠ ਹੈ ਉਹ ਇਸ ਪ੍ਰਕਾਰ ਹੋਣਾ ਸੀ ਕਿ......ਤ੍ਰੈ ਤੇ ਏਕ ਰੂਪ ਹ੍ਵੈ ਗਯੋ ॥ ਜਾਂ, ਤ੍ਰੈ ਤੇ ਦ੍ਵੈ ਰੂਪ ਹ੍ਵੈ ਗਯੋ ।

**ਉੱਤਰ:**—ਇਹ ਪਿਛੇ ਦੱਸ ਹੀ ਚੁਕੇ ਹਾਂ ਕਿ ਇਥੇ ਇਕੋ ਕਾਲਿਕਾ ਦੇਵੀ ਹੀ ਅਰਾਧਜ ਹੈ, ਦੋ ਨਹੀਂ ਇਸ ਲਈ, ਦ੍ਵੈ ਤੇ ਏਕ ਰੂਪ ਹ੍ਵੈ ਗਯੋ ॥ ਪਾਠ ਹੀ ਚਾਹੀਦਾ ਸੀ, ਕਿਉਂਕਿ ਇਕ ਅਰਾਧਜ ਸ੍ਰੀ ਦੇਵੀ ਤੇ ਦੂਜੇ ਅਰਾਧਕ ਸ੍ਰੀ ਗੁਰੂ ਜੀ ਸਨ, ਬਾਕੀ ਜੇਕਰ ਉਪ੍ਰੋਕਤ ਸ੍ਰੀ ਭਾਗ ਮਲ ਜੀ ਨੇ ਇਥੇ ਦੋ ਹੀ ਅਰਾਧਜ ਜਰੂਰੀ ਕਾਇਮ ਕਰਨੇ ਹਨ ਤਾਂ ਅਰਥ ਇੰਜ ਹੋ ਸਕਦਾ ਹੈ ਇਕ ਅਕਾਲ ਪੁਰਖ ਤੇ ਦੂਜੀ ਕਾਲਿਕਾ ਦੇਵੀ ਇਨ੍ਹਾਂ ਦੋਂਹ ਤੇ ਮੇਰਾ ਨਿਸਚਾ

Digitized by Panjab Digital Library | www.panjabdigilib.org

ਇਕ ਰੂਪ ਹੋ ਗਿਆ ਕਿ ਅਕਾਲ ਪੁਰਖ ਦੀ ਸ਼ਕਤੀ ਨੇ ਹੀ ਇਹ ਦੇਵੀ ਰੂਪ ਧਾਰਨ ਕੀਤਾ ਹੈ।

ਜੇ ਕਦੀ ਇਥੇ ਇਹ ਸ਼ੰਕਾ ਕੀਤੀ ਜਾਵੇ ਕਿ ਜੇਕਰ ਇਕ ਦੇਵੀ ਹੀ ਅਰਾਧਜ ਸੀ ਤਾਂ ਸ੍ਰੀ ਦੇਵੀ ਵਜਕਤੀ ਨਾਲ ਸ੍ਰੀ ਗੁਰੂ ਜੀ ਇਕ ਰੂਪ ਕਿਵੇਂ ਹੋ ਸਕਦੇ ਸਨ ਤਾਂ ਇਥੇ ਉਤਰ ਸਿਧਾ ਹੈ ਕਿ ਜੇਕਰ ਇਥੇ ਅਕਾਲ ਪੁਰਖ ਜਾਂ ਦੇਵੀ ਸਾਹਿਤ ਦੋ ਅਰਾਧਜ ਮੰਨੇ ਜਾਣ ਤਾਂ ਫਿਰ ਵਜਕਤੀ ਸਰੂਪ ਸ੍ਰੀ ਗੁਰੂ ਜੀ ਅਕਾਲ ਪੁਰਖ ਨਾਲ ਇਕ ਰੂਪ ਕਿਵੇਂ ਹੋ ਸਕਦੇ ਸਨ, ਜਿਵੇਂ ਹੋ ਸਕਦੇ ਸਨ ਤਿਵੇਂ ਸ੍ਰੀ ਦੇਵੀ ਸ਼ਕਤੀ ਨਾਲ ਵੀ ਹੋ ਸਕਦੇ ਸਨ, ਤਥਾ ਜੇਕਰ ਕਿਹਾ ਜਾਵੇ ਕਿ, ਅਕਾਲ ਪੁਰਖ ਨਾਲ, ਜਿਉਂ ਜਲ ਮਹਿ ਜਲ ਆਇ ਖਟਾਨਾ, ਵਤ ਏਕ ਰੂਪ ਹੋ ਸਕਦੇ ਸਨ ਤਾਂ ਫਿਰ ਪ੍ਰਮਾਤਮਾਂ ਨੇ ਸ੍ਰੀ ਗੁਰੂ ਜੀ ਨੂੰ ਬੁਲਾਉਣਾਂ ਕਿਥੋਂ ਸੀ ਕਿਉਂਕਿ ਗੁਰੂ ਜੀ ਲਿਖਦੇ ਹਨ ਕਿ, ਤਪ ਸਾਧਤ ਹਰਿ ਮੋਹਿ ਬੁਲਾਯੋ, ਇਮ ਕਹਿ ਕੇ ਇਹ ਲੋਕ ਪਠਾਯੋ, ਫਿਰ ਤੇ ਪ੍ਰਮਾਤਮਾਂ ਨੇ ਆਪਣੇ ਵਿਚੋਂ ਹੀ ਸ੍ਰੀ ਦਸਮੇਸ਼ ਜੀ ਹੋ ਕੇ ਇਸ ਲੋਕ ਵਿਚ ਆ ਜਾਣਾ ਸੀ ਕਾਰਨ ਇਹ ਕਿ ਪਾਨੀ ਵਿਚ ਪਾਨੀ ਮਿਲੇ ਹੋਇ ਦੀ ਕੋਈ ਅਲਗ ਪਛਾਣ ਨਹੀਂ ਰਹਿੰਦੀ, ਤਿਵੇਂ ਪ੍ਰਮਾਤਮਾਂ ਨਾਲ ਅਭੇਦ ਹੋਇ ਸ੍ਰੀ ਦਸਮੇਸ਼ ਜੀ ਦਾ ਅਲਗ ਸਰੂਪ ਨਹੀਂ ਹੋ ਸਕਦਾ ਸੀ ਤਾਂ ਫਿਰ ਪ੍ਰਮਾਤਮਾ ਨੇ ਬੁਲਾਕੇ ਸਮਝਾਉਂਣਾ ਕੀ ਸੀ, ਜੇਕਰ ਕਿਹਾ ਜਾਵੇ ਕਿ ਅਜੇ ਗੁਰੂ ਜੀ ਇਕ ਰੂਪ ਨਹੀਂ ਸਨ ਹੋਇ, ਤਪਸਜਾ ਹੀ ਕਰਦੇ ਸਨ ਤਦ ਪ੍ਰਮਾਤਮਾਂ ਨੇ ਬੁਲਾ ਕੇ ਇਸ ਲੋਕ ਵਿਚ ਭੇਜਿਆ ਸੀ ਤਾਂ ਫਿਰ ਇਸ

Digitized by Panjab Digital Library | www.panjabdigilib.org

ਜਨਮ ਤੋਂ ਪਹਿਲੇ ਹੇਮ ਕੁੰਟ ਪਹਾੜ ਉਤੇ ਤਪਸਯਾ ਕਰਦੇ ਹੋਇ, ਦ੍ਵੈ ਤੋਂ ਏਕ ਰੂਪ ਹ੍ਵੈ ਗਯੋ, ਦੋਂਹ ਤੇ ਇਕ ਰੂਪ ਕੀ ਤੇ ਕਿਵੇਂ ਹੋਇ, ਜੇਕਰ ਇਥੇ ਕਿਹਾ ਜਾਵੇ ਕਿ ਸ੍ਰੀ ਦੇਵੀ ਜੀ (ਉਪਾਸਯ ਦੇਵ) ਨਾਲ ਅਭੇਦ ਏਕ ਰੂਪ ਹੋ ਗਏ ਤੇ ਫਿਰ ਕਿਵੇਂ ਪ੍ਰਮਾਤਮਾਂ ਨੇ ਬੁਲਾ ਕੇ ਇਸ ਲੋਕ ਵਿਚ ਭੇਜਿਆ ਅਰਥ ਹੋ ਸਕੇਗਾ ਤਾਂ ਸ੍ਰੀ ਦੇਵੀ ਜੀ ਦਾ ਜਦ ਪ੍ਰਮਾਤਮਾਂ ਨਾਲੋਂ ਵਖਰਾ ਸਰੂਪ ਨਿਸਚੈ ਕੀਤਾ ਜਾਂਦਾ ਹੈ ਤਦ ਪ੍ਰਮਾਤਮਾਂ ਨੇ ਦੇਵੀ ਵਿਚ ਉਪਾਸ਼ਨਾਂ ਦੀ ਪਰਿਪਕਤਾ = (ਆਪਣੇ ਵਿਚ ਵੀ ਉਪਾਸਯ ਦੇਵ ਦੀ ਹੀ ਪ੍ਰਤੀਤੀ) ਇਕ ਰੂਪ ਹੋ ਗਏ ਹੋਇ ਸ੍ਰੀ ਦਸਮੇਸ਼ ਜੀ ਨੂੰ ਬੁਲਾ ਕੇ ਇਸ ਲੋਕ ਵਿਚ ਭੇਜਿਆ ਅਰਥ ਹੋ ਸਕਦਾ ਹੈ ਕੋਈ ਅਨੁਚਿਤ ਨਹੀਂ।

ਤਥਾ:-ਜੇਕਰ ਕਿਹਾ ਜਾਵੇ ਕਿ ਗੁਰੂ ਜੀ ਸ੍ਰੀ ਦੇਵੀ ਜੀ ਦੇ ਹੀ ਉਪਾਸ਼ਕ ਸਨ ਤਾਂ ਫਿਰ ਉਨ੍ਹਾਂ ਅਕਾਲ ਪੁਰਖ ਨੂੰ ਕਿਉਂ ਅਰਾਧਿਆ, ਤਾਂ ਇਹ ਪ੍ਰਸ਼ਨ ਕੇਵਲ ਦੇਵੀ ਜੀ ਦੇ ਉਪਾਸ਼ਕ ਹੋਣ ਕਰਕੇ ਹੀ ਨਹੀਂ ਕਿੰਤੂ ਅਕਾਲ ਪੁਰਖ ਦੇ ਉਪਾਸ਼ਕ ਹੋਣ ਕਰਕੇ ਵੀ ਹੋ ਸਕਦਾ ਹੈ ਕਿ ਜੇਕਰ ਸ੍ਰੀ ਦਸਮੇਸ਼ ਜੀ ਕੇਵਲ ਅਕਾਲ ਪੁਰਖ ਦੇ ਹੀ ਉਪਾਸ਼ਕ ਸਨ ਤਾਂ ਉਨ੍ਹਾਂ ਨੇਂ ਗੁਰੂ ਸਾਹਿਬਾਂ ਨੂੰ ਵੀ ਕਿਉਂ ਧਿਆਇਆ।

ਅਤੇ ਜੇਕਰ ਨੇਂ ਗੁਰੂ ਸਾਹਿਬਾਂ ਦੇ ਹੀ ਉਪਾਸ਼ਕ ਸਨ ਤਾਂ ਫਿਰ ਉਨ੍ਹਾਂ ਅਕਾਲ ਪੁਰਖ ਨੂੰ ਵੀ ਕਿਉਂ ਧਿਆਇਆ, ਤਾਂਤੇ ਦੇਵੀ ਦੇ ਉਪਾਸ਼ਕ ਹੋਣਾ ਵੀ ਕੋਈ ਅਨੁਚਿਤ ਨਹੀਂ ਬਾਕੀ ਜਿਸ ਸ੍ਰੀ ਮਾਨ ਪੰਡਿਤ ਤਾਰਾ ਸਿੰਘ ਜੀ ਦੇ ਲਿਖੇ ਗ੍ਰੰਥ ਪੜ੍ਹਨ ਦਾ ਉਪਦੇਸ਼ ਸ੍ਰੀ ਭਾਗ ਮਲ ਜੀ ਨੇ ਆਪਣੇ

Digitized by Panjab Digital Library | www.panjabdigilib.org

ਗੁਰਮਤ ਦਰਸ਼ਨ ਸਫਾ ੨੩ ਤੇ ਕੀਤਾ ਹੈ ਉਸੇ ਸ੍ਰੀ ਮਾਨ ਪੰਡਿਤ ਤਾਰਾ ਸਿੰਘ ਜੀ ਦੇ ਰਚੇ ਗੁਰਮਤ ਨਿਰਣੈ ਸਾਗਰ ਸੰਮਤ ੧੯੫੫ ਦੇ ਛਪੇ ਦੇ ਸਫਾ ੫੮੮ ਤੇ ਲਿਖਿਆ ਹੈ ਕਿ, ਕਾਹੇ ਤੇ ਮਹਾਂ ਕਾਲ ਪਰਮ ਸਿਵ ਹੈ ਅਰ ਮਹਾਂ ਕਾਲੀ ਤਿਸਕੀ ਸ਼ਕਤੀ ਹੈ, ਇਨ ਦੋਨੋਂ ਕੀ ਉਪਾਸ਼ਨਾਂ ਲਿਖੀ ਹੈ ਯਹੀ ਗੁਰੂ ਗੋਬਿੰਦ ਸਿੰਘ ਜੀ ਕੇ ਇਸ਼ਟ ਦੇਵ ਹੈਂ।

**(੩੫) ਪ੍ਰਸ਼ਨ:--**ਗੁਰਮਤ ਦਰਸ਼ਨ ਸਫਾ ੭੪ ਤੇ ਲਿਖਿਆ ਹੈ ਕਿ, ਧਿੰਙੋ ਜੋਰੀ ਵਿਚਾਰ ਕੀਲਿਕਾ ਦੇਵੀ ਨੂੰ ਨਾਂ ਚੁਕੀ ਫਿਰੋ ਗੁਰੂ ਜੀ ਨੇ ਮਹਾਂ ਕਾਲ (ਅਕਾਲ ਪੁਰਖ) ਨੂੰ ਹੀ ਅਰਾਧਿਆ ਹੈ ਜੋ ਅਗਲੀ ਤੁਕ ਤੋਂ ਹੋਰ ਵੀ ਸਪਸ਼ਟ ਦਿਸ ਰਿਹਾ ਹੈ, ਯਥਾ:–ਤਿਨ ਪ੍ਰਭੁ ਜਬ ਆਯਸ ਮੁਹਿ ਦੀਆ॥ ਤਬ ਹਮ ਜਨਮ ਕਲੂ ਮਹਿ ਲੀਆ॥ ਇਥੇ ਹੀ ਬਸ ਨਹੀਂ ਅਗੇ ਇਸ ਅਵਤਾਰ ਧਾਰਨ ਦੇ ਪ੍ਰਸੰਗ ਵਿਚ ਲਿਖਿਆ ਹੈ, ਅਕਾਲ ਪੁਰਖ ਬਾਚ ਇਸ ਕੀਟ ਪ੍ਰਤਿ॥ ਜੇ ਦੇਵੀ ਅਰਾਧੀ ਹੁੰਦੀ ਤਾਂ ਕਾਲਿਕਾ ਬਾਚ ਆਕਲ ਪੁਰਖ ਤੇ ਦੇਵੀ ਬਾਚੀ ਹੋਣਾ ਸੀ।

**ਉੱਤਰ--**ਇਸ ਤੋਂ ਅਗਲੀ ਤੁਕ, ਤਿਨਪ੍ਰਭੁ ਜਬ ਆਯਸ ਮੁਹਿ ਦੀਆ, ਆਦਕ ਪਾਠ ਨਹੀਂ ਕਿੰਤੂ ਸ੍ਰੀ ਮਾਨ ਜੀ ਪਾਠ ਇੰਜ ਹੈ ਯਥਾ:–ਤਾਤ ਮਾਤ ਮੁਰ ਅਲਖ ਅਰਾਧਾ, ਬਹੁ ਬਿਧਿ ਜੋਗ ਸਾਧਨਾ ਸਾਧਾ, ਤਿਨ ਜੋ ਕਰੀ ਅਲਖ ਕੀ ਸੇਵਾ, ਤਾਤੇ ਭਏ ਪ੍ਰਸੰਨ ਗੁਰਦੇਵਾ, ਤਿਨ ਪ੍ਰਭੁ ਜਬ ਆਯਸ ਮੁਹਿ ਦੀਆ, ਤਬ ਹਮ ਜਨਮ ਕਲੂ ਮਹਿ ਲੀਆ, ਚਿਤ ਨ

Digitized by Panjab Digital Library | www.panjabdigilib.org

ਭਯੋ ਹਮਰੋ ਆਵਨ ਕਹ, ਚੁਭੀ ਰਹੀ ਸੁਰਤ ਪ੍ਰਭੂ ਚਰਨਨ ਮਹ, ਜਿਉ ਤਿਉ ਪ੍ਰਭ ਹਮਕੋ ਸਮਝਾਯੋ, ਇਹ ਕਹਿਕੇ ਇਹ ਲੋਕ ਪਠਾਯੋ, ਕੀ ਕਹਿ ਕੇ ਭੇਜਿਆ ਉਹ ਅਗੇ ਵਰਨਨ ਹੈ, ਅਕਾਲ ਪੁਰਖੋ ਬਾਚ, ਤਾਂਤੇ ਇਸ ਵਿਚ ਸ੍ਰੀ ਦਸਮੇਸ਼ ਗੁਰੂ ਜੀ ਨੇ ਸਾਫ ਨਿਰਣੈ ਕਰ ਦਿਤਾ ਹੈ ਕਿ, ਤਾਤਮਾਤ ਮੁਰ...ਮੇਰੇ ਮਾਤਾ ਪਿਤਾ ਨੇ ਅਲਖ ਪ੍ਰਮਾਤਮਾਂ ਨੂੰ ਅਰਾਧਿਆ, ਬਹੁਤ ਪ੍ਰਕਾਰ ਦੇ ਸਾਧਨਾਂ ਦੁਆਰਾ ਇਸ ਜੋਗ ਨੂੰ ਸਾਧਿਆ (ਤਿਨ) ਤਿਨਾਂ = ਮੇਰੇ ਮਾਤਾ ਪਿਤਾ ਨੇ ਜੋ ਅਲਖ ਪ੍ਰਮਾਤਮਾਂ ਦੀ ਸੇਵਾਂ = ਉਪਾਸ਼ਨਾਂ ਕੀਤੀ ਸੀ ਤਿਸ ਸੇਵਾ ਤੇ ਪ੍ਰਸੰਨ ਹੋਇ ਜਦ (ਗੁਰਦੇਵ) ਗੁਰੂ = ਪਿਤਾ ਜੀ ਦੇ ਦੇਵ = ਪ੍ਰਮਾਤਮਾਂ ਤਾਂ ਉਨ੍ਹਾਂ ਦੀ ਸੇਵਾ ਦੇ ਮੈਨੂੰ ਯੋਗ ਸਮਝ ਕੇ (ਤਿਨ ਪ੍ਰਭ) ਤਿਸ ਮੇਰੇ ਮਾਤਾ ਪਿਤਾ ਜੀ ਦੇ ਪ੍ਰਭੂ = ਮਾਲਕ ਉਪਾਸਜ ਦੇਵ ਨੇ ਮੈਨੂੰ ਆਗਿਆ ਦਿਤੀ ਤਾਂ ਮੈਂ ਕਲਜੁਗ ਵਿਚ (ਮਾਤਾ ਪਿਤਾ ਦੇ ਘਰ) ਜਨਮ ਲਿਆ ਹੈ ਪ੍ਰੰਤੂ ਮੇਰਾ ਚਿਤ ਇਥੇ ਆਉਂਣ ਲਈ ਨਹੀਂ ਸੀ ਕਿਉਂਕਿ ਮੇਰੀ ਬ੍ਰਿਤੀ ਆਪਣੇ ਪ੍ਰਭੂ = ਮਾਲਕ ਉਪਾਸਜ ਦੇਵ ਸ੍ਰੀ ਦੇਵੀ ਜੀ ਦੇ ਚਰਨਾਂ ਵਿਚ ਹੀ (ਚੁਭੀ) ਖੁਭੀ = ਲਗੀ ਹੋਈ ਸੀ ਕਿੰਤੂ ਫਿਰ ਮੈਨੂੰ ਜਿਉਂ ਤਿਉਂ ਕਰਕੇ ਮਾਤਾ ਪਿਤਾ ਦੇ (ਪ੍ਰਭੂ) ਉਪਾਸਜ ਦੇਵ ਪ੍ਰਮਾਤਮਾਂ ਨੇ ਸਮਝਾਯਾ ਤੇ ਇਸ ਪ੍ਰਕਾਰ ਦਾ ਹਾਲ ਕਹਿਕੇ ਮੈਨੂੰ ਭੇਜ ਦਿਤਾ ਉਹ ਹਾਲ ਅਗੇ ਅਕਾਲ ਪੁਰਖੋ ਬਾਚ, ਸੇ ਸ਼ੁਰੂ ਹੁੰਦਾ ਹੈ ਤਾਂਤੇ, ਤਿਨ ਪ੍ਰਭ ਜਬ ਆਯਸ ਮੁਹਿ ਦੀਆ, ਦਾ ਅਰਥ ਜਦ ਪਿਛਲੇ ਪਾਠ ਨਾਲ ਜੋੜਿਆ ਜਾਵੇ ਤਾਂ ਇਹ ਸਿਧ ਹੁੰਦਾ ਹੈ ਕਿ (ਤਿਨ ਪ੍ਰਭ) ਤਿਸ ਮੇਰੇ ਮਾਤਾ ਪਿਤਾ ਦੇ

Digitized by Panjab Digital Library | www.panjabdigilib.org

ਪ੍ਰਭੂ = ਮਾਲਕ ਉਪਾਸਜ ਦੇਵ ਪ੍ਰਮਾਤਮਾਂ ਨੇ ਮੈਨੂੰ ਆਗਿਆ ਦਿਤੀ ਤਾਂ ਮੈਂ ਜਨਮ ਲਿਆ, ਤਾਂ ਆਪਣੇ ਉਪਾਸਜ ਦੇਵੀ ਜੀ ਦੀ ਆਗਿਆ ਜਣਾਉਣ ਹਿਤ ਇਥੇ ਕਾਲਿਕਾ ਬਾਚ, ਜਾਂ ਦੇਵੀ ਬਾਚੀ ਆਦਕ ਪਾਠ ਲਿਖਣ ਦੀ ਲੋੜ ਹੀ ਕੋਈ ਨਹੀਂ ਸੀ, ਇਸੇ ਲਈ ਨਹੀਂ ਲਿਖਿਆ ਔਰ ਆਪਣੇ ਉਪਾਸਜ ਦੇਵੀ ਜੀ ਦੀ ਪਿਛੇ ਸੂਚਨਾਂ, ਕਾਲਿਕਾ ਅਰਾਧੀ ਪਾਠ ਵਿਚ ਦੇ ਚੁਕੇ ਹਨ ਕਿੰਤੂ ਇਥੇ ਮਾਤਾ ਪਿਤਾ ਜੀ ਦੇ ਉਪਾਸਜ ਦੇਵ ਪ੍ਰਮਾਤਮਾਂ, ਨੇ ਆਗਿਆ ਦਿਤੀ ਹੈ ਤੇ ਉਸੇ ਨਾਲ ਪ੍ਰਸ਼ਨ ਉਤਰ ਹੋਇ ਇਸ ਲਈ ਅਕਾਲ ਪੁਰਖੋਂ ਬਾਚ ਲਿਖਿਆ ਹੈ ਅਤੇ ਕੀਟ ਪ੍ਰਤਿ ਵਾਕ ਨਿੰਮ੍ਰਤਾ ਹਿਤ ਲਿਖਿਆ ਹੈ।

ਬਾਕੀ ਜੇਕਰ ਹੇਮ ਕੁੰਟ ਪਹਾੜ ਉਤੇ ਪਿਛਲੇ ਜਨਮ ਵਿਚ ਤਪੱਸਯਾ ਕਰਦੇ ਹੋਇ ਸ੍ਰੀ ਦਸਮੇਸ਼ ਜੀ ਦਾ ਉਪਾਸਜ ਦੇਵ ਪ੍ਰਮਾਤਮਾਂ ਹੋਵੇ ਤਾਂ ਇਥੇ ਆਪਣੇ ਮਾਤਾ ਪਿਤਾ ਦੀ ਤਪੱਸਯਾ ਤੇ ਪ੍ਰਮਾਤਮਾਂ ਪ੍ਰਸੰਨ ਹੋਇ ਆਦਕ ਪ੍ਰਸੰਗ ਲਿਖਣ ਨਾਲੋਂ ਸ੍ਰੀ ਗੁਰੂ ਜੀ ਆਪਣੀ ਤਪੱਸਯਾ ਤੇ ਪ੍ਰਮਾਤਮਾਂ ਪ੍ਰਸੰਨ ਹੋਇ ਪ੍ਰਸੰਗ ਲਿਖਦੇ ਔਰ, ਤਿਨ ਪ੍ਰਭ ਜਬ ਆਯਸ ਮੁਹਿ ਦੀਆ, ਵਿਚ ਤਿਨ ਪ੍ਰਭੁ ਦੀ ਥਾਂਵੇ ਪਾਠ, ਮੇਰੇ ਪ੍ਰਭੁ ਜਬ ਆਯਸ ਮੁਹਿ ਦੀਆ, ਲਿਖਦੇ ਅਤੇ ਚੁਭੀ ਰਹੀ ਸੁਰਤ ਪ੍ਰਭੁ ਚਰਨਨ ਮਹ, ਵਿਚ ਸ੍ਰੀ ਭਾਗ ਮਲ ਜੀ ਨੂੰ ਹੋਰ ਵੀ ਨਿਰਾਸਤਾ ਹੋਵੇਗੀ ਕਿਉਂਕਿ ਸ੍ਰੀ ਭਾਗ ਮਲ ਜੀ ਪ੍ਰਮਾਤਮਾਂ ਦੇ ਚਰਨ ਮੰਨਣ ਨੂੰ ਤਯਾਰ ਨਹੀਂ ਹਨ ਉਹ ਆਪਣੇ ਅਕਾਲ ਪੁਰਖ ਬਾਬਤ ਲਿਖਦੇ ਹਨ, ਰੂਪ ਰੰਗ ਅਰ ਰੇਖ ਨਹਿ ਜੋ ਥਿਰ ਆਠੋਂ ਜਾਮ, ਜੇਕਰ ਚਰਨ ਮੰਨ ਲੈਣ ਤਾਂ ਉਹ ਕੋਈ ਸਰੀਰ

Digitized by Panjab Digital Library | www.panjabdigilib.org

ਧਾਰੀ ਪ੍ਰਮਾਤਮਾਂ ਸਿਧ ਹੋਵੇਗਾ ਔਰ ਜੇਕਰ ਸਾਰੇ ਸੰਸਾਰ ਰੂਪ ਵੈਰਾਠ ਸਰੂਪ ਦੇ ਚਰਨ ਕਹਿਣ ਤਾਂ ਸਭ ਸੰਸਾਰ ਦੇ ਚਰਨ ਕਰੋੜਾਂ ਹੀ ਹੋਣਗੇ ਫਿਰ ਨਿਰਨਾ ਕਰਨਾ ਮੁਸ਼ਕਲ ਹੋ ਜਾਵੇਗਾ ਕਿ ਕੇੜ੍ਹੇ ਚਰਨਾਂ ਵਿਚ ਬ੍ਰਿਤੀ ਲਗੀ ਹੋਈ ਸੀ, ਤਾਂਤੇ ਇਥੇ ਸ੍ਰੀ ਦੇਵੀ ਜੀ ਦੇ ਚਰਨਾਂ ਵਿਚ ਬ੍ਰਿਤੀ (ਚੁਭੀ) ਖੁਭੀ ਰਹੀ = ਲਗੀ ਹੋਈ ਅਰਥ ਕਰਨ ਵਿਚ ਸ੍ਰੀ ਭਾਗ ਮਲ ਜੀ ਦਾ ਪ੍ਰਮਾਤਮਾਂ ਵੀ ਸਰੀਰ ਧਾਰੀ ਸਿਧ ਨਹੀਂ ਹੋਵੇਗਾ, ਜੇਕਰ ਇਥੇ ਇਹ ਕਿਹਾ ਜਾਵੇ ਕਿ, ਜੇਕਰ ਸ੍ਰੀ ਦਸਮੇਸ਼ ਜੀ ਅਕਾਲ ਪੁਰਖ ਦੇ ਉਸ ਵਕਤ ਉਪਾਸ਼ਕ ਨਹੀਂ ਸਨ ਤਾਂ ਅਕਾਲ ਪੁਰਖ ਦੀ ਆਗਿਆ ਮੰਨਕੇ ਇਥੇ ਜਨਮ ਕਿਉਂ ਲਿਆ, ਤਾਂ ਸ੍ਰੀ ਦਸਮੇਸ਼ ਜੀ ਸ੍ਰੀ ਦੇਵੀ ਜੀ ਨੂੰ ਅਕਾਲ ਪੁਰਖ ਦੀ ਸ਼ਕਤੀ ਦਾ ਹੀ ਅਵਤਾਰ ਸਮਝਦੇ ਸਨ ਇਸ ਲਈ ਕੋਈ ਅਤਿਅੰਤ ਭੇਦ ਨਹੀਂ ਸਮਝਦੇ ਸੀ, ਤਾਂਤੇ ਅਕਾਲ ਪੁਰਖ ਦੀ ਆਗਿਆ ਦਾ ਪਾਲਨ ਕਰਨਾ ਹੀ ਉਚਿਤ ਸੀ ਤਥਾ:-ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਵੀ ਜਿਥੇ ਜਿਥੇ ਅਕਾਲ ਪੁਰਖ ਨੇ ਹੰਕਾਰੀਆਂ ਨੂੰ ਨਾਸ਼ ਕੀਤਾ ਹੈ ਉਥੇ ਉਨ੍ਹਾਂ ਵਿਚ, ਮਧੁ, ਕੈਟਭ, ਰਕਤ, ਬੀਜ, ਮਹਿਖਾਸੁਰ ਆਦਿ ਭੀ ਲਿਖੇ ਹਨ ਜਿਨ੍ਹਾਂ ਦਾ ਨਾਸ਼ ਸ੍ਰੀ ਦੇਵੀ ਜੀ ਨੇ ਹੀ ਕੀਤਾ ਸੀ ਯਥਾ:-ਸਹਸ ਬਾਹੁ ਮਧ ਕੀਟ ਮਹਿਖਾਸਾ ॥ ਹਰਣਾਖਸ਼ ਲੇ ਨਖਹੁ ਬਿਧਾਸਾ, ਰਕਤ ਬੀਜ ਕਾਲ ਨੇਮ ਬਿਦਾਰੇ ॥ ਗਉੜੀ ਅਸ਼ਟ ਪਦੀਆਂ ਮ: ੧ ॥ ਤਾਂਤੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਉਪ੍ਰੋਕਤ ਵਾਕ ਵਿਚੋਂ ਭੀ ਸ੍ਰੀ ਦੇਵੀ ਅਕਾਲ ਪੁਰਖ ਦੀ ਸ਼ਕਤੀ ਹੀ ਸਿਧ ਹੋ ਰਹੀ ਹੈ।

Digitized by Panjab Digital Library | www.panjabdigilib.org

ਤਥਾ:-ਲਟ ਛੂਟੀ ਵਰਤੈ ਬਿਕਰਾਲ, ਕੋਟਿ ਕਲਾਂ ਖੇਲੈ ਗੋਪਾਲ॥ ਭੈਰਉ ਕਬੀਰ ਜੀ॥ ਵਾਕ ਵਿਚ ਵੀ ਲਿਟਾਂ ਖੁਲੀਆਂ ਵਾਲੀ ਬਿਕਰਾਲ ਰੂਪ ਦੇਵੀ ਨਾਲ ਕਰੋੜਾਂ ਕਲਾਂ ਸਹਿਤ ਗੋਪਾਲ = ਪ੍ਰਮਾਤਮਾਂ ਖੇਲਦੇ ਸਿਧ ਹੁੰਦੇ ਹਨ ਤਾਂਤੇ ਸ੍ਰੀ ਦੇਵੀ ਜੀ ਅਤੇ ਅਕਾਲ ਪੁਰਖ ਦਾ ਅਤਿਅੰਤ ਭੇਦ ਨਹੀਂ ਬਲਕਿ ਗੁਰ ਪ੍ਰਮੇਸ਼ੁਰ ਏਕੋ ਜਾਨ॥ ਵਾਕ ਵਿਚ ਗੁਰੂ ਅਤੇ ਪ੍ਰਮੇਸ਼ਰ ਇਕੋ ਹੀ ਹਨ ਲਿਖਿਆ ਹੈ ਉਸੇ ਗੁਰੂ ਦੀ ਤੁਲਤਾ, ਗੁਰ ਈਸਰ ਗੁਰ ਗੋਰਖ ਬ੍ਰਹਮਾਂ ਗੁਰ ਪਾਰਬਤੀ ਮਾਈ॥ ਵਾਕ ਵਿਚ ਪਾਰਬਤੀ ਦੇਵੀ ਨਾਲ ਭੀ ਵਰਨਨ ਕੀਤੀ ਹੈ।

**(੩੬) ਪ੍ਰਸ਼ਨ:--** ਸਹਸ ਬਾਹੁ ਮਧ ਕੀਟ ਮਹਿਖਾਸਾ॥ ਆਦਕ ਉਪ੍ਰੋਕਤ ਸ਼ਬਦ ਦਾ ਨਿਰਣੈ ਗੁਰਮਤ ਦਰਸ਼ਨ ਸਫਾ ੭੦ ਤੇ ਕੀਤਾ ਹੈ ਕਿ, ਇਸ ਸ਼ਬਦ ਵਿਚ ਕੰਸ, ਕਾਲ ਯਮਨ, ਹਰਨਾਖ਼ਸ਼, ਮਧੁ ਕੈਟਭ, ਕਾਲ ਨੇਮੀ ਤਥਾ:-ਮਹਿਖਾਸੁਰ ਆਦੀ ਅਨੇਕਾਂ ਹੀ ਅਭਿਮਾਨੀਆਂ ਦੇ ਪ੍ਰਮਾਣ ਅਨੁਸਾਰ (ਜੋ ਅਨੁਵਾਦਕ ਪ੍ਰਮਾਣ ਹਨ) ਸ੍ਰੀ ਗੁਰੂ ਜੀ ਨੇ ਹੰਕਾਰੀ ਲੋਕਾਂ ਨੂੰ ਉਪਦੇਸ਼ ਦਿਤਾ ਹੈ, ਇਸ ਲਈ ਇਸ ਵਿਚੋਂ ਦੇਵੀ ਦਾ ਮੰਡਨ ਨਹੀਂ ਹੁੰਦਾ।

**ਉੱਤਰ:-** ਹੰਕਾਰੀ ਲੋਕਾਂ ਨੂੰ ਜੋ ਉਪ੍ਰੋਕਤ ਉਪਦੇਸ਼ ਦਿਤਾ ਹੈ ਕਿ ਮਹਿਖਾਸੁਰ ਹਰਨਾਖ਼ਸ਼ ਆਦਕ ਹੰਕਾਰੀਆਂ ਦਾ ਪ੍ਰਮਾਤਮਾਂ ਨੇ ਨਾਸ਼ ਕੀਤਾ ਹੈ ਜਿਵੇਂ ਇਸੇ ਸ਼ਬਦ ਵਿਚ ਹੀ ਲਿਖਿਆ ਹੈ ਕਿ, ਪ੍ਰਭੁ ਨਾਰਾਇਣ ਗਰਭ ਪ੍ਰਹਾਰੀ॥

Digitized by Panjab Digital Library | www.panjabdigilib.org

ਅਥਵਾ ਦੈਂਤ ਸੰਘਾਰੇ ਬਿਨ ਭਗਤ ਅਭਿਆਸਾ ॥ ਤਾਂ ਕੀ ਇਹ ਉਪਦੇਸ਼ ਯਥਾਰਥ ਹੈ ਕਿ ਝੂਠ ਹੈ, ਜੇਕਰ ਯਥਾਰਥ ਹੈ ਤਾਂ, ਰਕਤ ਬੀਜ, ਮਹਿਖਾਸੁਰ, ਮਧੁ, ਕੈਟਭ, ਰਾਖਸ਼ਾਂ ਨੂੰ ਦਸਮ ਗੁਰੂ ਗ੍ਰੰਥ ਸਾਹਿਬ ਜੀ ਦੇ ਚੰਡੀ ਚਰਿਤ੍ਰਾਂ ਵਿਚ ਸ੍ਰੀ ਦੇਵੀ ਜੀ ਨੇ ਹੀ ਨਾਸ਼ ਕੀਤਾ ਲਿਖਿਆ ਹੋਇਆ ਹੈ, ਤਾਂ ਫਿਰ ਸ੍ਰੀ ਦੇਵੀ ਜੀ ਦੇ ਨਾਸ਼ ਕੀਤੇ ਹੋਇ ਜੇਕਰ ਪ੍ਰਮਾਤਮਾਂ ਵਲੋਂ ਨਾਸ਼ ਕੀਤੇ ਹੋਇ ਮੰਨੇ ਜਾ ਸਕਦੇ ਹਨ ਤਾਂ ਸ੍ਰੀ ਦੇਵੀ, ਪ੍ਰਮਾਤਮਾਂ ਤੋਂ ਕਿੰਨੀ ਕੁ ਵਖਰੀ ਰਹਿ ਸਕਦੀ ਹੈ ਅਤੇ ਜੇਕਰ ਇਥੇ ਇਹ ਕਹਿ ਦਿਤਾ ਜਾਵੇ ਕਿ ਉਪ੍ਰੋਕਤ ਅਨੁਵਾਦਕ ਪ੍ਰਮਾਣ ਹਨ ਇਸ ਲਈ ਯਥਾਰਥ ਨਹੀਂ, ਤਾਂ ਮਿਥਿਆ ਉਪਦੇਸ਼ ਦੇਣ ਨਾਲ ਹੰਕਾਰੀਆਂ ਨੂੰ ਸਿੱਖਿਆ ਕੀ ਮਿਲ ਸਕਦੀ ਹੈ, ਤਾਂਤੇ ਅਨੁਵਾਦਕ ਪ੍ਰਮਾਣ ਵੀ ਮਿਥਿਆ ਨਹੀਂ ਕਹਿ ਜਾ ਸਕਦੇ, ਬਾਕੀ ਗੁਰਮਤ ਦਰਸ਼ਨ ਦੇ ਕਰਤਾ ਦਾ ਸੁਭਾਵ ਹੀ ਹੈ ਕਿ ਜਿੱਥੇ ਕੋਈ ਉਤਰ ਨਾ ਬਣ ਸਕੇ ਉਥੇ ਲਿਖ ਛਡਦੇ ਹਨ ਕਿ ਇਹ ਅਨੁਵਾਦਕ ਪ੍ਰਮਾਣ ਹਨ, ਇਹ ਅੱਗੇ ਵੀ ਕਈ ਵੇਰ ਦੱਸਿਆ ਗਿਆ ਹੈ ਇੰਜ ਕੋਈ ਵੀ ਅਜਿਹਾ ਉਪਦੇਸ਼ ਨਹੀਂ ਜੋ ਕਿਸੇ ਨਾ ਕਿਸੇ ਰੂਪ ਵਿਚ ਪਿਛੇ ਪ੍ਰਾਚੀਨ ਪੁਸਤਕਾਂ ਵਿਚੋਂ ਨਹੀਂ ਮਿਲਦਾ ਤਾਂਤੇ ਸਾਰੀ ਗੁਰਬਾਣੀ ਦੇ ਪ੍ਰਮਾਣ ਹੀ ਅਨੁਵਾਦਕ ਹੋ ਸਕਣਗੇ, ਫਿਰ ਆਪ ਕਿੰਨਾਂ ਪ੍ਰਮਾਣਾਂ ਦੇ ਆਸਰੇ ਆਪਣਾ ਕੋਈ ਸਿਧਾਂਤ ਸਿਧ ਕਰਨ ਦਾ ਹੌਸਲਾ ਕਰਨਗੇ।

ਤਥਾ:-ਜਿਨ੍ਹਾਂ ਸੂਰ ਬੀਰ ਸਿਖਾਂ ਨੇ ਦੁਸ਼ਟਾਂ ਨੂੰ

Digitized by Panjab Digital Library | www.panjabdigilib.org

ਮਾਰਿਆ ਸੀ ਉਨ੍ਹਾਂ ਗੁਰ ਸਿਖਾਂ ਦਾ ਅੱਜ ਤਕ ਅਰਦਾਸਿਆਂ ਵਿਚ ਧੰਨਤਾ ਯੋਗ ਨਾਮ ਲਿਆ ਜਾਂਦਾ ਹੈ ਤਾਂ ਸ੍ਰੀ ਦੇਵੀ ਜੀ ਨੇ ਕਈ ਰਾਖਸ਼ (ਦੁਸ਼ਟ) ਮਾਰੇ ਸਿਧ ਹੁੰਦੇ ਹਨ ਤਾਂ ਉਸ ਦਾ ਸ੍ਰੀ ਭਾਗ ਮਲ ਜੀ ਖੰਡਨ ਹੀ ਖੰਡਨ ਕੇੜ੍ਹੀ ਜੁਗਤੀ ਨਾਲ ਕਰ ਸਕਦੇ ਹਨ ਪਰ ਮਲੂਮ ਹੁੰਦਾ ਹੈ ਕਿ ਇਥੇ ਵੀ ਇਹੀ ਜੁਗਤੀ ਲਾਉਣਗੇ ਕਿ ਸੂਰ ਬੀਰ ਸਿਖਾਂ ਦੇ ਹਥੋਂ ਅਕਾਲ ਪੁਰਖ ਨੇ ਹੀ ਉਹ ਦੁਸ਼ਟ ਮਰਵਾਏ ਸੀ ਇਸ ਲਈ ਉਨ੍ਹਾਂ ਮਹਾਂ ਪੁਰਸ਼ਾਂ ਗੁਰਸਿਖਾਂ ਦੇ ਅਰਦਾਸਿਆਂ ਵਿਚ ਧੰਨਤਾ ਜੋਗ ਨਾਮ ਲੈਣ ਦੀ ਵੀ ਕੋਈ ਲੋੜ ਨਹੀਂ ਕਿਉਂਕਿ ਇੰਜ ਸ੍ਰੀ ਦੇਵੀ ਜੀ ਦਾ ਭੀ ਨਾਮ ਲੈਣਾ ਪੈਂਦਾ ਹੈ।

**(੩੭) ਪ੍ਰਸ਼ਨ**—ਲਟ ਛੂਟੀ ਵਰਤੇ ਬਿਕਰਾਲ (ਭੈਰੋ ਕਬੀਰ ਜੀ) ਆਦਕ ਦਾ ਵੀ ਨਿਰਣੈ ਗੁਰਮਤ ਦਰਸ਼ਨ ਸਫ਼ਾ ੭੦ ਤੇ ਹੀ ਲਿਖਿਆ ਹੈ ਕਿ, ਇਸ ਸ਼ਬਦ ਵਿਚ ਸਗੋਂ ਰਾਮੈਤੀ ਰਾਮ (ਅਕਾਲ ਪੁਰਖ) ਦੀ ਸ੍ਰਵਗਜਤਾ ਅਤੇ ਦੇਵਤਿਆਂ ਤੁਸਾਡੀ ਲਿਟਾਂ ਖੁਲੀਆਂ ਵਾਲੀਆਂ ਦੇਵੀਆਂ ਦੀ ਅਲਪਗਜਤਾ, ਦਰਸਾਈ ਹੈ, ਯਥਾ:—ਕੋਟਿ ਸੂਰ ਜਾ ਕੈ ਪ੍ਰਗਾਸ......ਦੁਰਗਾ ਕੋਟਿ ਜਾਕੈ ਮਰਦਨ ਕਰੈ...ਕੋਟਿ ਚੰਦ੍ਰਮੇਂ ਕਰਹਿ ਚਰਾਕ......ਕੋਟਿ ਲਖਮੀ ਕਰੈ ਸੀਗਾਰ......ਤਉਪਾਰ ਬ੍ਰਹਮ ਕਾ ਅੰਤ ਨ ਲਹੈ, (ਭੈਰੋ ਕਬੀਰ ਜੀ)।

**ਉੱਤਰ**—ਇਹ ਪਿਛੇ ਦੱਸਿਆ ਜਾ ਚੁਕਾ ਹੈ ਕਿ ਇੰਜ ਸ੍ਰੀ ਦਸਮੇਸ਼ ਜੀ ਨੌਂ ਗੁਰੂ ਸਾਹਿਬਾਂ ਦੇ ਭੀ ਅਨੁਯਾਈ ਨਹੀਂ ਹੋ ਸਕਦੇ ਕਿਉਂਕਿ ਨੌਂ ਗੁਰੂ ਸਾਹਿਬਾਂ ਆਪਣੀ ਬਾਣੀ ਵਿਚ

Digitized by Panjab Digital Library | www.panjabdigilib.org

ਕਈ ਥਾਂਈ ਲਿਖਿਆ ਹੈ ਕਿ ਅਸੀਂ ਪਾਰ ਬ੍ਰਹਮ ਦਾ ਅੰਤ ਨਹੀਂ ਪਾ ਸਕਦੇ ਯਥਾ:-ਮੇਰੇ ਲਾਲ ਜੀਉ ਤੇਰਾ ਅੰਤ ਨਾ ਜਾਣਾ, ਤਥਾ ਤੇਰਾ ਅੰਤ ਨ ਜਾਣਾ ਮੇਰੇ ਸਹਿਬ ਮੈ ਅੰਧੁਲੇ ਕਿਹਾ ਚਤੁਰਾਈ, ਬਿਲਾਵਲ ਮ: ੧ ਅਤੇ ਸੇਵਾ ਲਈ ਭੀ ਕਈ ਵਾਕ ਮਿਲਦੇ ਹਨ, ਕਿਆ ਸੇਵ ਕਮਾਵਉ ਕਿਆ ਕਹਿ ਰੀਝਾਵਉ ਬਿਧਿ ਕਿਤੁ ਪਾਵਉ ਦਰਸਾਰੇ, ਸੂਹੀ ਮ: ੫ ਆਦਕ ਤਾਂ ਲਖਮੀ, ਦੁਰਗਾ ਆਦਕਾਂ ਦੀ ਉਪ੍ਰੋਕਤ ਜੇਕਰ ਪ੍ਰਮਾਤਮਾਂ ਦੀ ਸੇਵਾ ਕਰਨੇ ਕਰਕੇ ਅਲਪਗਜਤਾ ਹੁੰਦੀ ਹੈ ਤਾਂ ਨੌ ਗੁਰੂ ਸਾਹਿਬਾਂ ਜਦ ਅੰਤ ਨਹੀਂ ਪਾਇਆ ਅਤੇ ਸੇਵਾ ਲਈ ਪ੍ਰਾਰਥਨਾਂ ਵੀ ਕੀਤੀ ਹੈ ਤਾਂ ਇੰਜ ਇਹ ਅਲਪਗਜਤਾ ਉਨ੍ਹਾਂ ਵਿਚ ਵੀ ਸ੍ਰੀ ਭਾਗ ਮਲ ਜੀ ਦੇ ਨਿਯਮ ਅਨੁਸਾਰ ਕਾਇਮ ਹੋ ਸਕੇਗੀ ਤਾਂ ਸ੍ਰੀ ਦਸਮੇਸ਼ ਜੀ ਕਿਵੇਂ ਉਨ੍ਹਾਂ ਦੇ ਅਨੁਯਾਈ ਮੰਨੇ ਜਾਣਗੇ ਬਲਕਿ ਸੰਤ ਮਹਾਤਮਾਂ ਵੀ ਪ੍ਰਮਾਤਮਾਂ ਦੀ ਸ਼ਰਣ ਹੀ ਰਹਿੰਦੇ ਹਨ ਉਨ੍ਹਾਂ ਸੰਤਾਂ ਬਾਬਤ ਲਿਖਿਆ ਹੈ ਕਿ, ਨਾਨਕ ਦਾਸੁ ਇਹੈ ਸੁਖ ਮਾਗੈ ਮੋਕਉ ਕਰ ਸੰਤਨ ਕੀ ਧੂਰੇ ॥ ਗਉੜੀ ਪੂਰਬੀ ਮ: ੫ ॥ ਤਾਂ ਸ੍ਰੀ ਦੇਵੀ ਜੇਕਰ ਪ੍ਰਮਾਤਮਾਂ ਦੀ ਸੇਵਾ ਕਰਦੀ ਹੈ ਤਾਂ ਉਸਨੂੰ ਸ੍ਰੀ ਦਸਮੇਸ਼ ਜੀ ਕਿਵੇਂ ਨਹੀਂ ਮੰਨ ਸਕਦੇ, ਬਾਕੀ ਇਥੇ ਇਹ ਪ੍ਰਸ਼ਨ ਪੈਦਾ ਹੁੰਦਾ ਹੈ ਕਿ ਆਪ ਕਾ ਰਾਮੇਤੀ ਰਾਮ (ਅਕਾਲ ਪੁਰਖ) ਮਕਾਨੀ ਔਰ ਸਰੀਰ ਧਾਰੀ ਹੈ ਕਿ ਲਾ ਮਕਾਨ, ਅਸਰੀਰੀ ਹੈ ਜੇਕਰ ਮਕਾਨੀ ਔਰ ਸਰੀਰ ਧਾਰੀ ਹੈ ਤਾਂ ਸ੍ਰੀ ਭਾਗ ਮਲ ਜੀ ਦੇ ਆਪਣੇ ਗੁਰਮਤ ਦਰਸ਼ਨ ਸਫਾ ੨੮ ਤੇ ਲਿਖੇ, ਰੂਪ ਰੰਗ ਅਰ ਰੇਖ ਨਹਿ ਜੋ ਥਿਰ ਆਠੋਂ ਜਾਂਮ ॥ ਆਦਕ

Digitized by Panjab Digital Library | www.panjabdigilib.org

ਲੇਖ ਦੀ ਕੀ ਕੀਮਤ ਹੋ ਸਕਦੀ ਹੈ ਅਤੇ ਜੇਕਰ ਅਕਾਲ ਪੁਰਖ ਲਾਮਕਾਨੀ ਔਰ ਅਸਰੀਰੀ ਹੈ ਤਾਂ ਉਪ੍ਰੋਕਤ ਕਰੋੜਾਂ ਚੰਦ੍ਰਮਾਂ (ਚਰਾਕ) ਦੀਪਕ ਦਾ ਕੰਮ ਕੇੜ੍ਹੇ ਮਕਾਨ ਵਿਚ ਕਰਦੇ ਹਨ ਔਰ ਕਰੋੜਾਂ ਦੁਰਗਾ ਮਰਦਨ (ਮਲਨਾ) ਕਿਸ ਸਰੀਰ ਨੂੰ ਕਰ ਰਹੀਆਂ ਹਨ ਤੇ ਕਰੋੜਾਂ ਲਛਮੀਆਂ ਸ਼ਿੰਗਾਰ ਕਿਸ ਸਰੀਰ ਦਾ ਕਰਦੀਆਂ ਹਨ ਕਿਉਂਕਿ ਮਲਨਾਂ ਅਤੇ ਸ਼ਿੰਗਾਰ ਬਿਨਾਂ ਸਰੀਰ ਤੋਂ ਕਿਸਦਾ ਕੀਤਾ ਜਾ ਸਕਦਾ ਹੈ ਬਲਕਿ, ਬਾਸਕ ਕੋਟਿ ਸੇਜ ਬਿਸਥਰਹਿ ॥ ਕਰੋੜਾਂ ਸ਼ੇਸ਼ ਨਾਂਗ ਸੇਜ ਕਿਸ ਲਈ ਵਿਛਾ ਰਹੇ ਹਨ, ਅਤੇ ਬਾਵਨ ਕੋਟਿ ਜਾਕੈ ਰੋਮਾਵਲੀ ॥ ਰਾਵਨ ਸੈਨਾ ਜਹ ਤੇ ਛਲੀ ॥ ਰੂਪ ਰੰਗ ਰਹਿਤ ਪ੍ਰਮਾਤਮਾਂ ਦੀਬਵੰਜਾ ਕ੍ਰੋੜਰੋਮਾਵਲੀ ਕੇੜ੍ਹੀ ਹੋਸਕਦੀਹੈਤੇ ਰਾਵਨ ਦੀ ਸੈਨਾਂ ਨੂੰ ਛਲਿਆ ਇਹ ਕੇੜ੍ਹੇ ਨਿਰਾਕਾਰ ਨੂੰ ਮੰਨਿਆ ਜਾ ਸਕੇਗ੍ਹਾ ਜੇਕਰ ਇਥੇ ਸਾਰੇ ਸੰਸਾਰ ਰੂਪ ਵੈਰਾਠ ਦਾ ਵਰਨਨ ਕਹਿਣ ਤਾਂ ਦੁਰਗਾ ਲਛਮੀਆਂ ਕਰੋੜਾਂ ਚੰਦ੍ਰਮੇਂ, ਸ਼ੇਸ਼ ਨਾਗ ਆਦਕ ਇਹ ਸਾਰੇ ਸੰਸਾਰ ਵਿਚ ਸ਼ਾਮਲ ਨਹੀਂ ਹਨ ਜੋ ਸਾਰੇ ਸੰਸਾਰ ਨੂੰ ਮਲਨਾਂ ਕਰਦੀਆਂ ਤੇ ਸ਼ਿੰਗਾਰ ਕਰਦੀਆਂ ਮੰਨੀਆਂ ਜਾਣ ਅਤੇ ਕਰੋੜਾਂ ਸ਼ੇਸ਼ ਨਾਂਗ (ਸਰਪ) ਕੇੜ੍ਹੇ ਸੰਸਾਰ ਰੂਪ ਵੈਰਾਠ ਦੇ ਹੇਠ ਸੇਜਾ ਵਿਛਾ ਰਹੇ ਦਿਸਦੇ ਹਨ ਕਿਉਂਕਿ ਸੰਸਾਰ ਸਾਹਮਣੇ ਅੱਖਾਂ ਨਾਲ ਦਿਸਦਾ ਹੈ, ਜੇਕਰ ਉਪ੍ਰੋਕਤ ਸ਼ੇਸ਼ ਨਾਂਗ ਚੰਦਰਮੇਂ; ਲਛਮੀਆਂ ਦੁਰਗਾ ਆਦਕ ਸਭ ਸੰਸਾਰ ਵਿਚ ਹੀ ਸ਼ਾਮਲ ਹਨ ਤਾਂ ਫਿਰ ਇਹ ਲਛਮੀਆਂ ਦੁਰਗਾ ਆਦਕ ਸੰਸਾਰ ਰੂਪ ਵੈਰਾਠ ਵਿਚ ਉਲਟਾ ਸੇਵਾ ਕਰਵਾਉਣ ਵਾਲੀਆਂ ਸਿਧ ਹੋਣਗੀਆਂ ਤਾਂਤੇ ਸਾਰੇ ਸੰਸਾਰ ਰੂਪ ਵੈਰਾਠ

Digitized by Panjab Digital Library | www.panjabdigilib.org

ਸਰੂਪ ਨਾਲੋਂ ਕਿਸੇ ਵਖਰੇ ਬੈਕੁੰਠ ਵਾਸੀ ਸਾਕਾਰ ਵਡੇ ਸਰੀਰ ਧਾਰੀ ਦਾ ਵਰਨਨ ਮਾਲੂਮ ਹੁੰਦਾ ਹੈ ਜਿਸ ਨਾਲ ਲਿਟਾਂ ਖੁਲੀਆਂ ਵਾਲੀ ਬਿਕਰਾਲ ਰੂਪ ਦੇਵੀ ਖੇਲ ਰਹੀ ਲਿਖੀ ਹੈ ਪ੍ਰੰਤੂ ਸੇਵਾ ਕਰ ਰਹੀ ਇਥੇ ਨਹੀਂ ਲਿਖੀ ।

**(੩੮) ਪ੍ਰਸ਼ਨ**--ਗੁਰਮਤ ਦਰਸ਼ਨ ਸਫ਼ਾ ੮੯-੯੦ ਤੇ ਲਿਖਿਆ ਹੈ ਕਿ ਅਸੀਂ ਗੁਰਬਾਣੀ ਵਿਚੋਂ ਕੁਝ ਪ੍ਰਮਾਣ ਦਿੰਦੇ ਹਾਂ ਜਿਨ੍ਹਾਂ ਵਿਚ ਦੇਵੀਆਂ ਦੀ ਅਲਪਗਜਤਾ ਅਤੇ ਦੇਵੀ ਪੂਜਨ ਵਾਲਿਆਂ ਨੂੰ ਵਰਜਿਆ ਹੈ (ੳ) ਮਾਇਆ ਮੋਹੇ ਦੇਵੀ ਸਭ ਦੇਵਾ, ਗਉੜੀ ਮ: ੫ ॥ (ਅ) ਕੋਟ ਦੇਵੀ ਜਾਕਉ ਸੇਵਹਿ ਲਖਮੀ ਅਨਿਕ ਭਾਤਿ, ਆਸਾ ਛੰਤ ਮ: ੫ ॥ (ੲ) ਦੇਵੀਆਂ ਨਹੀਂ ਜਾਨੈ ਮਰਮ, ਰਾਮ ਕਲੀ ਮ: ੫ ॥ (ਸ) ਦੇਵੀ ਮਰਮ ਨ ਪਾਇਆ, ਪ੍ਰਭਾਤੀ ਮ: ੫ ॥ (ਹ) ਦੁਰਗਾ ਕੋਟਿ ਜਾਕੈ ਮਰਦਨ ਕਰੈ, ਭੈਰੋ ਕਬੀਰ, (ਕ) ਅਨਹਦ ਰੂਪ ਅਨਾਹਦੀ ਬਾਨੀ, ਚਰਨ ਸਰਨ ਜਿਹ ਬਸਤ ਭਵਾਨੀ, ਅਕਾਲ ਉਸਤਤਿ, (ਖ) ਕਈ ਦੇਵਿ ਆਦਿ ਕੁਮਾਰ, ਕਈ ਕਿਸ਼ਨ ਬਿਸ਼ਨ ਅਵਤਾਰ, ਕਈ ਰਾਮ ਅਉਰ ਰਸੂਲ, ਬਿਨ ਭਗਤ ਕੋ ਨਾ ਕਬੂਲ, ਅਕਾਲ ਉਸਤਤਿ, (ਗ) ਦੇਵੀ ਦੇਵਾ ਪੂਜੀਐ ਭਾਈ ਕਿਆ ਮਾਗਉ ਕਿਆ ਦੇਇ, ਸੋਰਠ ਮ: ੧ ॥ (ਘ) ਦੇਵੀ, ਦੇਵਾ ਪੂਜਹਿ ਡੋਲਹਿ ਪਾਰ ਬ੍ਰਹਮ ਨਹੀਂ ਜਾਨਾ, ਗਉੜੀ ਕਬੀਰ, (ਙ) ਚੇਰੀ ਕੀ ਸੇਵਾ ਕਰਹਿ ਠਾਕੁਰ ਨਹੀਂ ਦੀਸੈ ਗਉੜੀ ਬੈਰਾਗਣ ਮ: ੧ ॥ (ਚ) ਠਾਕੁਰ ਛੋਡ ਦਾਸੀ ਕਉ ਸਿਮਰਹਿ ਮਨਮੁਖ ਅੰਧ ਅਗਿਆਨਾ, ਭੈਰੋ ਮ: ੫ ॥ (ਛ)

Digitized by Panjab Digital Library | www.panjabdigilib.org

ਮਹਾ ਮਾਈ ਕੀ ਪੂਜਾ ਕਰਹਿ, ਨਰ ਸੇ ਨਾਰਿ ਹੋਇ ਅਵਤਰਹਿ, ਤੂੰ ਕਹੀਅਤ ਹੀ ਆਦਿ ਭਵਾਨੀ, ਮੁਕਤ ਕੀ ਬਰੀਆ ਕਹਾ ਛਪਾਨੀ, (ਗੌਡ ਨਾਮ ਦੇਵ ਜੀ)

**ਉੱਤਰ**—ਮਲੂਮ ਹੁੰਦਾ ਹੈ ਜਿਨ੍ਹਾਂ ਵਾਕਾਂ ਵਿਚ ਸ੍ਰੀ ਦਸਮੇਸ਼ ਜੀ ਨੇ ਸ੍ਰੀ ਦੇਵੀ ਜੀ ਦੀ ਉਪਮਾਂ ਕੀਤੀ ਹੈ ਜਾਂ ਜਿਨ੍ਹਾਂ ਵਾਕਾਂ ਦੁਆਰਾ ਸ੍ਰੀ ਦੇਵੀ ਜੀ ਕੋਲੋਂ ਵਰ ਮੰਗੇ ਹਨ ਉਨ੍ਹਾਂ ਸ੍ਰੀ ਦਸਮੇਸ਼ ਜੀ ਦੇ ਵਾਕਾਂ ਨੂੰ ਸ੍ਰੀ ਭਾਗ ਮਲ ਜੀ ਗੁਰਬਾਣੀ ਹੀ ਨਹੀਂ ਮੰਨਦੇ ਜਿਸ ਲਈ ਇਥੇ ਕਹਿ ਰਹੇ ਹਨ ਕਿ, ਅਸੀਂ ਗੁਰਬਾਣੀ ਵਿਚੋਂ ਕੁਝ ਪ੍ਰਮਾਣ ਦਿੰਦੇ ਹਾਂ ਪ੍ਰੰਤੂ ਇਹ ਗੁਰਬਾਣੀ ਵਾਲੇ ਪ੍ਰਮਾਣ ਵੀ ਸ੍ਰੀ ਭਾਗ ਮਲ ਜੀ ਨੂੰ ਉਲਟਾ ਉਲਝਣਾਂ ਵਿਚ ਪਾ ਦੇਣਗੇ।

ਕਿਉਂਕਿ ਇਨ੍ਹਾਂ ਪ੍ਰਮਾਣਾਂ ਦੇ ਸ੍ਰੀ ਭਾਗ ਮਲ ਜੀ ਦੇ ਸਮਝੇ ਅਰਥਾਂ ਅਨੁਸਾਰ ਇਕ ਪ੍ਰਮਾਤਮਾਂ ਤੋਂ ਬਿਨਾਂ ਹੋਰ ਕਿਸੇ ਨੂੰ ਵੀ ਸ੍ਰੀ ਭਾਗ ਮਲ ਜੀ ਨਹੀਂ ਮੰਨ ਸਕਣਗੇ, ਪ੍ਰੰਤੂ ਸ੍ਰੀ ਭਾਗ ਮਲ ਜੀ ਆਪਣੇ ਗੁਰਮਤ ਦਰਸ਼ਨ ਦੇ ਸਫਾ ੧੪੯–੧੫੦ ਤੇ ਸਾਫ ਮੰਨ ਰਹੇ ਹਨ ਕਿ, ਇਸ਼ਟ ਸਾਡਾ ਦਸੋ ਪਾਤਸ਼ਾਹ ਅਤੇ ਦਸਾਂ ਪਾਤਸ਼ਾਹ ਦੀ ਆਤਮਿਕ ਜੋਤਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹਨ, ਜਿਵੇਂ ਇਨ੍ਹਾਂ ਪ੍ਰਮਾਣਾਂ ਦੇ ਅਰਥ ਸਮਝ ਕੇ ਵੀ ਇਕ ਅਕਾਲ ਪੁਰਖ ਤੇ ਹੋਰ ਵੀ ਦਸੋ ਪਾਤਸ਼ਾਹ ਆਦਕ ਆਪਣਾਂ ਇਸ਼ਟ ਸ੍ਰੀ ਭਾਗ ਮਲ ਜੀ ਦੱਸ ਰਹੇ ਹਨ ਤਿਵੇਂ ਸ੍ਰੀ ਦਸਮੇਸ਼ ਜੀ ਵੀ ਇਨ੍ਹਾਂ ਪ੍ਰਮਾਣਾਂ ਦੇ ਹੁੰਦਿਆਂ, ਅਕਾਲ ਪੁਰਖ ਤੇ ਸ੍ਰੀ ਦੇਵੀ ਜੀ ਨੂੰ ਭੀ ਆਪਣਾ

Digitized by Panjab Digital Library | www.panjabdigilib.org

ਇਸ਼ਟ ਮੰਨ ਸਕਦੇ ਸਨ।

ਬਾਕੀ ਇਨ੍ਹਾਂ ਪ੍ਰਮਾਣਾਂ ਵਿਚ ਮੂਲ ਸਰੂਪ ਪ੍ਰਮਾਤਮਾਂ ਦੀ ਦੇਵੀਆਂ ਦੇਵਤਿਆਂ ਦੇ ਸਥੂਲ = ਸਾਕਾਰ ਸਰੀਰਾਂ ਦੀ ਪ੍ਰਾਧੀਨਤਾ ਦਿਖਾ ਕੇ ਗੰਭੀਰਤਾ ਰੂਪ ਉਪਮਾਂ ਕੀਤੀ ਹੈ, ਵਾਸਤਵ ਖੰਡਨ ਕਿਸੇ ਦਾ ਨਹੀਂ ਕੀਤਾ ਜਾ ਸਕਦਾ।

(ੳ) ਮਾਇਆ ਮੋਹੇ ਦੇਵੀ ਸਭ ਦੇਵਾ॥ ਕਾਲੁ ਨ ਛੋਡੈ ਬਿਨੁ ਗੁਰ ਕੀ ਸੇਵਾ॥ ਗਉੜੀ ਅਸ਼ਟਪਦੀ ਮ: ੧ ਹੈ ਇਹ ਮ: ੫ ਦਾ ਸ਼ਬਦ ਨਹੀਂ, ਇਸ ਵਿਚ ਦੇਵੀ ਦੇਵਤਿਆਂ ਦੇ ਸਥੂਲ ਸਰੀਰ ਕਾਲ ਦੀ ਮਾਇਆ ਵਿਚ ਮੋਹੇ ਹੋਇ ਕਹਿਕੇ ਇਕ ਮੂਲ ਸਰੂਪ ਪ੍ਰਮਾਤਮਾਂ ਚੇਤਨ ਮਾਤ੍ਰ ਦੀ ਗੰਭੀਰਤਾ ਦਿਖਾਈ ਹੈ, ਵਾਸਤਵ ਇਸ ਸੇ ਦੇਵੀ ਦੇਵਤਿਆਂ ਦਾ ਖੰਡਨ ਨਹੀਂ ਕੀਤਾ ਜਾ ਸਕਦਾ ਕਿਉਂਕਿ ਇਸ ਸ਼ਬਦ ਵਿਚ, ਸੁਲਤਾਨ ਖਾਨ ਬਾਦਸ਼ਾਹ ਨਹੀਂ ਰਹਿਨਾ, ਆਦਕ ਤੁਕਾਂ ਦੁਆਰਾ ਕਾਲ ਦੀ ਮਾਇਆ ਦੇ ਸਭ ਵਸ ਹਨ ਕਿਹਾ ਹੈ ਤਾਂਤੇ ਕਾਲ ਸਥੂਲ ਸਰੀਰਾਂ ਨੂੰ ਹੀ ਨਾਸ਼ ਕਰਦਾ ਹੈ ਕਿਸੇ ਦੇਵੀ ਦੇਵਤੇ ਦੇ ਆਤਮਾਂ ਨੂੰ ਨਹੀਂ ਨਾਸ਼ ਕਰ ਸਕਦਾ ਆਤਮਾਂ ਸਭ ਦਾ ਹੀ ਅਮਰ ਹੈ ਜੇਕਰ ਆਤਮਾਂ ਨੂੰ ਵੀ ਕਾਲ ਨਾਸ਼ ਕਰ ਦਿੰਦਾ ਮੰਨੀਏ ਤਾਂ ਫਿਰ ਪੁਨਰ ਜਨਮਾਂ ਦਾ ਸਿਲਸਿਲਾ ਨਹੀਂ ਚਲ ਸਕੇਗਾ, ਜੇਕਰ ਕਿਹਾ ਜਾਵੇ ਕਿ ਦੇਵੀ ਦੇਵਤੇ ਪੁਨਰ ਜਨਮਾਂ ਵਿਚ ਫਿਰਦੇ ਹਨ ਤਾਂ ਉਪ੍ਰੋਕਤ ਜੋ ਪ੍ਰਮਾਣ ਪ੍ਰਗਟ ਕੀਤੇ ਹਨ ਉਨ੍ਹਾਂ ਵਿਚ, ਚਰਨ ਸਰਨ ਜਿਹ ਬਸਤ ਭਵਾਨੀ, ਦੁਰਗਾ ਕੋਟਿ ਜਾਕੈ ਮਰਦਨ ਕਰੇ, ਕੋਟਿ ਲਛਮੀ ਕਰੇ ਸਿੰਗਾਰ, ਆਦਕ

Digitized by Panjab Digital Library | www.panjabdigilib.org

ਵੀ ਲਿਖੇ ਹਨ ਤਾਂਤੇ ਜੇਕਰ ਦੇਵੀਆਂ ਪੁਨਰ ਜਨਮਾਂ ਵਿਚ ਫਿਰਦੀਆਂ ਮੰਨੀਏ ਤਾਂ ਇਨ੍ਹਾਂ ਪ੍ਰਮਾਣਾਂ ਅਨੁਸਾਰ ਫਿਰ ਉਹ ਪ੍ਰਮਾਤਮਾਂ ਦੀ ਕੋਲ ਰਹਿਕੇ ਸੇਵਾ ਸ਼ਿੰਗਾਰ ਆਦਕ ਕਰਦੀਆਂ ਹਨ ਕਿਵੇਂ ਸਿਧ ਕੀਤੀਆਂ ਜਾਣਗੀਆਂ, ਕਿਉਂਕਿ ਮਰਦਨ (ਮਲਨਾ = ਮੁਠੀ ਚਾਪੀ) ਤੇ ਸ਼ਿੰਗਾਰ ਸਜਾਵਟ ਆਦਕ ਕੋਲ ਰਹਿ ਬਿਨਾਂ ਨਹੀਂ ਹੋ ਸਕਦੇ, ਤਾਂਤੇ ਦੇਵੀਆਂ ਨੂੰ ਪੁਨਰ ਜਨਮ ਮਰਨ ਦਾ ਚਕਰ ਨਹੀਂ ਹੋ ਸਕੇਗਾ, ਅਤੇ ਜੋ ਪ੍ਰਮਾਤਮਾਂ ਦੇ ਚਰਨਾਂ ਵਿਚ ਵਸਦਾ ਹੈ ਜਾਂ ਪ੍ਰਮਾਤਮਾਂ ਦੇ ਚਰਨ ਜਿਸਦੇ ਹਿਰਦੇ ਵਿਚ ਵਸਦੇ ਹਨ ਉਸਨੂੰ ਜਨਮ ਮਰਨ ਦਾ ਚਕਰ ਹੋ ਵੀ ਨਹੀਂ ਸਕਦਾ, ਇਸ ਲਈ, ਚਰਨ ਸ਼ਰਨ ਜਿਹ ਬਸਤ ਭਵਾਨੀ ਪੁਨਰ ਜਨਮਾਂ ਵਿਚ ਨਹੀਂ ਫਿਰਦੀ ਤਾਂਤੇ ਦੇਵੀ ਦੇਵਤਿਆਂ ਦੇ ਸਰੀਰਾਂ ਦੀ ਪ੍ਰਾਧੀਨਤਾ ਦਿਖਾ ਕੇ ਗੰਭੀਰਤਾ ਪ੍ਰਗਟ ਕੀਤੀ ਹੈ।

ਜੇਕਰ ਹਠ ਹੀ ਹੋਵੇ ਤਾਂ ਜਿਨ੍ਹਾਂ ਸੰਤਾਂ ਮਹਾਤਮਾਂ ਵਾਸਤੇ ਗੁਰੂ ਬਾਣੀ ਵਿਚ ਕਿਹਾ ਹੈ ਕਿ, ਸੰਤਨ ਬਿਨੁ ਅਵਰੁ ਨ ਦਾਤਾ ਬੀਆ, ਜੋ ਜੋ ਸਰਣਿ ਪਰੈ ਸਾਧੂ ਕੀ ਸੋ ਪਾਰ ਗ੍ਰਾਮੀ ਕੀਆ, ਸੋਰਠ ਮ: ੫ ਘਰ ੧, ਤਾਂ ਉਨ੍ਹਾਂ ਸੰਤਾਂ ਮਹਾਤਮਾਂ ਦੇ ਸਰੀਰ ਕੀ ਕਾਲ ਦੀ ਮਾਇਆ ਵਿਚ ਨਹੀਂ ਮੋਹੇ ਹੋਇ, ਜਦ ਉਨ੍ਹਾ ਦੇ ਸਰੀਰਾਂ ਨੂੰ ਵੀ ਕਾਲ ਨੇ ਨਹੀਂ ਛੱਡਿਆ ਤਾਂ ਉਨ੍ਹਾਂ ਦੀ ਸ਼ਰਣ ਪੈਣੇ ਸੇ ਜੀਵ ਪਾਰ ਹੋ ਜਾਂਦਾ ਹੈ, ਗੁਰਬਾਣੀ ਵਿਚ ਕਿਹਾ ਹੈ ਤਾਂ ਫਿਰ ਇਥੇ ਸ੍ਰੀ ਭਾਗ ਮਲ ਜੀ ਕੀ ਉਪਾ ਕਰਨਗੇ, ਜੇਕਰ ਇਥੇ ਕਿਹਾ ਜਾਵੇ ਕਿ ਕਾਲ ਦੀ ਮਾਇਆ ਵਿਚ ਮੋਹੇ ਹੋਇ ਦੇਵੀ ਦੇਵਤੇ ਇਥੇ ਅਰਥ ਨਹੀਂ

Digitized by Panjab Digital Library | www.panjabdigilib.org

ਕਿੰਤੂ ਪ੍ਰਮਾਤਮਾਂ ਦੀ ਮਾਇਆ (ਅਗਿਆਨ) ਵਿਚ ਮੋਹੇ ਹੋਏ ਅਰਥ ਹੈ ਤਾਂ ਉਪ੍ਰੋਕਤ ਸ੍ਰੀ ਮਾਨ ਜੀ, ਦੁਰਗਾ ਕੋਟਿ ਜਾਕੈ ਮਰਦਨ ਕਰੈ ॥ ਅਥਵਾ ਚਰਨ ਸਰਨ ਜਿਹ ਬਸਤ ਭਵਾਨੀ ॥ ਪ੍ਰਮਾਣ ਪ੍ਰਗਟ ਕਰਦੇ ਹਨ ਕਿ ਦੁਰਗਾ ਕਰੋੜਾਂ ਉਸ ਪ੍ਰਮਾਤਮਾਂ ਨੂੰ ਮਲਨਾਂ ਕਰ ਰਹੀਆਂ ਹਨ ਤੇ ਭਵਾਨੀ ਉਸ ਪ੍ਰਮਾਤਮਾਂ ਦੇ ਚਰਨਾਂ ਦੀ ਸ਼ਰਨ ਵਿਚ ਵਸਦੀ ਹੈ, ਤਾਂ ਜੇਕਰ ਦੁਰਗਾ, ਭਵਾਨੀ ਵਿਚ ਅਗਿਆਨ ਹੈ ਪ੍ਰਮਾਤਮਾਂ ਨੂੰ ਨਹੀਂ ਜਾਣਦੀਆਂ ਤਾਂ ਉਨ੍ਹਾਂ ਦੀ ਪ੍ਰਮਾਤਮਾਂ ਨੂੰ ਮਲਨਾਂ ਰੂਪ ਸੇਵਾ ਤੇ ਚਰਨਾਂ ਵਿਚ ਵੱਸਣਾ ਆਦਕ ਕੁਛ ਵੀ ਨਹੀਂ ਸਿਧ ਹੋ ਸਕਣਾ, ਕਿਉਂਕਿ ਜਦ ਉਹ ਪ੍ਰਮਾਤਮਾਂ ਨੂੰ ਜਾਣਦੀਆਂ ਹੀ ਨਹੀਂ ਤਾਂ ਉਹ ਸੇਵਾ ਮਲਨਾਂ ਆਦਕ ਕਿਸਦੀ ਕਰਦੀਆਂ ਹਨ।

ਜੇਕਰ ਇਥੇ ਕਿਹਾ ਜਾਵੇ ਕਿ ਮਾਇਆ ਦਾ ਅਰਥ ਅਗਿਆਨ = ਪ੍ਰਮਾਤਮਾਂ ਨੂੰ ਨਾਂ ਜਾਣਨਾ ਨਹੀਂ ਕਿੰਤੂ ਕਾਮ ਕਰੋਧ ਹੰਕਾਰ ਆਦਕ ਹੈ ਤਾਂ ਕਾਮੀ ਕਰੋਧੀ, ਲੋਭੀ, ਹੰਕਾਰੀ ਆਦਕ ਕੋਈ ਵੀ ਸੰਸਾਰਕ ਵਿਸ਼ਿਆਂ ਦਾ ਪ੍ਰੇਮੀ ਪ੍ਰਮਾਤਮਾਂ ਦੇ ਚਰਨਾਂ ਵਿਚ ਵੱਸਣ ਵਾਲਾ ਜਾਂ ਸੇਵਾ ਕਰਨ ਵਾਲਾ ਹਜੂਰੀਆਂ ਨਹੀਂ ਹੋ ਸਕਦਾ ਜੇਕਰ ਹਠ ਹੋਵੇ ਕਿ ਹੋ ਸਕਦਾ ਹੈ ਤਾਂ ਪ੍ਰਮਾਤਮਾਂ ਪ੍ਰਾਪਤੀ ਦੀ ਇਛਿਆ ਵਾਲੇ ਜਗਿਆਸੂ ਨੂੰ ਕਿਸੇ ਸੰਸਾਰਕ ਵਿਸ਼ੇ ਜਾਂ ਕਾਮ, ਕਰੋਧ, ਲੋਭ ਮੋਹ ਹੰਕਾਰ ਆਦਕ ਦੇ ਤਿਆਗ ਦੀ ਕੋਈ ਲੋੜ ਹੀ ਨਹੀਂ ਹੋ ਸਕਦੀ, ਜੇਕਰ ਇਥੇ ਕਿਹਾ ਜਾਵੇ ਕਿ, ਮਾਇਆ ਮੋਹੇ, ਦਾ ਅਰਥ ਇਥੇ ਪ੍ਰਮਾਤਮਾਂ ਦਾ ਅੰਤ ਨਹੀਂ ਜਾਣਦੇਹੈ ਤਾਂ ਜਿਨ੍ਹਾਂ ਸੰਤ ਮਹਾਤਮਾਂ ਦੀ ਉਪ੍ਰੋਕਤ ਗੁਰਬਾਣੀ ਵਿਚ ਸ਼ਰਣ ਜਾਣਾ ਲਿਖਿਆ ਹੈ ਉਹ

Digitized by Panjab Digital Library | www.panjabdigilib.org

ਸੰਤ ਮਹਾਤਮਾਂ ਵੀ ਪ੍ਰਮਾਤਮਾਂ ਦੇ ਅੰਤ ਨੂੰ ਨਹੀਂ ਜਾਣਦੇ ਤਾਂ ਉਨ੍ਹਾਂ ਦੀ ਸ਼ਰਣ ਜਾਣ ਕਰਕੇ ਜੀਵ ਦਾ ਕਲਿਆਨ ਕਿਵੇਂ ਹੋਵੇਗਾ, ਤਥਾ—ਸ੍ਰੀ ਗੁਰੂ ਜੀ ਵੀ ਪਿਛੇ ਦੱਸ ਆਏ ਹਾਂ ਕਿ ਫੁਰਮਾ ਰਹੇ ਹਨ ਕਿ ਮੇਰੇ ਲਾਲ ਜੀਉ ਤੇਰਾ ਅੰਤ ਨ ਜਾਣਾ, ਸੂਹੀ ਮ: ੧ ਅਤੇ ਮਹਾ ਮੋਹ ਅਗਿਆਨ ਤਿਮਰ ਮੋ ਮਨੁ ਰਹਿਓ ਉਰਝਾਈ, ਸੋਰਠ ਮ: ੯ ਤਾਂ ਉਨ੍ਹਾਂ ਸ੍ਰੀ ਗੁਰੂ ਸਾਹਿਬਾਂ ਦੀ ਅਸੀਂ ਸ਼ਰਣ ਲੈਕੇ ਫਿਰ ਕਿਵੇਂ ਤਰਾਂਗੇ ਜੇਕਰ ਅਸੀਂ ਤਰ ਸਕਦੇ ਹਾਂ ਤਾਂ ਦੇਵੀਆਂ ਜੇਕਰ ਪ੍ਰਮਾਤਮਾਂ ਦੀ ਮਾਇਆ ਵਿਚ ਮੋਹੀਆਂ ਗਈਆਂ ਹਨ ਭਾਵ ਅੰਤ ਨਹੀਂ ਪਾ ਸਕੀਆਂ ਤਾਂ ਉਨ੍ਹਾਂ ਦੀ ਵੀ ਸ਼ਰਣ ਵਿਚ ਜਾਕੇ ਤਰਨ ਵਿਚ ਕੋਈ ਅੜਚਨ ਨਹੀਂ ਪੈਦਾ ਹੋ ਸਕਦੀ।

ਬਾਕੀ (ਅ) ਕੋਟ ਦੇਵੀ ਜਾਕਉ ਸੇਵਹਿ ਲਖਮੀ ਅਨਿਕ ਭਾਂਤਿ, ਇਸ ਪ੍ਰਮਾਣ ਦਾ ਵੀ ਜੇਕਰ ਦੇਵੀ ਦੀ ਮਾਨਤਾ ਦਾ ਖੰਡਨ ਅਰਥ ਕਰੀਏ ਤਾਂ ਇੰਜ ਕਈ ਕਰੋੜਾਂ ਮਹਾਤਮਾਂ ਸੰਤ ਅਤੇ ਗੁਰੂ ਵੀ ਅਗੇ ਹੋ ਚੁਕੇ ਹਨ ਤੇ ਪ੍ਰਮਾਤਮਾਂ ਦੀ ਸੇਵਾ ਦੇ ਅਭਿਲਾਖੀ ਵੀ ਰਹੇ ਹਨ ਬਲਕਿ ਇਸੇ ਸ਼ਬਦ ਦੇ ਸ਼ੁਰੂ ਵਿਚ ਹੀ ਲਿਖਿਆ ਹੈ ਕਿ, ਜਾਕਉ ਖੋਜਹਿ ਅਸੰਖ ਮੁਨੀ ਅਨੇਕ ਤਪੇ, ਅਤੇ ਅੰਤ ਵਿਚ ਲਿਖਿਆ ਹੈ ਕਿ, ਏਹੁ ਦਾਨੁ ਮਾਨੁ ਨਾਨਕੁ ਪਾਏ ਸੀਸੁ ਸਾਧਹ ਧਰਿ ਚਰਨੀ, ਤਾਂ ਫਿਰ ਅਜ ਅਸੀਂ ਕਿਸੇ ਸੰਤ ਸਾਧ ਰਿਖੀ, ਮੁਨੀ ਜਾਂ ਗੁਰੂ ਦੀ ਮਾਨਤਾ ਨਹੀਂ ਕਰ ਸਕਾਂਗੇ ਕਿਉਂਕਿ ਗੁਰਬਾਣੀ ਵਿਚ ਥਾਂ ਥਾਂ ਤੇ ਗੁਰੂ ਅਤੇ ਸੰਤਾਂ ਦੀ ਸ਼ਰਣ ਵਿਚ ਜਾ ਕੇ ਤਰਨਾ ਲਿਖਿਆ ਹੈ ਯਥਾ:—ਸੰਤ ਕ੍ਰਿਪਾ ਤੇ ਜਮ ਤੇ ਛੁਟੈ, ਸੁਖਮਨੀ

Digitized by Panjab Digital Library | www.panjabdigilib.org

ਸਾਹਿਬ, ਤਥਾ:-ਗੁਰੁ ਸਿਮਰਤ ਜਮ ਸੰਗਿ ਨ ਫਾਸਹਿ, ਗੁਰੁ ਸਿਮਰਤ ਮਨੁ ਨਿਰਮਲੁ ਹੋਵੈ ਗੁਰ ਕਾਟੇ ਅਪਮਾਨਾ ਹੇ, ਮਾਰੂ ਸੋਲਹੇ ਮ: ੫ ਜੇਕਰ ਇਥੇ ਕਿਹਾ ਜਾਵੇ ਕਿ, ਗੁਰ ਸਿਮਰਤ ਜਮ ਸੰਗਿ ਨ ਫਾਸਹਿ, ਵਾਕ ਵਿਚ ਗੁਰ ਨਾਮ ਪ੍ਰਮਾਤਮਾਂ ਦਾ ਹੀ ਹੈ ਇਸ ਲਈ ਪ੍ਰਮਾਤਮਾਂ ਦਾ ਸਿਮਰਨ ਹੀ ਅਰਥ ਹੈ ਪ੍ਰਮਾਤਮਾਂ ਤੋਂ ਵਖਰੇ ਕਿਸੇ ਗੁਰੂ ਦਾ ਸਿਮਰਨ ਕਰਨਾ ਇਥੇ ਅਰਥ ਨਹੀਂ, ਤਾਂ ਇਸੇ ਸ਼ਬਦ ਵਿਚ ਹੀ ਅੱਗੇ ਇਹ ਵਾਕ ਹੈ ਕਿ, ਅਗਮੁ ਅਗੋਚਰੁ ਗੁਰੂ ਦਿਖਾਇਆ ॥ ਭੂਲਾ ਮਾਰਗ ਸਤਿਗੁਰ ਪਾਇਆ ॥ ਤਾਂਤੇ ਅਗਮ, ਅਗੋਚਰ (ਪ੍ਰਮਾਤਮਾਂ) ਨੂੰ ਗੁਰੂ ਦਿਖਾਉਂਣ ਵਾਲਾ ਇਥੇ ਲਿਖਿਆ ਹੈ ਇਸ ਲਈ ਇਥੇ ਗੁਰ ਸਿਮਰਤ ਦਾ ਅਰਥ ਪ੍ਰਮਾਤਮਾਂ ਨੂੰ ਦਿਖਾਉਣ ਵਾਲੇ ਗੁਰੂ ਦੇ ਸਿਮਰਨ ਦੁਆਰਾ ਵੀ, ਜਮ ਸੰਗਿ ਨਾ ਫਾਸਹਿ, ਮਨੁ ਨਿਰਮਲ ਹੋਵੇ ਆਦਕ ਕਲਿਆਨ ਹੁੰਦੀ ਸਿਧ ਹੋ ਰਹੀ ਹੈ ਕਿੰਤੂ ਪੰਜਵੇਂ ਗੁਰੂ ਜੀ ਫੁਰਮਾਉਂਦੇ ਹਨ, ਕਿਆ ਸੇਵ ਕਮਾਵਉ ਕਿਆ ਕਹਿ ਰੀਝਾਵਉ ਬਿਧ ਕਿਤੁ ਪਾਵਉ ਦਰਸਾਰੇ ॥ ਸੂਹੀ ਮ: ੫ ਪ੍ਰੰਤੂ ਅਸੀਂ ਪੰਜਵੇਂ ਗੁਰੂ ਜੀ ਨੂੰ, ਗੁਰ ਅਰਜਨ ਪ੍ਰਤਖ ਹਰਿ (ਸਵਯੇ ਮਹਲੇ ਪੰਜਵੇਂ ਕੇ) ਵੀ ਮੰਨਦੇ ਹਾਂ ਤਥਾ:-ਗੁਰ ਬਿਨ ਕੋਇ ਨ ਉਤਰਸਿ ਪਾਰ (ਗੌਂਡ ਮ: ੫) ਅਸੀਂ ਮੰਨਦੇ ਹਾਂ ਤਾਂਤੇ ਉਪ੍ਰੋਕਤ ਪ੍ਰਮਾਣ ਦਾ ਅਰਥ ਕੇਵਲ ਦੇਵੀ ਦੀ ਮਾਨਤਾ ਖੰਡਨ ਵਿਚ ਨਹੀਂ ਹੋ ਸਕਦਾ ਕਿੰਤੂ ਮੂਲ ਸਰੂਪ ਪ੍ਰਮਾਤਮਾਂ ਦੀ ਉਪਮਾਂ ਪਸ਼ਟੀ ਹੈ।

(ੲ-ਸ) ਦੇਵੀਆ ਨਹੀਂ ਜਾਨੈ ਮਰਮ ॥ ਦੇਵੀ ਮਰਮ

Digitized by Panjab Digital Library | www.panjabdigilib.org

ਨ ਪਾਇਆ ॥ ਇਨ੍ਹਾਂ ਪ੍ਰਮਾਣਾਂ ਦਾ ਵੀ ਅਰਥ ਜੇਕਰ ਦੇਵੀ ਦੀ ਮਾਨਤਾ ਨਿਸ਼ੇਧ ਕਰੀਏ ਕਿ ਦੇਵੀਆਂ ਨੇ ਪ੍ਰਮਾਤਮਾਂ ਦਾ ਮਰਮ = ਭੇਦ ਨਹੀਂ ਪਾਇਆ ਇਸ ਲਈ ਦੇਵੀ ਨੂੰ ਮੰਨਣ ਪੂਜਣ ਦਾ ਨਿਸ਼ੇਧ ਹੈ ਤਾਂ ਇੰਜ ਕਈ ਸੰਤ ਮਹਾਤਮਾਂ ਅਤੇ ਗੁਰੂ ਰਿਸ਼ੀ ਹੋਇ ਹਨ ਕਿਸੇ ਨੇ ਵੀ ਨਹੀਂ ਕਿਹਾ ਕਿ ਮੈਂ ਪ੍ਰਮਾਤਮਾਂ ਦਾ ਭੇਦ = ਪੂਰਾ ਅੰਤ ਪਾ ਲਿਆ ਹੈ, ਬਲਕਿ ਸ੍ਰੀ ਗੁਰੂ ਜੀ ਹੀ ਫੁਰਮਾਉਂਦੇ ਹਨ ਕਿ, ਹਮ ਕਿਆ ਗੁਣ ਤੇਰੇ ਵਿਥਰਹਿ ਸੁਆਮੀ ਤੂੰ ਅਪਰ ਅਪਾਰੋ ਰਾਮ ਰਾਜੇ ॥ ਆਸਾ ਮ: ੪ ਛੰਤ ਤਥਾ:-ਮਿਤਿ ਨਹੀਂ ਪਾਈਐ ਅੰਤ ਨ ਲਹੀਐ ਮਨ ਤਰਸੈ ਚਰਨਾਰੇ ॥ ਸੂਹੀ ਮ: ੫ ॥ ਤਾਂ ਫਿਰ ਅਸੀਂ ਸੰਤਾਂ ਮਹਾਤਮਾਂ, ਰਿਸ਼ੀਆਂ, ਗੁਰੂ ਸਹਿਬਾਂ ਦੀ ਆਪਣੀ ਕਲਿਆਨ ਹਿਤ ਸ਼ਰਨ ਵਿਚ ਕਿਵੇਂ ਜਾ ਸਕਾਂਗੇ ਤਾਂਤੇ ਉਤੇ ਦੱਸਿਆ ਗਿਆ ਹੈ ਕਿ ਇਨ੍ਹਾਂ ਪ੍ਰਮਾਣਾਂ ਦਾ ਸਾਰ ਅੰਸ਼ ਮੂਲ ਸਰੂਪ ਪ੍ਰਮਾਤਮਾਂ ਦੀ ਕੇਵਲ ਉਪਮਾਂ ਦੀ ਅਤੀ ਪੁਸ਼ਟੀ ਹੈ ਖੰਡਨ ਕਿਸੇ ਦਾ ਨਹੀਂ ਕੀਤਾ ਗਿਆ, ਜੇਕਰ ਅਸੀਂ ਇਥੇ ਖੰਡਨ ਕਰਦੇ ਹਾਂ ਤਾਂ ਜਿਨ੍ਹਾਂ ਨੇ ਪ੍ਰਮਾਤਮਾਂ ਦਾ ਅੰਤ ਨਹੀਂ ਪਾਇਆ ਉਨ੍ਹਾਂ ਸੰਤਾਂ ਮਹਾਤਮਾਂ ਆਦਕਾਂ ਦੀ ਸ਼ਰਣ ਲੈਣ ਕਰਕੇ ਹੀ ਉਤੇ ਦਸਿਆ ਗਿਆ ਹੈ ਕਿ ਸਾਡੀ ਕਲਿਆਨ ਹੈ ਅਤੇ ਹੋਰ ਵੀ ਬੇਅੰਤ ਵਾਕ ਮਿਲਦੇ ਹਨ ਯਥਾ:-ਸੰਤਹ ਚਰਨ ਮਾਥਾ ਮੇਰੋ ਪਉਤ, ਅਨਿਕ ਬਾਰ ਸੰਤਹ ਡੰਡਉਤ, ਰਾਮ ਕਲੀ ਮ: ੫ ਸ਼ਬਦ ੨੧ ਤਥਾ:-ਅੰਤਰਿ ਗੁਰੂ ਅਰਾਧਣਾ ਜਿਹਵਾ ਜਪਿ ਗੁਰ ਨਾਉ, ਨੇਤ੍ਰੀ ਸਤਿਗੁਰੁ ਪੇਖਣਾ ਸ੍ਰਵਣੀ ਸੁਨਣਾ ਗੁਰਨਾਉ ॥ ਗੂਜਰੀ ਕੀ

Digitized by Panjab Digital Library | www.panjabdigilib.org

ਵਾਰ ਮ: ੫ ॥ ਤਾਂਤੇ ਗੁਰੂ ਸਾਹਿਬਾਂ ਦਾ ਨਾਮ ਜਪਣਾ ਆਦਕ ਤੇ ਸੰਤਾਂ ਨੂੰ ਅਨੇਕ ਬਾਰ ਡੰਡਉਤ ਆਦਕ ਕਰਨੀ ਮੁਸ਼ਕਲ ਹੋ ਜਾਵੇਗੀ, ਜੇਕਰ ਇਥੇ ਕਿਹਾ ਜਾਵੇ ਕਿ ਦੇਵੀਆਂ ਨੇ ਪ੍ਰਮਾਤਮਾਂ ਦਾ ਭੇਦ ਕਿੰਚਤ ਮਾਤ੍ਰ ਵੀ ਨਹੀਂ ਪਾਇਆ ਅਰਥ ਹੈ ਔਰ ਸੰਤਾਂ ਗੁਰੂਆਂ ਨੇ ਕੁਛ ਭੇਦ ਪਾਇਆ ਹੈ ਸਾਰਾ ਨਹੀਂ ਇਸ ਲਈ ਉਨ੍ਹਾਂ ਦੀ ਸ਼ਰਨ ਵਿਚ ਜਾਣ ਕਰਕੇ ਜੀਵ ਦੀ ਕਲਿਆਨ ਹੁੰਦੀ ਹੈ ਤਾਂ ਫਿਰ ਉਪ੍ਰੋਕਤ ਜੋ ਪ੍ਰਮਾਣ ਲਿਖੇ ਹਨ ਕਿ, ਦੁਰਗਾ ਕੋਟਿ ਜਾਕੈ ਮਰਦਨ ਕਰੇ, ਜਾਂ ਚਰਨ ਸਰਨ ਜਿਹ ਬਸਤ ਭਵਾਨੀ, ਆਦਕ ਤਾਂ ਇਨ੍ਹਾਂ ਦਾ ਕੀ ਅਰਥ ਕਰਾਂਗੇ ਕ੍ਰਿਉਂਕਿ ਜੇਕਰ ਦੇਵੀਆਂ ਪ੍ਰਮਾਤਮਾਂ ਦਾ ਕੁਛ ਵੀ ਭੇਦ ਨਹੀਂ ਜਾਣਦੀਆਂ ਤਾਂ ਉਹ ਪ੍ਰਮਾਤਮਾਂ ਦੇ ਚਰਨਾਂ ਦੀ ਸ਼ਰਨ ਵਿਚ ਕਿਵੇਂ ਸਦਾ ਵਸਦੀ ਹੈ ਤੇ ਪ੍ਰਮਾਤਮਾਂ ਦੀ ਮਰਦਨ (ਮਲਨਾਂ = ਮੁਠੀ ਚਾਪੀ) ਰੂਪ ਸੇਵਾ ਉਹ ਕਿਵੇਂ ਕਰਦੀਆਂ ਹਨ ਤੇ ਕਿਸਦੀ ਕਰਦੀਆਂ ਹਨ ਤਾਂਤੇ ਇਥੇ ਇਹ ਅਰਥ ਨਹੀਂ ਅਰਥ ਓਹੋ ਹੀ ਹੈ ਜੋ ਉਤੇ ਕੀਤਾ ਗਿਆ ਹੈ ਕਿ ਪ੍ਰਮਾਤਮਾਂ ਦੀ ਕੇਵਲ ਉਪਮਾਂ ਦੀ ਅਤੀ ਪੁਸ਼ਟੀ ਹੈ।

(ਹ) ਦੁਰਗਾ ਕੋਟ ਜਾਕੈ ਮਰਦਨ ਕਰੇ ॥ ਇਸ ਪ੍ਰਮਾਣ ਦਾ ਵੀ ਅਰਥ ਦੇਵੀ ਦੀ ਪੂਜਾ ਸਤਿਕਾਰ ਦਾ ਨਿਸ਼ੇਧ ਨਹੀਂ ਹੋ ਸਕਦਾ, ਸਭ ਦਾ ਮੂਲ ਸਰੂਪ ਪ੍ਰਮਾਤਮਾਂ ਦੀ ਉਪਮਾਂ ਦੀ ਅਤੀ ਪੁਸ਼ਟੀ ਹੀ ਅਰਥ ਹੈ ਇਸਦਾ ਨਿਰਣਾ ਪਿਛੇ ਇਸੇ ਦੇ ਪ੍ਰਸ਼ਨ ਨੰਬਰ ੩੭ ਦੇ ਉਤਰ ਵਿਚ ਕੀਤਾ ਜਾ ਚੁਕਾ ਹੈ ਉਥੇ ਦੇਖੋ, ਬਾਕੀ ਜਿਨ੍ਹਾਂ ਸੰਤ ਮਹਾਤਮਾਂ ਦੀ ਸ਼ਰਣ ਜਾਣ ਦਾ ਹੁਕਮ ਗੁਰਬਾਣੀ ਵਿਚ ਲਿਖਿਆ ਮਿਲਦਾ

Digitized by Panjab Digital Library | www.panjabdigilib.org

ਹੈ ਯਥਾ:-ਗਉੜੀ ਸੁਖਮਨੀ ਮ: ੫ ਸਲੋਕ ੧੨ ਸੰਤ ਸਰਨਿ ਜੋ ਜਨੁ ਪਰੈ ਸੋ ਜਨੁ ਉਧਰਨ ਹਾਰ ॥ ਤਾਂ ਉਨ੍ਹਾਂ ਸੰਤਾਂ ਦੇ ਲਖਸ਼ਨ ਭੀ ਗੁਰੂ ਜੀ ਨੇ ਲਿਖੇ ਹਨ ਯਥਾ:-ਮੰਤ੍ਰੰ ਰਾਮ ਰਾਮ ਨਾਮੰ ਧ੍ਯਾਨੰ ਸਰਬਤ੍ਰ ਪੂਰਨਹ ॥ ਸਲੋਕ ਸਹਸ ਕ੍ਰਿਤੀ ਮ: ੫ ਸਲੋਕ ੪੦ ਇਥੇ ਪਹਿਲਾ ਲਖਸ਼ਣ ਰਾਮ ਰਾਮ ਦੇ ਨਾਮ ਦਾ ਜਿਨ੍ਹਾਂ ਦਾ ਮੰਤ੍ਰ ਹੈ ਉਹ ਸੰਤ ਹਨ ਲਿਖਿਆ ਹੈ ਤਾਂਤੇ (ਰਾਮ) ਪ੍ਰਮਾਤਮਾਂ ਦੇ ਨਾਮ ਜਪਣ ਵਾਲੇ ਸੰਤ ਸਿਧ ਹੋਇ ਜੋ ਜਿਸਦਾ ਨਾਮ ਜਪਦਾ ਹੈ ਉਹ ਉਸਦਾ ਸੇਵਕ ਹੀ ਕਿਹਾ ਜਾ ਸਕਦਾ ਹੈ ਇਸ ਲਈ ਦੁਰਗਾ ਕਰੋੜਾਂ ਪ੍ਰਮਾਤਮਾਂ ਦੀ ਸੇਵਾ ਮਰਦਨ = ਮਲਨਾ, ਮੁਠੀ ਚਾਪੀ ਆਦਕ ਕਰਦੀਆਂ ਕਰਕੇ ਸੇਵਕ ਸਾਬਤ ਹੁੰਦੀਆਂ ਹਨ ਤਾਂ ਇਧਰ ਕਰੋੜਾ ਸੰਤ ਵੀ ਉਸ ਪ੍ਰਮਾਤਮਾਂ ਦਾ ਨਾਮ ਜਪਣ ਕਰਕੇ ਸੇਵਕ ਹੀ ਸਾਬਤ ਹੁੰਦੇ ਹਨ ਤਾਂ ਸੰਤ ਰੂਪ ਸੇਵਕਾਂ ਦੀ ਸ਼ਰਨ ਜਾਣ ਕਰਕੇ ਉਤੇ ਦੱਸਿਆ ਗਿਆ ਹੈ ਕਿ ਗੁਰਬਾਣੀ ਵਿਚ ਉਧਾਰ ਹੁੰਦਾ ਲਿਖਿਆ ਹੈ ਤੇ ਦੇਵੀ ਦੀ ਸ਼ਰਨ ਜਾਣ ਵਿਚ ਫਿਰ ਕੀ ਅੜਚਨ ਪੈ ਸਕਦੀ ਹੈ ਜਿਸ ਲਈ ਦੇਵੀ ਦੀ (ਸੇਵਕ ਹੋਣ ਦੇ ਦੋਸ਼ ਕਰਕੇ ਹੀ) ਪੂਜਾ ਮਾਨਤਾ ਨਹੀਂ ਕੀਤੀ ਜਾ ਸਕਦੀ ਅਰਥ ਕੀਤਾ ਜਾ ਸਕੇ, ਪਤਾ ਨਹੀਂ ਸ੍ਰੀ ਭਾਗ ਮਲ ਜੀ ਕਿਸ ਖਿਆਲ ਦੇ ਮਾਲਕ ਹਨ ਜੇੜ੍ਹੇ ਸੰਤ ਮਹਾਤਮਾਂ ਪ੍ਰਮਾਤਮਾਂ ਦੇ ਦਰਸ਼ਨ ਵਾਸਤੇ ਨਿਤ ਪ੍ਰਮਾਤਮਾਂ ਦਾ ਨਾਮ ਜਪਦੇ ਹਨ ਉਨ੍ਹਾਂ ਸੰਤ ਮਹਾਤਮਾਂ ਦੀ ਸ਼ਰਨ ਜਾਣ ਦਾ ਖੰਡਨ ਨਹੀਂ ਕਰਦੇ ਤੇ ਜੇੜ੍ਹੀਆਂ ਦੇਵੀਆਂ ਪ੍ਰਮਾਤਮਾਂ ਦੇ ਦਰਸ਼ਨ ਛਡਕੇ ਨਿਤ ਉਸ ਪ੍ਰਮਾਤਮਾਂ ਨੂੰ ਮੁਠੀ ਚਾਪੀ

Digitized by Panjab Digital Library | www.panjabdigilib.org

ਕਰਦੀਆਂ ਹਨ ਉਨ੍ਹਾਂ ਦੇਵੀਆਂ ਦੀ ਸ਼ਰਨ ਜਾਣਾ ਪੂਜਾ ਆਦਕ ਦਾ ਖੰਡਨ ਉਪ੍ਰੋਕਤ ਪ੍ਰਮਾਣ ਦੁਆਰਾ ਹੀ ਕਰਨਾ ਚਾਹੁੰਦੇ ਹਨ।

(ਕ) ਚਰਨ ਸਰਨ ਜਿਹ ਬਸਤ ਭਵਾਨੀ, ਇਸ ਪ੍ਰਮਾਣ ਦਾ ਵੀ ਅਰਥ ਭਵਾਨੀ ਦੇਵੀ ਦੀ ਪੂਜਾ ਮਾਨਜਤਾ ਦਾ ਨਿਸ਼ੇਧ ਨਹੀਂ ਕੀਤਾ ਜਾ ਸਕਦਾ, ਕਿਉਂਕਿ ਸ੍ਰੀ ਦਸਮੇਸ਼ ਜੀ ਇਹ ਵੀ ਲਿਖਦੇ ਹਨ ਕਿ, ਸੋਈ ਭਵਾਨੀ ਨਾਮ ਕਹਾਈ, ਜਿਨ ਸਗਰੀ ਇਹ ਸ੍ਰਿਸਟਿ ਉਪਾਈ (ਚੌਬੀਸ ਅਵਤਾਰ ਛੰਦ ੨੯) ਬਾਕੀ ਭਵਾਨੀ ਦੇਵੀ ਪ੍ਰਮਾਤਮਾਂ ਦੇ ਚਰਨਾਂ ਦੀ ਸ਼ਰਨ ਵਿਚ ਵਸਦੀ ਹੈ ਇਸ ਲਈ ਇਥੇ ਦੇਵੀ ਦੀ ਮਾਨਜਤਾ ਦਾ ਖੰਡਨ ਅਰਥ ਕਰੀਏ ਤਾਂ ਇਹ ਕਈ ਵੇਰ ਪਿਛੇ ਦੱਸਿਆ ਜਾ ਚੁਕਾ ਹੈ ਕਿ ਜਿਨ੍ਹਾਂ ਸੰਤ ਮਹਾਤਮਾਂ ਦੀ ਸ਼ਰਨ ਜਾਣ ਕਰਕੇ ਅਸੀਂ ਆਪਣੀ ਕਲਿਆਨ ਮੰਨਦੇ ਹਾਂ ਜੀ, ਉਹ ਸੰਤ ਪ੍ਰਮਾਤਮਾਂ ਦੇ ਚਰਨਾਂ ਦੀ ਸ਼ਰਨ ਵਿਚ ਵਸਣ ਦੀ ਇਛਾ ਨਹੀਂ ਕਰਦੇ ਜਾਂ ਉਨ੍ਹਾਂ ਦੇ ਚਿਤ ਵਿਚ ਪ੍ਰਮਾਤਮਾਂ ਦੇ ਚਰਨ ਨਹੀਂ ਵਸਦੇ, ਜੇਕਰ ਗੁਰਬਾਣੀ ਵਿਚ ਪ੍ਰਮਾਤਮਾਂ ਦੇ ਨਾਮ ਦਾ ਸੁਵਾਸ ਸੁਵਾਸ ਸਿਮਰਨ ਕਰਨ ਵਾਲੇ ਨੂੰ ਸੰਤ ਕਿਹਾ ਹੈ, ਯਥਾ:-ਜਿਨਾ ਸਾਸ ਗਿਰਾਸਿ ਨ ਵਿਸਰੈ ਹਰਿ ਨਾਮਾਂ ਮਨਿ ਮੰਤੁ, ਧੰਨੁ ਸਿ ਸੇਈ ਨਾਨਕਾ ਪੂਰਨੁ ਸੋਈ ਸੰਤੁ, ਗੌੜੀ ਕੀ ਵਾਰ ਦੂਜੀ ਸਲੋਕ ਮ: ੫ ਤਾਂ ਉਸ ਸੰਤ ਦੇ ਚਿਤ ਵਿਚ ਪ੍ਰਮਾਤਮਾਂ ਦੇ ਚਰਨ ਕਿਵੇਂ ਨਹੀਂ ਸੁਵਾਸ ਸੁਵਾਸ ਵਿਚ ਵਸਦੇ, ਜਾਂ ਉਹ ਪ੍ਰਮਾਤਮਾਂ ਦੇ ਚਰਨਾਂ ਦੀ ਸ਼ਰਨ ਵਿਚ ਕਿਵੇਂ ਨਹੀਂ ਵਸਦਾ, ਜੇਕਰ ਵਸਦਾ ਹੈ ਤਾਂ ਕੇਵਲ ਦੇਵੀ ਦੀ (ਪ੍ਰਮਾਤਮਾਂ ਦੇ ਚਰਨਾਂ

Digitized by Panjab Digital Library | www.panjabdigilib.org

ਦੀ ਸ਼ਰਨ ਵਿਚ ਵੱਸਣ ਕਰਕੇ) ਪੂਜਾ ਮਾਨਜਤਾ ਖੰਡਨ ਕਿਵੇਂ ਕੀਤੀ ਜਾ ਸਕਦੀ ਹੈ ਬਾਕੀ ਇਸ, ਚਰਨ ਸਰਨ ਜਿਹ ਬਸਤ ਭਵਾਨੀ ॥ ਪ੍ਰਮਾਣ ਦਾ ਉਤਰ ਪਿਛੇ ਇਸੇ ਦੇ ਪ੍ਰਸ਼ਨ ਨੰਬਰ ੬ ਦੇ ਉਤਰ ਵਿਚ ਅਖੀਰ ਤੇ, ਦੇਵੀ ਪੂਜਨ ਪੜਤਾਲ ਦੇ ਸਫ਼ਾ ੨੦ ਤੇ ਲਿਖੇ ਇਸੇ ਪ੍ਰਮਾਣ ਦੇ ਉਤਰ ਵਿਚ ਦਿਤਾ ਜਾ ਚੁਕਾ ਹੋਇਆ ਹੈ ਉਥੇ ਦੇਖੋ ।

(ਖ) ਕਈ ਦੇਵਿ ਆਦਿ ਕੁਮਾਰ ॥ ਕਈ ਕਿਸ਼ਨ ਬਿਸ਼ਨ ਅਉਤਾਰ ॥ ਬਿਨ ਭਗਤ ਕੋ ਨ ਕਬੂਲ ॥ ਆਦਕ ਇਸ ਪ੍ਰਮਾਣ ਵਿਚ ਵੀ ਦੇਵੀ ਦੀ ਪੂਜਾ ਮਾਨਜਤਾ ਦੇ ਨਿਸ਼ੇਧ ਦਾ ਕੋਈ ਕਾਰਨ ਨਹੀਂ ਪ੍ਰੰਤੂ ਜੇਕਰ ਇਹ ਭਾਸਿਆ ਹੋਵੇ ਕਿ, ਬਿਨਾਂ ਭਗਤੀ ਤੋਂ ਕੋਈ ਵੀ ਕਬੂਲ ਨਹੀਂ ਹਨ ਇਸ ਲਈ ਭਗਤੀ ਕਰਨ ਵਾਲੇ ਪ੍ਰਮਾਤਮਾਂ ਤੋਂ ਨੀਵੇਂ ਹਨ ਤਾਂਤੇ ਉਨ੍ਹਾਂ ਦੀ ਪੂਜਾ ਮਾਨਜਤਾ ਦਾ ਨਿਸ਼ੇਧ ਹੀ ਅਰਥ ਹੈ ਤਾਂ ਇਹ ਪਿਛੇ ਦੱਸਿਆ ਗਿਆ ਹੈ ਕਿ ਇਨ੍ਹਾਂ ਪ੍ਰਮਾਣਾਂ ਵਿਚ ਮੂਲ ਸਰੂਪ ਪ੍ਰਮਾਤਮਾਂ ਦੀ ਦੇਵੀ ਦੇਵਤਿਆਂ ਦੇ ਸਾਕਾਰ ਸਰੀਰਾਂ ਦੀ ਪ੍ਰਾਧੀਨਤਾ ਦਿਖਾ ਕੇ ਗੰਭੀਰਤਾ ਰੂਪ ਉਪਮਾਂ ਹੀ ਸਿਧ ਕੀਤੀ ਹੈ ਵਾਸਤਵ ਖੰਡਨ ਵਿਚ ਤਾਤਪ੍ਰਜ ਨਹੀਂ ਹੋ ਸਕਦਾ, ਕ੍ਰਿਸ਼ਨ, ਵਿਸ਼ਨੂੰ ਅਵਤਾਰਾਂ ਬਾਬਤ ਦੇਖੋ ਗੁਰਮਤ ਵਿਚਾਰ ਸੂਰਜ, ਦੇ ਅਵਤਾਰ ਵਿਚਾਰ ਵਿਚ ਵਿਸ਼ੇਸ਼ ਨਿਰਨਾਂ ਕੀਤਾ ਹੋਇਆ ਹੈ, ਬਾਕੀ ਜਿਨ੍ਹਾਂ ਸੰਤਾਂ, ਮਹਾਤਮਾਂ, ਗੁਰੂਆਂ ਦੀ ਸ਼ਰਣ ਜਾਣ ਕਰਕੇ ਉਧਾਰ ਹੋਣਾ ਗੁਰਬਾਣੀ ਵਿਚ ਅਨੇਕਾਂ ਥਾਂਈ ਲਿਖਿਆ ਹੈ ਉਹ ਸੰਤ ਮਹਾਤਮਾਂ ਅਤੇ ਗੁਰੂ ਵੀ ਪ੍ਰਮਾਤਮਾਂ ਦੀ ਭਗਤੀ ਤੋਂ ਬਿਨਾਂ ਨਹੀਂ ਹਨ, ਕਾਰਨ

Digitized by Panjab Digital Library | www.panjabdigilib.org

ਇਹ ਕਿ ਉਹ ਪ੍ਰਮਾਤਮਾਂ ਦੀ ਭਗਤੀ ਕਰਦੇ ਸਿਧ ਹੁੰਦੇ ਹਨ, ਜੇਕਰ ਭਗਤੀ ਤੋਂ ਬਿਨਾਂ ਕਬੂਲ ਹੁੰਦੇ ਤਾਂ ਉਹ ਕਦੀਂ ਵੀ ਭਗਤੀ ਨਾ ਕਰਦੇ, ਤਾਂਤੇ ਫਿਰ ਇੰਜ ਇਥੇ ਉਨ੍ਹਾਂ ਸੰਤਾਂ, ਗੁਰੂਆਂ ਦੀ ਸ਼ਰਣ ਜਾਣ ਕਰਕੇ ਉਧਾਰ ਹੋਣ ਦਾ ਨਿਸ਼ੇਧ ਹੀ ਅਰਥ ਕਰਨਾਪਵੇਗਾ ਜੋ ਕਿਸੇ ਵੀ ਵਿਚਾਰਦੁਆਰਾ ਠੀਕਨਹੀਂ ਜਚੇਗਾ ਬਾਕੀ ਸ੍ਰੀ ਗੁਰੂ ਸਾਹਿਬਾਂ ਨੂੰ ਅਸੀਂ, ਆਪ ਨਰਾਇਣ ਕਲਾ ਧਾਰ ਜਗ ਮਹਿ ਪ੍ਰਵਰਯਉ, ਆਦਕ ਪ੍ਰਮਾਤਮਾਂ ਸਰੂਪ ਹੀ ਮੰਨਦੇ ਹਾਂ ਪ੍ਰੰਤੂ, ਉਧਉ ਅਕਰੂਰ ਤ੍ਰਿਲੋਚਨ ਨਾਮਾ ਕਲਿ ਕਬੀਰ ਕਿਲ ਵਿਖ ਹਰਿਆ, ਸੋਈ ਨਾਮ ਅਛਲ ਭਗਤਹ ਭਵ ਤਾਰਨ ਅਮਰਦਾਸ ਗੁਰ ਕਉ ਫੁਰਿਆ, (ਸਵਯੇ ਮਹਲੇ ਤੀਜੇ ਕੇ) ਵਿਚ ਭਟਾਂ ਹੀ ਗੁਰੂ ਜੀ ਨੂੰ ਵੀ ਓਹੋ ਨਾਮ ਫੁਰਿਆ ਕਿਹਾ ਹੈ ਜਿਸ ਨਾਮ ਨੂੰ, ਊਧੋ, ਅਕਰੂਰ ਭਗਤ, ਨਾਮ ਦੇਵ ਕਬੀਰ ਜੀ ਤ੍ਰਿਲੋਚਨ ਆਦਕ ਭਗਤਾਂ ਨੇ ਸਿਮਰ ਕੇ ਪਾਪਾਂ ਨੂੰ ਦੂਰ ਕੀਤਾ ਹੈ, ਤਾਂ ਇੰਜ ਇਥੇ ਫਿਰ ਅਸੀਂ ਕੀ ਗੁਰੂ ਸਾਹਿਬਾਂ ਨੂੰ ਊਧਵ, ਅਕਰੂਰ ਆਦਕ ਭਗਤਾਂ ਦਾ ਹੀ ਦਰਜਾ ਦੇਵਾਂਗੇ, ਜੇਕਰ ਨਹੀਂ ਤਾਂ ਤਿਵੇਂ ਉਪ੍ਰੋਕਤ ਕਈ ਕੋਟਿ ਆਦਿ ਕੁਮਾਰ, ਪ੍ਰਮਾਣ ਦੇ ਅਰਥ ਵਿਚ ਵੀ ਰਾਮ, ਕ੍ਰਿਸ਼ਨ ਅਤੇ ਵਿਸ਼ਨੂੰ ਆਦਕਾਂ ਦਾ ਦਰਜਾ ਆਂਮ ਰਸੂਲ ਆਦਕਾਂ ਦੇ ਤੁਲ ਨਹੀਂ ਹੋ ਸਕੇਗਾ, ਕਿੰਤੂ ਪ੍ਰਮਾਤਮਾਂ ਸਰੂਪ ਹੀ ਹੋਵੇਗਾ।

(ਗ) ਦੇਵੀ ਦੇਵਾ ਪੂਜੀਐ ਭਾਈ ਕਿਆ ਮਾਗਉ ਕਿਆ ਦੇਹਿ, ਇਸ ਪ੍ਰਮਾਣ ਵਿਚ ਗਿਆਨ ਕਾਂਡ ਵਰਨਨ ਸਪਸ਼ਟ ਹੈ ਜੋ ਇਸ ਤੋਂ ਪਹਿਲੀਆਂ ਤੁਕਾਂ ਵਿਚ ਲਿਖਿਆ

Digitized by Panjab Digital Library | www.panjabdigilib.org

ਹੈ ਕਿ, ਜਲਿ ਮਲਿ ਕਾਇਆ ਮਾਜੀਐ ਭਾਈ ਭੀ ਮੈਲਾ ਤਨੁ ਹੋਇ, ਗਿਆਨਿ ਮਹਾ ਰਸਿ ਨਾਈਐ ਭਾਈ ਮਨੁ ਤਨੁ ਨਿਰਮਲ ਹੋਇ, ਇਥੇ ਪਾਣੀ ਨਾਲ ਸਰੀਰ ਨੂੰ ਮਾਂਜੀਐ = ਸਾਫ ਕਰਕੇ ਇਸ਼ਨਾਨ ਕਰਨਾ ਵੀ ਨਿਸ਼ੇਧ ਅਰਥ ਪ੍ਰਤੀਤ ਹੋ ਰਿਹਾ ਹੈ, ਪ੍ਰੰਤੂ ਗੁਰਬਾਣੀ ਵਿਚ ਪਾਣੀ ਨਾਲ ਇਸ਼ਨਾਨ ਕਰਨ ਦੇ ਤਿਆਗੀ ਨੂੰ ਤਾੜਨਾ ਕੀਤੀ ਹੈ ਯਥਾ:-ਨਾਨਕ ਜੇ ਸਿਰ ਖੁਥੇ ਨਾਵਨਿ ਨਾਹੀ ਤਾ ਸਤ ਚਟੇ ਸਿਰ ਛਾਈ, ਮਾਝ ਕੀ ਵਾਰ ਮ: ੧ ਔਰ ਗੁਰਸਿਖ ਲਈ ਇਸ਼ਨਾਨ ਦਾ ਵਿਧਾਨ ਭੀ ਕੀਤਾ ਹੈ ਯਤਾ:ਗੁਰ ਸਤਿਗੁਰ ਕਾ ਜੋ ਸਿਖੁ ਅਖਾਏ ਸੁ ਭਲਕੇ ਉਠਿ ਹਰਿ ਨਾਮੁ ਧਿਆਵੈ, ਉਦਮੁ ਕਰੇ ਭਲਕੇ ਪ੍ਰਭਾਤੀ ਇਸਨਾਨੁ ਕਰੇ ਅੰਮ੍ਰਿਤਸਰਿ ਨਾਵੈ, ਗੌੜੀ ਕੀ ਵਾਰ ਮ: ੪ ਤਥਾ: ਕਰਿ ਇਸਨਾਨੁ ਸਿਮਰਿ ਪ੍ਰਭੁ ਅਪਨਾ ਮਨ ਤਨ ਭਏ ਅਰੋਗਾ ॥ ਸੋਰਠ ਮ: ੫ ॥ ਤਾਂਤੇ ਉਪ੍ਰੋਕਤ ਜਲਿ ਮਲਿ ਕਾਇਆ ਮਾਂਜੀਐ ਭਾਈ ਆਦਕ ਤੁਕਾਂ ਵਿਚ ਵੀ ਪਾਣੀ ਨਾਲ ਇਸ਼ਨਾਨ ਕਰਨ ਦਾ ਖੰਡਨ ਕਰਨਾ ਅਰਥ ਨਹੀਂ ਮੰਨਿਆ ਜਾ ਸਕਦਾ ਕੇਵਲ ਗਿਆਨ ਕਾਂਡ ਦੀ ਮੱਹਤਤਾ ਹੀ ਅਰਥ ਹੋ ਸਕਦਾ ਹੈ ਤਿਵੇਂ, ਦੇਵੀ ਦੇਵਾ ਪੂਜੀਐ ਭਾਈ, ਆਦਕ ਤੁਕ ਦਾ ਵੀ ਭਾਵ ਗਿਆਨ ਕਾਂਡ ਦੀ ਮੱਹਤਤਾ ਹੈ ਵਾਸਤਵ ਕਿਸੇ ਦੇਵੀ ਦੇਵਤੇ, ਸੰਤ, ਗੁਰੂ, ਅਵਤਾਰਾਂ ਦੇ ਖੰਡਨ ਵਿਚ ਤਾਤ ਪ੍ਰਜ ਨਹੀਂ ਜਿਵੇਂ, ਗਿਆਨੈ ਕਾਰਨ ਕਰਮ ਅਭਿਆਸੁ ॥ ਗਿਆਨੁ ਭਇਆ ਤਹ ਕਰਮਹ ਨਾਸੁ ॥ ਭੈਰੋ ਰਵਿਦਾਸ ਜੀ, ਵਾਕ ਦੁਆਰਾ ਕਰਮ (ਅਭਿਆਸ) ਉਪਾਸ਼ਨਾਂ ਗਿਆਨ ਵਾਸਤੇ ਹੀ ਕੀਤੇ ਜਾਂਦੇ ਹਨ ਤੇ ਗਿਆਨ ਹੋਣ ਤੋਂ

Digitized by Panjab Digital Library | www.panjabdigilib.org

ਬਾਦ ਕਰਮ ਔਰ ਉਪਾਸ਼ਨਾਂ ਦੀ ਲੋੜ ਨਹੀਂ ਰਹਿੰਦੀ ਜਣਾਯਾ ਹੈ, ਇਥੇ ਵੀ ਇਹ ਮਤਲਬ ਨਹੀਂ ਕਿ ਕਰਮ ਉਪਾਸ਼ਨਾਂ ਕਰਨੇ ਬਿਅਰਥ ਹੀ ਹਨ ਕਿੰਤੂ ਗਿਆਨ ਕਾਂਡ ਵਿਚ ਇਨ੍ਹਾਂ ਦਾ ਮਹੱਤਵ ਨਹੀਂ ਗਿਆਨ ਪ੍ਰਾਪਤੀ ਲਈ ਇਨ੍ਹਾਂ ਦਾ ਮਹੱਤਵ ਹੈ, ਤਾਂਤੇ ਉਪ੍ਰੋਕਤ, ਦੇਵੀ ਦੇਵਾ ਪੂਜੀਐ ਭਾਈ, ਆਦਕ ਤੁਕ ਵਿਚ ਗਿਆਨ ਕਾਂਡ ਦਾ ਮਹੱਤਵ ਹੈ ਕਿਸੇ ਦੇਵੀ ਦੇਵਤੇ ਦੀ ਸਰਬ ਕਾਲ ਮਾਨਜਤਾ ਸਤਿਕਾਰ ਦਾ ਖੰਡਨ ਅਰਥ ਨਹੀਂ, ਜੇਕਰ ਕਿਹਾ ਜਾਵੇ ਕਿ ਗੁਰਬਾਣੀ ਵਿਚ ਗਿਆਨ ਕਾਂਡ ਹੈ ਹੀ ਨਹੀਂ ਤਾਂ, ਬ੍ਰਹਮ ਗਿਆਨੀ ਆਪ ਨਿਰੰਕਾਰ ॥ ਤਥਾ:-ਪਾਪ ਪੁੰਨ ਤਹ ਭਈ ਕਹਾਵਤ ॥ ਅਥਵਾ, ਜਹ ਆਪਨ ਊਚ ਆਪਨ ਆਪਿ ਨੇਰਾ ॥ ਤਹ ਕਉਨ ਠਾਕੁਰ ਕਉਨ ਕਹੀਐ ਚੇਰਾ ॥ ਗਉੜੀ ਸੁਖਮਨੀ ਮ: ੫ ॥ ਆਦਕ ਵਾਕਾਂ ਵਿਚ ਜਦ ਬ੍ਰਹਮ ਗਿਆਨੀ ਪੁਰਸ਼ ਆਪ ਹੀ ਨਿਰੰਕਾਰ ਹੈ ਤਥਾ:-ਜਿਸ ਅਵਸਥਾ ਵਿਚ ਪੁੰਨ ਪਾਪ ਵੀ ਇਕ ਕਹਾਵਤ ਹੀ ਹੈ ਔਰ ਕੇੜ੍ਹਾ ਠਾਕੁਰ ਤੇ ਕੇੜ੍ਹਾ ਚੇਲਾ ਕਿਹਾ ਜਾਵੇ ਹੈ, ਤਾਂ ਉਸ ਅਵਸਥਾ ਵਿਚ ਪ੍ਰਮਾਤਮਾਂ ਦਾ ਸਿਮਰਨ ਤੇ ਪ੍ਰਮਾਤਮਾਂ ਠਾਕੁਰ = ਮਾਲਕ ਤੇ ਜੀਵ ਇਹ ਉਸਦਾ ਚਲ਼ਾ = ਦਾਸ ਕਿਵੇਂ ਸਿਧ ਕੀਤਾ ਜਾ ਸਕਦਾ ਹੈ, ਜੇਕਰ ਨਹੀਂ ਤਾਂ ਗੁਰਬਾਣੀ ਵਿਚ ਪ੍ਰਮਾਤਮਾਂ ਦਾ ਥਾਂ ਥਾਂ ਤੇ ਸਿਮਰਨ ਅਤੇ ਦਾਸ਼ਾ ਭਾਵ ਕਰਕੇ ਪ੍ਰਾਰਥਨਾਂ ਕਰਨੇ ਸੇ ਜੀਵ ਦੀ ਕਲਿਆਨ ਲਿਖੀ ਹੈ, ਤਾਂ ਫਿਰ ਉਪ੍ਰੋਕਤ ਤੁਕਾਂ ਵਿਚ ਗਿਆਨ ਕਾਂਡ ਦਾ ਵਰਨਨ ਕਿਵੇਂ ਨਹੀਂ ਮੰਨਿਆ ਜਾਵੇਗਾ ਤਾਂਤੇ ਉਪ੍ਰੋਕਤ

Digitized by Panjab Digital Library | www.panjabdigilib.org

ਸ਼ਬਦ ਵਿਚ, ਗਿਆਨ ਮਹਾਰਸ ਨਾਈਐ ਭਾਈ, ਵਾਕ ਦੁਆਰਾ ਸਪਸ਼ਟ ਗਿਆਨ ਕਾਂਡ ਦਾ ਵਰਨਨ ਹੈ ਗਿਆਨ ਕਾਂਡ ਵਿਚ ਦੇਵੀ ਦੇਵਾ ਪੂਜੀਐ ਛਡਕੇ ਪ੍ਰਮਾਤਮਾਂ ਦੀ ਪੂਜਾ ਵੀ ਸਿਧ ਨਹੀਂ ਹੋ ਸਕਦੀ ਤਾ ਕੀ ਪ੍ਰਮਾਤਮਾਂ ਦੀ ਪੂਜਾ ਦਾ ਵੀ ਇਥੇ ਖੰਡਨ ਹੀ ਅਰਥ ਕਰੀਏ, ਜੇਕਰ ਕਿਹਾ ਜਾਵੇ ਕਿ ਇਸ, ਦੇਵੀ ਦੇਵਾ ਪੂਜੀਐ ਭਾਈ, ਤੋ ਅੱਗੇ ਇਕ ਤੁਕ ਛਡਕੇ ਲਿਖਿਆ ਹੈ ਕਿ, ਗੁਰ ਬਿਨੁ ਅਲਖੁ ਨ ਲਖੀਐ ਭਾਈ ਜਗੁ ਬੂਡੈ ਪਤਿ ਖੋਇ, ਤਾਂ ਅਲਖ ਸਰੂਪ ਨੂੰ ਲਖਣਾਂ ਹੀ ਗਿਆਨ ਕਾਂਡ ਹੈ ਇਹ ਗੁਰੂ ਬਿਨਾਂ ਨਹੀਂ ਪ੍ਰਾਪਤਿ ਹੋ ਸਕਦਾ।

(ਘ) ਦੇਵੀ ਦੇਵਾ ਪੂਜਹਿ ਡੋਲਹਿ ਪਾਰ ਬ੍ਰਹਮ ਨਹੀਂ ਜਾਨਾ, ਇਸ ਪ੍ਰਮਾਣ ਵਿਚ ਸ੍ਰੀ ਕਬੀਰ ਜੀ ਨੇ ਜੇੜ੍ਹੇ ਲੋਗ ਰਾਮ ਨਾਮ = ਪ੍ਰਮਾਤਮਾਂ ਦੇ ਨਾਮ ਦੀ ਮ੍ਰਿਜਾਦਾ ਜਾਣਦੇ ਹੀ ਨਹੀਂ ਤੇ ਬਕਰੇ ਤੇ ਝੋਟੇ ਆਦਕਾਂ ਦੇ ਸਿਰ ਵਢ ਕੇ ਮਿੱਟੀ ਦੇ ਦੇਵੀ ਦੇਵਤੇ ਬਣਾਕੇ ਉਨ੍ਹਾਂ ਨੂੰ ਬਲੀ ਦੇਣ ਦੇ ਬਹਾਨੇ ਆਪ ਖਾ ਜਾਂਦੇ ਹਨ ਉਨ੍ਹਾਂ ਦੀ ਪੂਜਾ ਦਾ ਇਥੇ ਨਿਸ਼ੇਧ ਕੀਤਾ ਹੈ ਜੋ ਇਸ ਤੋਂ ਪਹਿਲੀਆਂ ਤੁਕਾਂ ਤੋਂ ਹੀ ਸਪਸ਼ਟ ਹੈ ਯਥਾ:—ਮਾਟੀ ਕੇ ਕਰਿ ਦੇਵੀ ਦੇਵਾ ਤਿਸੁ ਆਗੈ ਜੀਉ ਦੇਹੀ, ਐਸੇ ਪਿਤਰ ਤੁਮਾਰੇ ਕਹੀ ਅਹਿ ਆਪਨ ਕਹਿਆ ਨ ਲੇਹੀ, ਸਰਜੀਉ ਕਾਟਹਿ ਨਿਰਜੀਉ ਪੂਜਹਿ ਅੰਤ ਕਾਲ ਕਉ ਭਾਰੀ, ਰਾਮ ਨਾਮ ਕੀ ਗਤਿ ਨਹੀਂ ਜਾਨੀ ਭੈ ਡੂਬੇ ਸੰਸਾਰੀ, ਆਦਕ ਵਾਕਾਂ ਵਿਚ ਮਾਟੀ = ਮਿੱਟੀ ਦੇ ਦੇਵੀ ਦੇਵਤੇ ਕਰਕੇ ਉਨ੍ਹਾਂ ਅੱਗੇ ਜੀਉ = ਜੀਵ ਦੀ ਬਲੀ ਦਿੰਦੇ ਜੀਵ ਸਹਿਤ ਸਰੀਰਾਂ ਨੂੰ ਕਟਦੇ ਤੇ ਜੀਵ

Digitized by Panjab Digital Library | www.panjabdigilib.org

ਰਹਿਤ ਮੂਰਤੀਆਂ ਅੱਗੇ ਧਰਕੇ ਪੂਜਦੇ ਹਨ ਸਿਧ ਹੋ ਰਿਹਾ ਹੈ, ਤਾਂਤੇ ਸਤੋ ਗੁਣੀ ਰੂਪ ਸੇ ਫਲ ਫੁਲ ਆਦਕਾਂ ਸੇ ਕਿਸੇ ਦੇਵੀ ਦੇਵਤੇ ਦੀ ਪੂਜਾ ਦਾ ਨਿਸ਼ੇਧ ਇਸ ਪ੍ਰਮਾਣ ਦਾ ਅਰਥ ਨਹੀਂ ਕੀਤਾ ਜਾ ਸਕਦਾ ਕਿਉਂਕਿ ਇਹ ਬਕਰੇ, ਛੋਟੇ ਆਦਕ ਵਢ ਕੇ ਪੂਜਾ ਕਰਨੀ ਪੇਟ ਪਾਲੂ ਸੁਆਰਥੀ ਲੋਕਾਂ ਵਲੋਂ ਚਾਲੂ ਕੀਤੀ ਗਈ ਹੋਈ ਹੈ, ਜੇਕਰ ਕਿਹਾ ਜਾਵੇ ਕਿ ਇਸ ਵਿਚ 'ਐਸੇ ਪਿਤ੍ਰ ਤੁਮਾਰੇ ਕਹੀਅਹਿ' ਵਾਕ ਸੇ ਪਿਤ੍ਰਾਂ ਦੀ ਪੂਜਾ ਸ਼ਰਾਧ ਆਦਿਕ ਦਾ ਨਿਸ਼ੇਧ ਕੀਤਾ ਹੈ, ਤਾਂ ਫਿਰ ਦੇਵੀ ਦੇਵਤਿਆਂ ਦੀ ਪੂਜਾ ਦਾ ਨਿਸ਼ੇਧ ਅਰਥ ਆਪੇ ਹੀ ਖਤਮ ਹੋ ਗਿਆ, ਕਿੰਤੂ ਸਰਾਧ ਵੀ ਜੇਕਰ ਕੋਈ 'ਸ੍ਰਜੀਉ ਕਾਟਹਿ ਨਿਰਜੀਉ ਪੂਜਹਿ' ਜੀਵ, ਸਰੀਰਾਂ ਨੂੰ ਕੱਟ ਕੇ ਜੀਵ ਰਹਿਤਾਂ ਦੀ ਪੂਜਾ==ਸ਼ਰਾਧ ਕਰਦਾ ਹੈ, ਉਸ ਦਾ ਹੀ ਖੰਡਨ ਅਰਥ ਕੀਤਾ ਜਾ ਸਕੇਗਾ, ਪ੍ਰੰਤੂ ਜੋ ਲੋਗ ਖੀਰ, ਕੜਾਹ ਆਦਕ ਪਦਾਰਥਾਂ ਦੁਆਰਾ ਜੀਵ ਸਹਿਤ ਜੋ ਉਹਨਾਂ ਦੇ ਆਪਣੇ ਪਿਤਰ ਹਨ, ਉਹਨਾਂ ਦੇ ਸ਼ਰਾਧ ਕਰਦੇ ਹਨ ਤਾਂ ਉਹਨਾਂ ਦਾ ਵੀ ਇਸ ਪਰਮਾਣ ਦੁਆਰਾ ਨਿਸ਼ੇਧ ਨਹੀਂ ਕੀਤਾ ਜਾ ਸਕਦਾ ਕਿਉਂਕਿ 'ਸਰਜੀਓ ਕਾਟਹਿ ਨਿਰਜੀਓ ਪੂਜਹਿ' ਵਾਕ ਵਿਚ ਸਪਸ਼ਟ ਹੈ, ਤਾਂਤੇ ਖੀਰ ਕੜਾਹ ਆਦਕ ਸਰਜੀਓ ਨਹੀਂ ਅਤੇ ਪਿਤਰ ਨਿਰਜੀਉ ਨਹੀਂ, ਕਿੰਤੂ ਜੀਵ ਹਨ, ਤਾਂਤੇ ਉਤੇ ਜੋ ਅਰਥ ਦਰਸਾਇਆ ਗਿਆ ਹੈ, ਉਹੀ ਠੀਕ ਹੈ। ਇਸ ਲਈ ਜੋ ਉਪਰੋਕਤ ਪੇਟ ਪਾਲੂ ਸੁਆਰਥੀਆਂ ਦੀ ਚਲਾਈ ਹੋਈ ਰੀਤੀ ਮੁਤਾਬਕ ਦੇਵੀ ਦੇਵਾ ਪੂਜਹਿ==ਪੂਜਦੇ ਹਨ, ਉਹ ਪਾਰਬ੍ਰਹਮ ਪਰਮਾਤਮਾਂ ਦੀ ਮ੍ਰਿਜਾਦਾ ਨੂੰ ਨਹੀਂ

Digitized by Panjab Digital Library | www.panjabdigilib.org

ਜਾਣਦੇ ਜਿਵੇਂ ਉਤੇ ਲਿਖਿਆ ਹੈ ਕਿ 'ਰਾਮ ਨਾਮ ਕੀ ਗਤਿ ਨਹੀਂ ਜਾਨੀ' ਤਾਂਤੇ ਕਿਸੇ ਵੀ ਮਤ ਦੀ ਜੋ ਪੂਜਾ ਉਹਨਾਂ ਦੇ ਆਗੂਆਂ ਨੇ ਵਿਧਾਨ ਕੀਤੀ ਹੈ ਉਸ ਨੂੰ ਬਦਲ ਕੇ ਵਿਚ ਕੋਈ ਮੰਨ ਮਾਨੀ ਕਰੇ ਤੇ ਉਸੇ ਦਾ ਹੀ ਨਿਸ਼ੇਧ ਕੀਤਾ ਜਾ ਸਕਦਾ ਹੈ, ਇਸ ਲਈ ਉਪ੍ਰੋਕਤ ਵੀ ਬਕਰੇ ਝੋਟੇ ਆਦਕ ਵਢ ਕੇ ਪੂਜਾ ਕਰਨੀ ਮੰਨ ਮਾਨੀ ਪੂਜਾ ਹੈ ਇਸੇਦਾ ਨਿਸ਼ੇਧ ਹੈ ਵਾਸਤਵ ਪੂਜਾ ਦਾ ਨਿਸ਼ੇਧ ਨਹੀਂ, ਜੇ ਕੋਈ ਹਠ ਹੀ ਕੀਤਾ ਜਾਵੇ ਤਾਂ ਪਾਠ ਹੈ, ਦੇਵੀ ਦੇਵਾ ਪੂਜਹਿ ਡੋਲਹਿ ਪਾਰਬ੍ਰਹਮ ਨਹੀਂ ਜਾਨਾ ॥ ਜਿਨ੍ਹਾਂ ਪਾਰਬ੍ਰਹਮ ਨੂੰ ਨਹੀਂ ਜਾਣਿਆਂ ਉਹ ਦੇਵੀ ਦੇਵਤਿਆਂ ਦੀ ਪੂਜਾ ਵਿਚ ਡੋਲਦੇ ਫਿਰਦੇ ਹਨ ਪ੍ਰੰਤੂ ਸ੍ਰੀ ਦਸਮੇਸ਼ ਜੀ ਪਾਰਬ੍ਰਹਮ ਪ੍ਰਮਾਤਮਾਂ ਨੂੰ ਜਾਣਦੇ ਤੇ ਮੰਨਦੇ ਹਨ ਅਤੇ ਦੇਵੀ ਨੂੰ ਪ੍ਰਮਾਤਮਾਂ ਦੀ ਸ਼ਕਤੀ ਹੀ ਸਮਝਦੇ ਹਨ ਇਸ ਲਈ, ਇਹ ਪ੍ਰਮਾਣ ਉਹਨਾਂ ਦੀ ਕੀਤੀ ਗਈ ਦੇਵੀ ਦੀ ਪੂਜਾ ਭਗਤੀ ਉਤੇ ਅਸਰ ਨਹੀਂ ਕਰਦਾ, ਜੇਕਰ ਕਿਹਾ ਜਾਵੇ ਕਿ ਜੇੜ੍ਹੇ ਪਾਰਬ੍ਰਹਮ ਨੂੰ ਜਾਣਦੇ ਤੇ ਮੰਨਦੇ ਹਨ ਉਹ ਦੇਵੀ ਦੇਵਤਿਆਂ ਦੀ ਪੂਜਾ ਵਿਚ ਨਹੀਂ ਡੋਲਦੇ, ਤਾਂ ਇੰਜ ਮੁਸਲਮਾਨ ਵੀ ਇਕ ਖੁਦਾ ਨੂੰ ਜਾਣਦੇ ਤੇ ਮੰਨਦੇ ਹਨ ਪ੍ਰੰਤੂ ਹਜ਼ਰਤ ਮਹੰਮਦ ਨੂੰ ਵੀ ਮੰਨਦੇ ਹਨ ਕਿ ਸਾਡੀ ਸਿਫਾਰਸ਼ ਕਰੇਗਾ, ਅਤੇ ਸਿਖ ਪੰਥ ਵੀ ਇਕ ਅਕਾਲ ਪੁਰਖ ਨੂੰ ਮੰਨਦਾ ਕਿਹਾ ਜਾਂਦਾ ਹੈ ਤੇ ਨਾਲ ਹੀ ਦਸਾਂ ਗੁਰੂ ਸਾਹਿਬਾਂ ਨੂੰ ਵੀ ਮੰਨਦਾ ਪੂਜਦਾ ਹੈ ਕਿ ਸਾਡੀ ਗੁਰੂ ਸਾਹਿਬ ਕਲਿਆਨ ਕਰਨਗੇ, ਬਾਕੀ ਹਿੰਦੂ ਸਨਾਤਨ ਧਰਮੀ ਨਿਰਾਕਾਰ ਬ੍ਰਹਮ ਨੂੰ ਵੀ ਮੰਨਦੇ ਹਨ ਤੇ ਸਾਕਾਰ ਰਾਮ ਕ੍ਰਿਸ਼ਨਾ ਦਿਕਾਂ ਨੂੰ ਵੀ ਮੰਨਦੇ

Digitized by Panjab Digital Library | www.panjabdigilib.org

ਤੇ ਪੂਜਦੇ ਹਨ, ਤਾਂਤੇ ਆਪਣੇ ਆਪਣੇ ਕਿਸੇ ਨਾ ਕਿਸੇ ਰੂਪ ਵਿਚ ਮੰਨੇ ਹੋਇ ਦੇਵਤਿਆਂ ਨੂੰ ਨਾਲ ਹੀ ਸਾਰੇ ਮਤਾਂ ਵਾਲੇ ਮੰਨਦੇ ਪੂਜਦੇ ਹਨ।

(ਙ) ਚੇਰੀ ਕੀ ਸੇਵਾ ਕਰਹਿ ਠਾਕੁਰ ਨਹੀ ਦੀਸੈ ॥ ਵਾਕ ਦਾ ਅਰਥ ਵੀ ਦੇਵੀ ਦੀ ਮਾਨਤਾ, ਪੂਜਾ ਨੂੰ ਖੰਡਨ ਨਹੀਂ ਕਰਦਾ, ਕਿਉਂਕਿ ਜੇਕਰ ਚੇਰੀ ਦਾ ਅਰਥ ਸ੍ਰੀ ਦੇਵੀ, ਵੀ ਕੀਤਾ ਜਾਵੇਤਾਂ ਜਿਨ੍ਹਾਂਨੂੰ ਠਾਕੁਰ = ਪ੍ਰਮਾਤਮਾਂਨਹੀਂਦਿਸਦਾ ਉਨ੍ਹਾਂ ਦੀ ਸੇਵਾ ਪੂਜਾ ਦਾ ਨਿਸ਼ੇਧ ਅਰਥ ਹੋ ਸਕਦਾ ਹੈ ਪ੍ਰੰਤੂ ਜੇੜ੍ਹੇ ਸ੍ਰੀ ਦੇਵੀ ਜੀ ਨੂੰ ਪ੍ਰਮਾਤਮਾਂ ਦੀ ਸ਼ਕਤੀ ਦਾ ਹੀ ਅਵਤਾਰ ਸਮਝ ਕੇ ਮੰਨਦੇ ਪੂਜਦੇ ਹਨ ਉਨ੍ਹਾਂ ਦੀ ਸੇਵਾ ਪੂਜਾ ਦਾ ਇਥੇ ਖੰਡਨ ਅਰਥ ਨਹੀਂ ਕੀਤਾ ਜਾ ਸਕਦਾ, ਵਾਸਤਵ ਇਥੇ ਚੇਰੀ, ਦਾ ਅਰਥ ਮਾਇਆ ਹੈ ਜੋ ਮਾਇਆ (ਮਾਇਕੀ ਪਦਾਰਥਾਂ) ਦੀ ਸੇਵਾ ਵਿਚ ਹੀ ਲਗੇ ਹੋਇ ਹਨ ਉਨ੍ਹਾਂ ਨੂੰ ਮਾਇਆ ਪਤੀ (ਠਾਕੁਰ) ਨਜਰ ਨਹੀਂ ਆ ਰਿਹਾ, ਬਾਕੀ ਜੇਕਰ ਹਠ ਹੀ ਕਰੀਏ ਤਾਂ ਦੇਵੀ ਪ੍ਰਮਾਤਮਾਂ ਦੀ ਚੇਲੀ ਹੋਣ ਕਰਕੇ ਪ੍ਰਮਾਤਮਾਂ ਦੀ ਦਾਸੀ ਹੈ ਪ੍ਰੰਤੂ ਗੁਰੂ ਜੀ ਪ੍ਰਮਾਤਮਾਂ ਦੇ ਦਾਸਾਂ ਦੇ ਪੈਰ ਝਾੜਨ ਲਈ ਮਨ ਦੀ ਇਛਾ ਪ੍ਰਗਟ ਕਰਦੇ ਹਨ, ਯਥਾ:—ਕੇਸ ਸੰਗਿ ਦਾਸ ਪਗ ਝਾਰਉਂ ਇਹੈ ਮਨੋਰਥ ਮੋਰ, ਗੂਜਰੀ ਮ: ੫ ਤਾਂ ਦੇਵੀ = ਚੇਲੀ ਦੀ ਪੂਜਾ ਮਾਨਤਾ ਦਾ ਕਿਵੇਂ ਖੰਡਨ ਕੀਤਾ ਜਾ ਸਕੇਗਾ, ਤਥਾ ਗੁਰੂ ਸਾਹਿਬ ਜੀ, ਤੂ ਠਾਕੁਰੋ ਬੈਰਾਗਰੋ ਮੈ ਜੇਹੀ ਘਣ ਚੇਰੀ ਰਾਮ, ਸੂਹੀ ਛੰਤ ਮ: ੫ ਵਾਕ ਵਿਚ ਆਪ ਨੂੰ ਇਕ ਠਾਕੁਰ ਦੀ ਚੇਲੀ ਹੀ ਫੁਰਮਾ ਰਹੇ ਹਨ ਤਾਂ ਫਿਰ ਅਸੀਂ ਗੁਰੂ ਸਾਹਿਬਾਂ ਦੀ ਮਾਨਤਾ

Digitized by Panjab Digital Library | www.panjabdigilib.org

ਪੂਜਾ ਵੀ ਕਰਦੇ ਹਾਂ ਤਾਂ ਇਹ ਪ੍ਰਮਾਣ ਸਾਡੇ ਉਤੇ ਵੀ ਲਾਗੂ ਹੋਵੇਗਾ, ਔਰ, ਗੁਰ ਸਿਖਾਂ ਅੰਦਰਿ ਸਤਿਗੁਰੂ ਵਰਤੈ ਜੋ ਸਿਖਾਂ ਨੋ ਲੋਚੈ ਸੋ ਗੁਰ ਖੁਸ਼ੀ ਆਵੈ, ਗੌੜੀ ਕੀ ਵਾਰ ਮ: ੪ ਇਸ ਵਾਕ ਅਨੁਸਾਰ ਸਿਖਾਂ ਵਿਚ ਗੁਰੂ ਵਰਤਿਆ ਹੋਇਆ ਹੈ ਤਾਂ ਸਿਖਾਂ ਦੀ ਲੋਚਾ ਜਾਂ ਸੇਵਾ ਆਦਕ ਕਰਨੇ ਸੇ ਗੁਰੂ ਦੀ ਖੁਸ਼ੀ ਹੁੰਦੀ ਹੈ ਤਾਂ ਦੇਵੀ ਜਦ ਪ੍ਰਮਾਤਮਾਂ ਦੀ ਚੇਲੀ ਹੈ ਤਾਂ ਉਸ ਵਿਚ ਵੀ ਪ੍ਰਮਾਤਮਾਂ ਗੁਰੂ ਵਰਤਿਆ ਹੋਇਆ ਹੋ ਸਕਦਾ ਹੈ ਤੇ ਉਸ ਦੇਵੀ ਚੇਲੀ ਦੀ ਸੇਵਾ ਪੂਜਾ ਕਰਨੇ ਸੇ ਵੀ ਪ੍ਰਮਾਤਮਾਂ ਗੁਰੂ ਦੀ ਖੁਸ਼ੀ ਪ੍ਰਾਪਤ ਹੋ ਸਕਦੀ ਹੈ ਤਾਂਤੇ ਇਸ ਪ੍ਰਮਾਣ ਦਾ ਅਰਥ ਦੇਵੀ ਪੂਜਾ ਭਗਤੀ ਦੇ ਨਿਸ਼ੇਧ ਵਿਚ ਨਹੀਂ।

(ਚ) ਠਾਕੁਰ ਛੋਡਿ ਦਾਸੀ ਕਉ ਸਿਮਰਹਿ ਮਨਮੁਖ ਅੰਧ ਅਗਿਆਨਾ, ਹਰਿ ਕੀ ਭਗਤਿ ਕਰਹਿ ਤਿਨ ਨਿੰਦਹਿ ਨਿਗੁਰੇ ਪਸੂ ਸਮਾਨਾ, ਇਸ ਪ੍ਰਮਾਣ ਦੇ ਅਰਥ ਵਿਚ ਵੀ ਦਾਸੀ ਮਾਇਆ ਹੈ ਜੋ ਠਾਕੁਰ = ਪ੍ਰਮਾਤਮਾਂ ਨੂੰ ਛੋੜ ਕੇ ਮਾਇਆ (ਮਾਇਕੀ ਪਦਾਰਥਾਂ) ਨੂੰ ਹੀ ਚਿਤਵਦੇ ਰਹਿੰਦੇ ਹਨ ਤੇ ਜੋ ਪਰਮਾਤਮਾਂ ਦੀ ਭਗਤੀ ਕਰਦੇ ਹਨ ਉਨ੍ਹਾਂ ਨੂੰ ਵੀ ਨਿੰਦਦੇ ਹਨ, ਉਹ ਨਿਗੁਰੇ, ਮਨਮੁਖ, ਅੰਧ ਅਗਿਆਨੀ ਪਸ਼ੂ ਵਤ ਹੀ ਹਨ, ਇਸ ਵਿਚ ਦੇਵੀ ਦੀ ਪੂਜਾ ਦਾ ਕੋਈ ਨਿਸ਼ੇਧ ਨਹੀਂ, ਪਰੰਤੂ ਜੇਕਰ ਇਥੇ, ਦਾਸੀ ਦਾ ਅਰਥ ਸ੍ਰੀ ਦੇਵੀ ਹੀ ਕਰੀਏ ਤਾਂ ਜਿਹੜੇ ਠਾਕੁਰ==ਪਰਮਾਤਮਾਂ ਨੂੰ ਛੱਡ ਕੇ ਦਾਸੀ ਨੂੰ ਸਿਮਰਦੇ ਹਨ ਤੇ ਪਰਮਾਤਮਾਂ ਦੀ ਭਗਤੀ ਕਰਨ ਵਾਲਿਆਂ ਦੀ ਨਿੰਦਿਆ ਕਰਦੇ ਹਨ, ਉਹਨਾਂ ਦੀ ਸੇਵਾ ਪੂਜਾ ਦਾ ਹੀ ਨਿਸ਼ੇਧ ਅਰਥ ਹੋ ਸਕਦਾ ਹੈ ਕਿੰਤੂ ਜਿਹੜੇ

Digitized by Panjab Digital Library | www.panjabdigilib.org

ਪਰਮਾਤਮਾਂ ਨੂੰ ਨਹੀਂ ਛਡਦੇ ਬਲਕਿ ਦੇਵੀ ਨੂੰ ਪਰਮਾਤਮਾਂ ਦੀ ਹੀ ਸ਼ਕਤੀ ਸਮਝ ਕੇ ਸਿਮਰਦੇ ਹਨ ਤੇ ਪ੍ਰਮਾਤਮਾ ਦੀ ਭਗਤੀ ਕਰਨ ਵਾਲਿਆਂ ਦੀ ਵੀ ਉਪਮਾਂ ਕਰਦੇ ਹਨ ਉਨ੍ਹਾਂ ਦੀ ਦੇਵੀ ਪੂਜਾ ਭਗਤੀ ਕੀਤੀ ਗਈ ਦਾ ਇਥੇ ਨਿਸ਼ੇਧ ਅਰਥ ਨਹੀਂ ਕੀਤਾ ਜਾ ਸਕਦਾ, ਤਥਾ ਜੇਕਰ ਦੇਵੀ ਨੂੰ ਪ੍ਰਮਾਤਮਾਂ ਦੀ ਹੀ ਸਚੀ ਦਾਸੀ ਮੰਨੀਏ ਤਾਂ ਗੁਰੂ ਜੀ ਪ੍ਰਮਾਤਮਾਂ ਦੇ ਦਾਸਾਂ ਬਾਬਤ ਫੁਰਮਾਉਂਦੇ ਹਨ ਕਿ 'ਟਹਲ ਕਰਉ ਤੇਰੇ ਦਾਸ ਕੀ ਪਗ ਝਾਰਉ ਬਾਲ' ਬਿਲਾਵਲ ਮ: ੫ ਔਰ ਪਾਣੀ ਪਖਾ ਪੀਸੁ ਦਾਸ ਕੈ ਤਬ ਹੋਹਿ ਨਿਹਾਲ' ਬਿਲਾਵਲ ਮ: ੫ 'ਨਾਨਕ ਦਾਸੁ ਦਾਸਨ ਕੋ ਕਰੀਅਹੁ ਹਰਿ ਭਾਵੈ ਦਾਸਾ ਰਾਖੁ ਸੰਗਾ' ਮਾਰੂ ਸੋਲਹੇ ਮ: ੫ ਤਾਂ ਪਰਮਾਤਮਾ ਦੀ ਦਾਸੀ ਦੇਵੀ ਦੀ ਸੇਵਾ ਪੂਜਾ ਕਰਨੀ ਵੀ ਸਫਲ ਮੰਨਣੀ ਪਵੇਗੀ, ਤਾਂ ਤੇ ਇਥੇ ਇਸ ਪ੍ਰਮਾਣ ਦਾ ਦੇਵੀ ਪੂਜਾ ਦਾ ਨਿਸ਼ੇਧ ਅਰਥ ਨਹੀਂ ਹੋ ਸਕਦਾ।

(ਛ) ਮਹਾ ਮਾਈ ਕੀ ਪੂਜਾ ਕਰਹਿ ॥ ਨਰ ਸੇ ਨਾਰ ਹੋਇ ਅਵਤਰਹਿ ॥ ਆਦਕ ਇਸ ਨਾਮ ਦੇਵ ਜੀ ਦੇ ਪਰਮਾਣ ਦਾ ਭਾਵ ਵੀ ਜੋ ਗੁਰਮਤਿ==ਗੁਰਾਂ ਦੀ ਸਿੱਖਿਆ ਤੋਂ ਬਿਨਾਂ ਦੇਵੀ ਦੇਵਤਿਆਂ ਦੀ ਪੂਜਾ ਕਰ ਕੇ ਹੀ ਮੋਖ ਪਰਾਪਤ ਕਰਨਾ ਚਾਹੁੰਦੇ ਸਨ ਉਹਨਾਂ ਨੂੰ ਤਾੜਨਾ ਕੀਤੀ ਹੋਈ ਹੈ ਜੋ ਇਸੇ ਸ਼ਬਦ ਦੇ ਅੰਤ ਵਿਚ ਲਿਖਿਆ ਹੈ ਕਿ, ਗੁਰਮਤਿ ਰਾਮ ਨਾਮ ਗਹੁ ਮੀਤਾ ॥ ਪ੍ਰਣਵੈ ਨਾਮਾ ਇਉ ਕਹੈ ਗੀਤਾ ॥ ਭਾਵ ਗੁਰਾਂ ਦੀ ਮਤਿ = ਸਿੱਖਿਆ ਦੁਆਰਾ ਰਾਮ ਨਾਮ ਦੇ ਸਾਰ ਨੂੰ ਗ੍ਰਹਿਣ ਕਰੋ, ਇਸਤੋਂ ਬਿਨਾਂ ਕੇਵਲ

Digitized by Panjab Digital Library | www.panjabdigilib.org

ਦੇਵੀ ਦੇਵਤਿਆਂ ਦੀ ਪੂਜਾ ਭਗਤੀ ਮਾਤ੍ਰ ਸੇ ਹੀ ਮੋਖ ਪ੍ਰਾਪਤੀ ਨਹੀਂ, ਤਾਂਤੇ ਸ੍ਰੀ ਦਸਮੇਸ਼ ਜੀ ਗੁਰਾਂ ਦੀ ਮਤਿ ਦੁਆਰਾ ਰਾਮ ਨਾਮ ਨੂੰ ਜਾਣਦੇ ਸਨ ਕਿ ਰਾਮ ਨਾਮ = ਪ੍ਰਮਾਤਮਾਂ ਦੀ ਸ਼ਕਤੀ ਦਾ ਅਵਤਾਰ ਹੀ ਸ੍ਰੀ ਦੇਵੀ ਹੈ ਇਸ ਲਈ ਇਹ ਪ੍ਰਮਾਣ ਉਨ੍ਹਾਂ ਦੀ ਦੇਵੀ ਪੂਜਾ ਉਤੇ ਲਾਗੂ ਨਹੀਂ ਹੋ ਸਕਦਾ ਕਿੰਤੂ ਜੇਕਰ ਹਠ ਹੀ ਕਰੀਏ ਤਾਂ ਗੁਰਾਂ ਦੀ ਮਤਿ, ਤੋਂ ਬਿਨਾਂ ਕੀ, ਰਾਮ ਨਾਮ ਦਾ ਸਿਮਰਨ ਮੁਕਤੀ ਨਹੀਂ ਦੇ ਸਕਦਾ ਜੇਕਰ ਦੇ ਸਕਦਾ ਹੈ ਤਾਂ ਇਥੇ ਗੁਰਮਤਿ ਰਾਮ ਨਾਮ ਗਹੁ ਮੀਤਾ ॥ ਲਿਖਿਆ ਹੈ, ਜੇਕਰ ਗੁਰਾਂ ਦੀ ਸਿੱਖਿਆ ਉਪਦੇਸ਼ ਤੋਂ ਬਿਨਾਂ ਕੇਵਲ ਰਾਮ ਨਾਮ ਦਾ ਸਿਮਰਨ ਮੁਕਤੀ ਨਹੀਂ ਦੇ ਸਕਦਾ ਤਾਂ, ਮੁਕਤ ਕੀ ਬਰੀਆ ਕਹਾ ਛਪਾਨੀ ॥ ਇਥੇ ਦੇਵੀ ਇੱਕਲੀ ਦਾ ਖੰਡਨ ਕਿਵੇਂ ਕੀਤਾ ਜਾਵੇਗਾ ਫਿਰ ਤਾਂ ਰਾਮ ਨਾਮ ਦਾ ਵੀ ਨਾਲ ਹੀ ਸਮਝੋ।

ਔਰ ਮਹਾਂ ਮਾਈ ਕੀ ਪੂਜਾ ਕਰਹਿ ॥ ਨਰਸੇ ਨਾਰਿ ਹੋਇ ਅਵਤਰਹਿ ॥ ਵਾਕ ਦਾ ਅਰਥ ਜੇਕਰ ਇੰਜ ਕਰੀਏ ਕਿ ਮਹਾਂ ਮਾਈ ਇਸਤ੍ਰੀ ਹੈ ਉਸਦੀ ਪੂਜਾ ਕਰਨੇ ਸੇ ਪੁਰਸ਼ ਇਸਤ੍ਰੀ ਹੋਕੇ ਉਤਰਦਾ ਹੈ ਇਸ ਲਈ ਉਸਦੀ ਮੁਕਤੀ ਨਹੀਂ ਹੁੰਦੀ ਤਾਂ ਇੰਜ ਜੇੜੀਆਂ ਇਸਤ੍ਰੀਆਂ ਰਾਮ ਜਾਂ ਕ੍ਰਿਸ਼ਨ ਪੁਰਸ਼ ਰੂਪਾਂ ਅਥਵਾਂ ਦਸਾਂ ਗੁਰੂ ਸਾਹਿਬਾਂ ਦੀ ਪੂਜਾ ਭਗਤੀ ਕਰਦੀਆਂ ਹਨ ਉਹ ਵੀ ਫਿਰ ਪੁਰਸ਼ ਹੋਕੇ ਉਤਰਨ ਗੀਆਂ ਫਿਰ ਉਨ੍ਹਾਂ ਦੀ ਵੀ ਮੁਕਤੀ ਹੋਣੀ ਨਹੀਂ ਸਿਧ ਹੋ ਸਕੇਗੀ ਅਤੇ ਜੇੜ੍ਹੇ ਪੁਰਸ਼ ਉਨ੍ਹਾਂ ਦੀ ਪੂਜਾ ਭਗਤੀ ਕਰਦੇ ਹਨ ਉਹ ਅਗੇ ਹੀ ਪੁਰਸ਼ ਹਨ ਤੇ ਫਿਰ ਉਹ ਪੁਰਸ਼ ਹੋਕੇ

Digitized by Panjab Digital Library | www.panjabdigilib.org

ਹੀ ਆਉਂਣਗੇ ਤਾਂ ਵੀ ਉਨ੍ਹਾਂ ਦੀ ਮੁਕਤੀ ਨਾਂ ਹੋਈ, ਗੁਰੂ ਉਨ੍ਹਾਂ ਨੂੰ ਜਨਮ ਤਾਂ ਧਾਰਨਾ ਹੀ ਪਿਆ, ਤਾਂਤੇ ਇਨ ਬਾਂਵਾਂ ਅਨੁਸਾਰ ਉਪ੍ਰੋਕਤ ਸਾਰਿਆਂ ਦੀ ਪੂਜਾ ਭਗਤੀ ਦਾ ਪੇ ਦੇ ਜਾਂਦਾ ਹੈ ਬਲਕਿ ਕਈ ਲੋਕ ਆਪਣੇ ਧਰਮ ਗ੍ਰੰਥਾਂ ਭਗਤੀ ਕਰਦੇ ਹਨ ਤਾਂ ਉਨ੍ਹਾਂ ਲਈ ਫਿਰ ਕਹਿਣਾ ਪਵੇ ਕਿ ਉਹ ਕੋਈ ਧਰਮ ਪੁਸਤਕ ਰੂਪ ਹੀ ਹੋ ਕੇ ਆਉਣਗੇ, ਜੇਕਰ ਕਿਹਾ ਜਾਵੇ ਕਿ ਦਸਾਂ ਗੁਰੂ ਸਾਹਿਬਾਂ ਤੇ ਰਾਮ, ਕ੍ਰਿਸ਼ਨਾਦਿਕਾਂ ਦੇ ਸਰੀਰਾਂ ਵਿਚ ਅਕਾਲ ਪੁਰਖ ਜੀ ਦੀ ਜੋਤਿ ਹੈ ਇਸ ਲਈ ਉਨ੍ਹਾਂ ਦੀ ਭਗਤੀ ਪੂਜਾ ਕਰਨੇ ਸੇ ਇਸਤ੍ਰੀ ਪੁਰਸ਼ ਰੂਪ ਨਹੀਂ ਹੋਵੇਗੀ, ਤਾਂ ਇੰਜ ਸ੍ਰੀ ਦੇਵੀ ਜੀ ਦੇ ਸਰੀਰ ਵਿਚ ਵੀ ਅਕਾਲ ਪੁਰਖ ਦੀ ਸ਼ਕਤੀ ਹੈ ਫਿਰ ਉਸ ਦੀ ਪੂਜਾ ਭਗਤੀ ਸੇ ਵੀ ਪੁਰਸ਼ ਇਸਤ੍ਰੀ ਨਹੀਂ ਸੱਕਣਾ, ਤਾਂਤੇ ਇਸ ਪ੍ਰਮਾਣ ਦਾ ਭਾਵ ਵੀ ਅਸਲ ਕਿਸੇ ਦੇਵ ਦੇਵਤੇ ਦੇ ਨਿਸ਼ੇਧ ਵਿਚ ਨਹੀਂ ਲਿਆ ਜਾ ਸਕਦਾ ਕਿੰਤੂ ਗੁਰਮਤਿ = ਗੁਰਾਂ ਦੀ ਸਿਖਿਆ ਦੀ ਉਪਮਾਂ ਦੀ ਅਤੀ ਪੁਸ਼ਟੀ ਹੈ, ਕਾਰਨ ਇਹ ਕਿ, ਗੁਰੂ ਸਿਖਿਆ (ਉਪਦੇਸ਼) ਤੋਂ ਬਿਨਾਂ ਕੇਵਲ ਪ੍ਰਮਾਤਮਾਂ ਵੀ ਮੁਕਤੀ ਨਹੀਂ ਦੇ ਸਕਦਾ ਜਿ ਲਈ, ਕਹੁ ਨਾਨਕ ਪ੍ਰਭਿ ਇਹੈ ਜਨਾਈ, ਬਿਨੁ ਗੁਰ ਮੁਕ ਨ ਪਾਈਐ ਭਾਈ, ਗੌਂਡ ਮ: ੫ ਵਾਕਾਂ ਵਿਚ ਮੁਕਤੀ ਰ ਦੁਆਰਾ ਦੱਸੀ ਹੈ, ਜੇਕਰ ਕੇਵਲ ਪ੍ਰਮਾਤਮਾਂ ਮੁਕਤੀ ਸਕਦਾ ਹੁੰਦਾ ਤਾਂ, ਬਿਨੁ ਗੁਰ ਮੁਕਤਿ ਨ ਪਾਈਐ ਭਾ ਆਦਕ ਵਾਕਾਂ ਵਿਚ ਗੁਰੂ ਬਿਨਾਂ ਮੁਕਤੀ ਨਹੀਂ ਪ੍ਰਾਪ ਸਕਦੀ ਇਹ ਗੁਰੂ ਸਾਹਿਬਾਂ ਨੂੰ ਕਹਿਣ ਦੀ ਕੋਈ ਲੋੜ ਨ

Digitized by Panjab Digital Library | www.panjabdigilib.org

ਤੀਤ ਹੁੰਦੀ, ਪ੍ਰੰਤੂ ਗੁਰੂ ਬਿਨਾਂ ਮੁਕਤੀ ਨਹੀਂ ਹੋ ਸਕਦੀ ਗੁਰਬਾਣੀ ਵਿਚ ਕਈ ਥਾਂਈ ਉਪਦੇਸ਼ ਕੀਤਾ ਤੇ ਗੁਰੂ ਉਪਦੇਸ਼ ਬਿਨਾਂ ਮੁਕਤੀ ਨਹੀਂ ਕਿਉਂਕਿ ਪ੍ਰਮਾਤਮਾਂ ਰੂਪ ਦਾ ਪਤਾ ਵੀ ਗੁਰੂ ਹੀ ਦੱਸਦੇ ਹਨ ਕਿ ਪ੍ਰਮਾਤਮਾਂ ਆ ਵਸਤੂ ਹੈ ਅਤੇ ਦੇਵੀ ਦੇਵਤਿਆਂ ਦੇ ਵਾਸਤਵ ਸਰੂਪ ਦਾ ਪਤਾ ਤੇ ਉਨ੍ਹਾਂ ਦੀ ਉਪਾਸ਼ਨਾ ਦੇ ਤਰੀਕੇ ਤੇ ਫਲ ਆਦਕ ਵੀ ਗੁਰੂ ਹੀ ਦਸ ਸਕਦੇ ਹਨ ਇਸ ਲਈ ਉਪਰੋਕਤ ਸ਼ਬਦ ਵਿੱਚ ਨਾਮਦੇਵ ਜੀ ਨੇ ਜੇਕਰ ਦੇਵੀ ਦੇਵਤਿਆਂ ਦੀ ਉਪਾਸ਼ਨਾ ਦਾ ਨਿਸ਼ੇਧ ਦਿਖਾਇਆ ਪ੍ਰਤੀਤ ਹੁੰਦਾ ਹੈ ਤਾਂ ਗੁਰਮਤਿ--ਗੁਰੂਆਂ ਦੀ ਸਿਖਿਆ ਤੋਂ ਬਿਨਾਂ ਪਰਮਾਤਮਾਂ ਦਾ ਵੀ ਨਿਸ਼ੇਧ ਸਿਧ ਹੁੰਦਾ ਹੈ, ਕੀ ਫਿਰ ਪਰਮਾਤਮਾ ਦੀ ਪੂਜਾ ਭਗਤੀ ਦਾ ਵੀ ਕੋਈ ਨਿਸ਼ੇਧ ਅਰਥ ਕਰੇਗਾ? ਜੇ ਕਰ ਨਹੀਂ ਤਾਂ ਦੇਵੀ ਦੇਵਤਿਆਂ ਦੀ ਵੀ ਪੂਜਾ ਭਗਤੀ ਦੇ ਨਿਸ਼ੇਧ ਵਿਚ ਇਹ ਅਰਥ ਨਹੀਂ ਕਿੰਤੂ ਮੁਕਤੀ ਵਾਸਤੇ ਸਭੇ ਦੇਵਤੇ ਅਤੇ ਪਰਮਾਤਮਾਂ ਦੀ ਵੀ ਸੁਤੰਤਰ ਭਗਤੀ ਉਪਾਸ਼ਨਾ ਛਡ ਕੇ ਗੁਰੂ ਦੀ ਸ਼ਰਨ ਗ੍ਰਹਿਣ ਕਰਨੀ ਹੀ ਪਵੇਗੀ, ਜੇਕਰ ਇਏ ਕਿਹਾ ਜਾਵੇ ਕਿ ਉਪਰੋਕਤ ਸ਼ਬਦ ਵਿਚ 'ਗੁਰਮਤਿ ਰਾਮ ਨਾਮੁ ਗਹੁ ਮੀਤਾ' ਗੁਰਮਤਿ ਦਾ ਅਰਥ ਦਸਾਂ ਗੁਰੂ ਸਾਹਿਬਾਂ ਦੀ ਚਲਾਈ ਨਵੀਂ ਗੁਰਮਤਿ ਹੈ ਤਾਂ ਸ੍ਰੀ ਨਾਮ ਦੇਵ ਜੀ ਜਦ ਪਰਗਟ ਹੋਏ ਸਨ, ਉਸ ਵਕਤ ਅਜੇ ਸ੍ਰੀ ਗੁਰੂ ਨਾਨਕ ਦੇਵ ਜੀ ਭੀ ਨਹੀਂ ਸਨ ਪਰਗਟ ਹੋਏ ਕਿਉਂਕਿ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪਰਗਟ ਹੋਣਾ ਸੰਮਤ ੧੫੨੬ [illegible] ਵਿਚ ਲਿਖਿਆ ਮਿਲਦਾ ਹੈ ਤੇ ਸ੍ਰੀ ਨਾਮ ਦੇਵ ਜੀ ਦਾ ਜਨਮ [illegible] ਮਾਨ

ਮਾਸਟਰ ਮਹਿਤਾਬ ਸਿੰਘ ਜੀ ਬੀ. ਏ. ਦੇ ਰਚੇ, ਸ੍ਰੀ
ਗ੍ਰੰਥ ਸਾਹਿਬ ਜੀ ਵਿਚ ਦਿਤੇ ਇਤਿਹਾਸਕ ਨਾਵਾਂ ਤੇ
ਦਾ ਕੋਸ਼, (ਦੂਜੀ ਵਾਰ ੧੦੦੦) ੧੯੩੩ ਵਿਚ ਛ
ਸਫਾ ੧੨੦ ਤੇ ਸੰਮਤ ੧੩੨੮ ਵਿੱਚ ਲਿਖਿਆ ਹੈ ਤੇ ਸਫ
੧੨੨ ਤੇ ਜੋਤੀ ਜੋਤਿ ਸਮਾਉਣਾ ਸੰਮਤ ੧੪੦੭ ਵਿਚ
ਲਿਖਿਆ ਹੈ। ਇਸ ਲਈ ਦਸਾਂ ਗੁਰੂ ਸਾਹਿਬਾਂ ਦੀ
ਨਵੀਂ ਚਲਾਈ ਗੁਰਮਤਿ ਅਰਥ ਨਹੀਂ ਹੋ ਸਕਦਾ ਅਤੇ ਸ੍ਰੀ
ਭਾਗ ਮਲ ਜੀ ਦਾ ਕੋਈ ਹਠ ਹੀ ਹੋਵੇ ਤਾਂ [illegible]
ਜੀ ਲਿਖਦੇ ਹਨ ਕਿ [illegible] ਧਨਿ [illegible]
ਧਨਿ ਧਨੁ [illegible] ਓਢੇ ਕਾਂਬਲੀ [illegible]ਆਲੀ ਗਉੜਾ) [illegible]
[illegible] ਜੀ ਨੇ ਸ੍ਰੀ [illegible] ਭਗਵਾਨ ਦੀ ਪੂਜਾ ਭਗਤੀ
[illegible] ਤੱਜ ਰੱਖ [illegible] ਆਪਣੇ ਪੁਸਤਕ ਵਿਚ ਖੰਡਨ ਕਿਉਂ
[illegible] ਹੈ। ਜੇਕਰ ਇਥੇ [illegible] ਜਾਵੇ ਕਿ ਉਪ੍ਰੋਕਤ ਸ਼ਬਦ
[illegible], [illegible] ਲਿਖਿਆ ਹੈ, ਤਾਂ ਸ੍ਰੀ [illegible]
[illegible] ਦੇਵਤਿਆਂ ਦੀ ਪੂਜਾ [illegible] ਨਹੀਂ
[illegible] ਮੰਡਨ ਵੀ [illegible]
[illegible]ਧਿਆ ੩ ਸਲੋਕ [illegible] ਵਿਚ ਹੀ [illegible]
ਇਸ ਯਗ ਦੁਆ[illegible]
ਦੇਵਤਾ [illegible]
ਆਪਸ [illegible] ਕਰਤੇ ਹੁਏ
[illegible] -੧੧ ਯਗ ਦੁਆਰ
[illegible] ਤੁਮਾਰੇ ਲੀਏ ਬਿਨ ਮਾਂਗੇ [illegible]
[illegible] ਦੇਂਗੇ ਉਨਕੇ ਦੁਆਰਾ ਦੀਏ ਹੂਏ ਭੋਗੋਂ [illegible]

Digitized by Panjab Digital Library | www.panjabdigilib.org

ਜੋ ਪੁਰਸ਼ ਇਨਕੇ ਲੀਏ ਬਿਨਾਂ ਦੀਏ ਹੀ ਭੋਗਤਾ ਹੈ ਵੋਹ ਨਿਸਚੇ ਚੋਰ ਹੈ ੧੨ ਤਾਂਤੇ ਸ੍ਰੀ ਗੀਤਾ ਜੀ ਵਿਚ ਵੀ ਦੇਵਤਿਆਂ ਦੀ ਪੂਜਾ ਮੰਡਨ ਹੁੰਦੀ ਹੈ।

ਜੇਕਰ ਇਥੇ ਕਿਹਾ ਜਾਵੇ ਕਿ, ਰਾਮ ਨਾਮ ਗਹੁ ਮੀਤਾ ॥ ਲਿਖ ਕੇ ਸਾਰੇ ਦੇਵੀ ਦੇਵਤਿਆਂ ਦਾ ਨਿਸ਼ੇਧ ਸਪਸ਼ਟ ਕੀਤਾ ਹੈ, ਤਾਂ ਨਾਮ ਦੇਵ ਜੀ ਨੇ, ਜਸਰਥ ਰਾਇ ਨੰਦੁ ਰਾਜਾ ਮੇਰਾ ਰਾਮ ਚੰਦੁ ਪ੍ਰਣਵੈ ਨਾਮਾ ਤਤੁ ਰਸੁ ਅੰਮ੍ਰਿਤੁ ਪੀਜੈ ॥ ਰਾਮਕਲੀ ਨਾਮ ਦੇਵਜੀ,ਅਤੇ ਇਸੇਮਾਲੀ ਗਉੜਾ ਨਾਮ ਦੇਵ ਜੀ ਵਿਚ, ਗਤੰਮ ਨਾਰਿ ਅਹਲਿਆ ਤਾਰੀ ਪਾਵਨ ਕੇਤਕ ਤਾਰੀਅਲੇ ॥ ਐਸਾ ਅਧਮੁ ਅਜਾਤਿ ਨਾਮ ਦੇਉ ਤਉ ਸਰਨਾਗਤਿ ਆਈਅਲੇ ॥ ਤ੍ਰੇਤੇ ਵਾਲੇ ਸ੍ਰੀ ਰਾਮ ਚੰਦਰ ਜੀ ਦੀ ਸ਼ਰਣ ਜਾਣਾ ਲਿਖਿਆ ਹੈ ਤਾਂ ਸ੍ਰੀ ਭਾਗ ਮਲ ਜੀ ਨੇ ਆਪਨੇ ਪੁਸਤਕ ਵਿਚ ਇਸੇ ਤ੍ਰੇਤੇ ਵਾਲੇ ਸ੍ਰੀ ਰਾਮ ਚੰਦਰ ਜੀ ਦੀ ਪੂਜਾ ਭੁਗੁੜੀ ਦਾ ਵੀ ਬਹੁਤ ਖੰਡਨ ਕੀਤਾ ਹੈ ਜੋ ਨਹੀਂ ੀ ਕਰਨਾ ਚਾਹੀਦਾ, ਤਾਂਤੇ ਸ੍ਰੀ ਭਾਗ ਮਲ ਜੀ ਆਪ ਵੀ ਸ੍ਰੀ ਮ ਦੇਵ ਜੀ ਦੀ ਉਪ੍ਰੋਕਤ ਉਚਰੀ ਹੋਈ ਬਾਣੀ ਉਤੇ ਕੋਈ ਵਿਸ਼ਵਾਸ਼ ਨਹੀਂ ਰਖਦੇ, ਜੇਕਰ ਵਿਸ਼ਵਾਸ਼ ਰਖਦੇ ਹੁੰਦੇ ਤਾਂ ਕਦੀ ਵੀ ਆਪਣੇ ਪੁਸਤਕ ਵਿਚ ਰਾਮ ਕ੍ਰਿਸ਼ਨ ਜੀ ਦੀ ਉਪਮਾਂ ਵਾਲੀ ਸ੍ਰੀ ਨਾਮ ਦੇਵ ਜੀ ਦੀ ਬਾਣੀ ਨੂੰ ਪਹਿਲੀ (ਜਹਾਲਤ) ਅਵਸਥਾ ਦੀ ਬਾਣੀ ਹੈ ਨਾਂ ਲਿਖਦੇ ਕਿਉਂਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਆਈ ਸਾਰੀ ਬਾਣੀ ਹੀ ਪਾਵਨ ਮੰਨੀ ਜਾਂਦੀ ਹੈ ਪ੍ਰੰਤੂ ਪ੍ਰਕਰਨ ਪੁਸ਼ਟੀ ਅਵਸਥਾ ਆਦਕ ਭੇਦ ਤੇਬਾਣੀ ਦੇ ਅਰਥ ਕਰਨੇ ਪੈਂਦੇ ਹਨ।

Digitized by Panjab Digital Library | www.panjabdigilib.org

ਸਾਖੀ ਪ੍ਰਿੰਟਿੰਗ ਪ੍ਰੈਸ ਕਟੜਾ ਰਾਮਗੜ੍ਹੀਆਂ [illegible]
ਵਿ[illegible] ਗੁਰਚਰਨ ਸਿੰਘ 'ਸਾਖੀ' ਦੇ ਪ੍ਰਬੰਧ ਹੇਠ
ਛਪੀ ਤੇ ਸ੍ਰੀ ਮੁਰਾਰੀ ਲਾਲ ਨਾਗਪਾਲ
ਸ੍ਰੀ ਕਰਨ ਪੁਰ ਨੇ ਪ੍ਰਕਾਸ਼ਤ ਕੀਤੀ।

Digitized by Panjab Digital Library | www.panjabdigilib.org

B-1269

Digitized by Panjab Digital Library | www.panjabdigilib.org

ਡਾਕ ਖਰਚ ਲਈ ≡)॥ ਆਨੇ ਭੇਜ ਕੇ ਹੇਠਾਂ
ਲਿਖੇ ਪਤਿਆਂ ਤੋਂ ਇਹ ਪੁਸਤਕ
ਮੁਫਤ ਮੰਗਵਾ ਸਕਦੇ ਹੋ—

**੧. ਮੁਰਾਰੀ ਲਾਲ ਨਾਂਗਪਾਲ**

ਸ੍ਰੀ ਕਰਨ ਪੁਰ (ਰਾਜਸਥਾਨ)

**੨. ਲਛਮਣ ਦਾਸ ਹਕੀਮ**

ਕਵਾਟਰ ਨੰ: ੨੯ ਕੇ. ਬਲਾਕ
ਹਕੀਕਤ ਨਗਰ ਸਹਾਰਨਪੁਰ
(ਉਤਰ ਪ੍ਰਦੇਸ਼)

੧) ਕੀਰਤਨ।
(੨) ਸੀਤਾ ਮਾਇਆ ਦਾ ਸੀਰ ਆਮਾਲੀ?